
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥


Monthly Atam Marg Magazine

July 2006

20/-


# ਆਤਮ ਮਾਰਗ



ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੇ 17 ਜੂਨ ਨੂੰ ਜਨਮ ਦਿਹਾੜੇ ਉਪਰ ਗੁਰੂ ਮਹਾਰਾਜ ਜੀ ਦੇ ਖੁਲ੍ਹੇ ਦਰਸ਼ਨਾਂ ਅਲੌਕਿਕ ਦ੍ਰਿ

ਸਾਲ ਬਾਰ੍ਹਵਾਂ ਅੰਕ ਚੌਥਾ, ਮਹੀਨਾ ਜੁਲਾਈ 2006
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ
ਫਾਊਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

**FOREIGN (ਵਿਦੇਸ਼) CONTACT NO.**

U.S.A. - Baba Satnam Singh ji Atwal
Phone and Fax : 408-263-1844
Canada - Bhai Sarmukh Singh Pannu
Phone - 604-433-0408
Bibi Sukhvinder Kaur Bains
Phone : 403-270-3387
England - Bibi Gurbax Kaur / Jagtar Singh Jagi
Phone : 0121-200-2818
Fax : 0121-200-2879, Raj Mobile : 07968734058
Holland - Bhai Amrik Singh ji
Phone : 624-695-753,
Fax : 765-426-805 /765-715-821
Australia - Bhai Jiwan Singh ji

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order & correspondence**
Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.
Office 'Atam Marg' Ph. No. - 0160-2255002, 2255009
Gurdwara Ishar Parkash Ratwara Sahib - 0160-2255001
For more information please visit us on internet at:-
,Email : atammarg1@yahoo.co.in
Website: www.ratwarasahib.org
www.atammarguk.com

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

# ਤੱਤਕਰਾ

1. ਸੰਪਾਦਕੀ 2
2. ਚਉਥੈ ਪਹਿਰ ਸਬਾਹ ਕੈ 5
3. ਸੰਤ ਬਿਮਲਾ ਸਿੰਘ ਜੀ 11
4. ਐਸੋ ਸਹਾਈ ਹਰਿ ਕੋ ਨਾਮ 22
5. ਸੰਤ ਮਹਾਰਾਜ ਜੀ ਦੇ ਸਰੀਰ ਧਾਰਨ ਦਿਵਸ ਤੇ ਵਿਸ਼ੇਸ 33
6. ਸਤਿ ਬਚਨ ਸਾਧੂ ਸਭ ਕਹਿ 50
7. ਰਿਸ਼ੀਆਂ ਮੁਨੀਆਂ ਦਾ ਬ੍ਰਹਮ ਗਿਆਨ 53
8. ਹਿਮਾਲੀਅਨ ਯੋਗੀ ਕਾ ਸੰਗ 60

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| 'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ | 9417214391,80,79 |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**

**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਸੰਪਾਦਕੀ

ਆਤਮ ਮਾਰਗ ਦੇ ਪਾਂਧੀਆਂ, ਨਾਮ-ਅਭਿਆਸੀਆਂ ਨੂੰ, ਕਈ ਵਾਰੀ ਐਸੀ ਦੁਬਿਧਾ ਆ ਬਣਦੀ ਹੈ ਤੇ ਉਹ ਜਾਣਨ ਲਈ ਬੇਹਬਲ ਹੁੰਦੇ ਹਨ ਕਿ ਮਨ ਕੀ ਚੀਜ਼ ਹੈ? ਆਤਮਾ ਦਾ ਮਨ ਤੇ ਬੁੱਧੀ ਨਾਲ ਕੀ ਸੰਬੰਧ ਹੈ? ਸਿਮਰਨ ਦੀਆਂ ਉਚੇਰੀਆਂ ਅਵਸਥਾਵਾਂ ਵਿਚ ਇਹ ਸਪਸ਼ਟ ਹੋ ਜਾਂਦਾ ਹੈ ਕਿ ਹਰੇਕ ਮਨੁੱਖ, ਬਲ ਕਿ ਹਰੇਕ ਕਿਰਤ ਅੰਦਰ ਪ੍ਰਭੂ-ਜੋਤਿ ਹੈ ਅਤੇ ਮਨੁੱਖ ਅੰਦਰ ਇਹ ਜੋਤਿ ਸਤਿ-ਚਿਤ-ਅਨੰਦ ਹੋ ਕੇ ਪ੍ਰਗਟ ਹੁੰਦੀ ਰਹਿੰਦੀ ਹੈ। ਇਹ ਪ੍ਰਭੂ ਦਾ ਪ੍ਰਕਾਸ਼ ਹੈ ਜਿਸ ਦੀ ਸੋਝੀ ਅਤੇ ਅਨੁਭਵ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ -

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਗੁਰ ਸਾਖੀ ਜੋਤਿ ਪਰਗਟੁ ਹੋਇ॥ ਅੰਗ - 13***

ਮਨੁੱਖ ਜਾਂ ਜੀਵਆਤਮਾ ਸਰੀਰ, ਮਨ, ਬੁੱਧੀ ਅਤੇ ਆਤਮਾ ਦਾ ਸੁਮੇਲ ਹੈ। ਆਤਮਾ ਚੇਤਨ ਸ਼ਕਤੀ ਹੈ, ਇਸ ਤੋਂ ਮਨ, ਬੁੱਧੀ, ਸਰੀਰ ਸ਼ਕਤੀ ਲੈ ਕੇ, ਚੇਤਨਤਾ ਲੈ ਕੇ ਕਿਰਿਆਸ਼ੀਲ ਹੁੰਦੇ ਹਨ। ਮਨ ਦਾ ਮੂਲ ਲੱਛਣ ਹਉਮੈ ਹੈ, ਭਾਵ ਮੈਂ, ਅਰਥਾਤ ਪ੍ਰਮਾਤਮਾ ਤੋਂ ਅਲੱਗ ਵੱਖਰੀ ਹੋਂਦ, ਹੰਗਤਾ ਅਤੇ ਮਮਤਾ ਦਾ ਅਨੁਭਵ, ਪ੍ਰਮਾਤਮਾ ਪਤੀ ਅਤੇ ਮਨੁੱਖੀ ਆਤਮਾ ਪਤਨੀ ਇਕ ਰੂਪ ਹਨ, ਇਕੋ ਥਾਂ ਵਸਦੇ ਹਨ ਪਰ ਦੋਨਾਂ ਦੇ ਵਿਚਕਾਰ 'ਹਉਮੈ ਦ੍ਰਸ਼ਟੀ' ਦੀਵਾਰ ਬਣ ਕੇ ਖੜ੍ਹੀ ਹੈ -

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ॥ ਅੰਗ - 1263***

ਜਪੁਜੀ ਵਿਚ ਇਸਨੂੰ 'ਕੂੜ ਦੀ ਦੀਵਾਰ' ਕਿਹਾ ਹੈ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਜਪੁਜੀ ਸਾਹਿਬ***

ਮਨ, ਬੁੱਧੀ, ਸਰੀਰ ਇਸ ਚੇਤਨ ਸ਼ਕਤੀ ਆਸਰੇ ਚਲ ਰਹੇ ਹਨ ਪਰ ਇਸ ਤੋਂ ਬੇਮੁੱਖ ਹੋ ਕੇ ਹਉਮੈ ਅਧੀਨ ਆਪਣਾ ਵੱਖਰਾ ਸੰਸਾਰ ਰਚ ਲੈਂਦੇ ਹਨ। ਮਨੁੱਖ ਆਮ ਤੌਰ ਤੇ ਮਨ, ਬੁੱਧੀ ਅਤੇ ਹਉਮੈ ਦੇ ਰਚੇ ਸੰਸਾਰ ਵਿਚ ਵਿਚਰਦਾ, ਕਿਰਿਆਸ਼ੀਲ ਹੁੰਦਾ, ਦੁਖ, ਸੁਖ ਭੋਗਦਾ ਹੈ। ਪੂਰਬਲੇ ਸੰਸਕਾਰ ਇਸ ਨੂੰ ਵਿਸ਼ੇਸ਼ ਕਰਮ ਕਰਨ ਲਈ ਪ੍ਰਭਾਵਿਤ ਕਰਦੇ ਹਨ। ਜੋ ਮਨੁੱਖ ਨੇ ਪੂਰਬਲੇ ਜਨਮਾਂ ਵਿਚ ਬੀਜਿਆ ਹੁੰਦਾ ਹੈ ਅਤੇ ਜੋ ਉਹ ਹੁਣ ਕਰਮਾਂ ਰਾਹੀਂ ਬੀਜਦਾ ਹੈ। ਓਹੋ ਕੁਝ ਉਸ ਨੂੰ ਪ੍ਰਾਪਤ ਹੁੰਦਾ ਹੈ। ਐਸਾ ਰੱਬੀ ਵਿਧਾਨ ਹੈ, ਹੁਕਮ ਹੈ ਜਿਸ ਅਨੁਸਾਰ ਮਨੁੱਖ ਦਾ ਜਨਮ ਮਰਣ (ਆਵਾਗੌਣ) ਹੁੰਦਾ ਹੈ -

***ਪੁੰਨੀ ਪਾਪੀ ਆਖਣੁ ਨਾਹਿ॥***
***ਕਰਿ ਕਰਿ ਕਰਣਾ ਲਿਖਿ ਲੈ ਜਾਹੁ॥***
***ਆਪੇ ਬੀਜਿ ਆਪੇ ਹੀ ਖਾਹੁ***
***ਨਾਨਕ ਹੁਕਮੀ ਆਵਹੁ ਜਾਹੁ॥ ਅੰਗ - 20***

ਮਨ ਦੀ ਆਪਣੀ ਕੋਈ ਹੋਂਦ, ਹਸਤੀ ਨਹੀਂ ਇਹ ਹਉਮੈ ਅਧੀਨ ਕੀਤੇ ਸੰਸਕਾਰਾਂ ਦਾ ਸਮੂਹ ਹੈ। ਬੁੱਧੀ ਉਪਰ ਵੀ ਮਨ ਦਾ ਰਾਜ ਹੈ, ਸਰੀਰ ਦੀ ਸਾਰੀ ਕਿਰਿਆ ਮਨ ਦੀ ਮਰਜ਼ੀ ਅਨੁਸਾਰ ਹੁੰਦੀ ਹੈ। ਇਹ ਮਨ ਹਾਥੀ ਵਾਂਗ ਫੈਲ ਕੇ ਬੜਾ ਬਲਵਾਨ ਹੋ ਗਿਆ ਹੈ, ਸਾਰੇ ਕਰਮ ਇੰਦਰੇ ਅਤੇ ਗਿਆਨ ਇੰਦਰੇ ਇਸ ਦੇ ਹੁਕਮ ਦੀ ਪਾਲਨਾ ਕਰਦੇ ਹਨ। ਇਹ ਬੜਾ ਚਤੁਰ ਚਾਲਾਕ ਬਣ ਕੇ ਰਾਜ ਕਰ ਰਿਹਾ ਹੈ। ਇਸ ਦੇ ਰਾਜ ਨੂੰ ਜਿੱਤਣਾ ਬੜਾ ਕਠਨਹੈ ਪਰ ਜੋ ਇਸ ਨੂੰ ਜਿੱਤ ਲੈਂਦਾ ਹੈ, ਮਾਨੋ ਉਹ ਸਾਰੇ ਜਗਤ ਨੂੰ ਜਿੱਤ ਲੈਂਦਾ ਹੈ -

***ਮਨਿ ਜੀਤੈ ਜਗੁ ਜੀਤੁ॥ ਅੰਗ - 28***

ਅਨੰਦ ਸਾਹਿਬ ਦੀਆਂ ਅਨੇਕ ਪਉੜੀਆਂ ਮਨ ਨੂੰ ਸੰਬੋਧਨ ਹਨ ਤਾਕਿ ਇਹ 'ਹਉਮੈ' ਦੇ ਵਿਹੁ-ਚੱਕਰ ਵਿਚੋਂ ਨਿਕਲ ਕੇ ਅੰਦਰ ਲਟ ਲਟ ਬਲਦੀ ਪ੍ਰਭੂ ਜੋਤਿ ਨਾਲ ਜਾ ਮਿਲੇ, ਜੋ ਉਸ ਦਾ ਮੂਲ ਹੈ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।।***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥***
***ਅੰਗ - 441***

ਅਨੰਦ ਸਾਹਿਬ ਵਿਚ ਮਨ ਨੂੰ ਬਾਰ-ਬਾਰ ਸਮਝਾਇਆ ਹੈ ਕਿ ਚਤੁਰਾਈਆਂ, ਚਲਾਕੀਆਂ, ਸਿਆਣਪਾਂ ਛੱਡ ਕੇ ਗੁਰੂ ਦੀ ਸਰਨ ਵਿਚ ਆ -

***ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥***
***ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥***
***ਅੰਗ - 918***

ਬੜੇ ਪਿਆਰ, ਭਰੋਸੇ ਅਤੇ ਦਿਲਾ ਦੇ ਕੇ ਸਮਝਾਇਆ ਹੈ -

***ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਅੰਗ 918***

ਇਹ ਸਚੁ ਚੇਤਨ ਸ਼ਕਤੀ ਹੈ, ਜੋ ਮਨੁੱਖ ਦੇ ਅੰਦਰ ਅਤੇ ਬਾਹਰ ਅਤਿ ਸੂਖਮ ਰੂਪ ਵਿਚ ਵਿਦਮਾਨ ਹੋ ਰਹੀ ਹੈ ਜਿਸ ਦੇ ਆਸਰੇ ਸਾਰਾ ਬ੍ਰਹਿਮੰਡ, ਸੂਰਜ, ਚੰਦ, ਸਿਤਾਰੇ, ਹਵਾਵਾਂ, ਮੀਂਹ ਝੱਖੜ, ਕਿਰਿਆਸ਼ੀਲ ਹਨ। ਇਸ ਚੇਤਨ ਸ਼ਕਤੀ ਨੂੰ ਰੱਬੀ ਹੁਕਮ ਅਤੇ ਰੱਬੀ-ਭੈ ਵੀ ਕਿਹਾ ਹੈ -

***ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥***
***ਕੋਹ ਕਰੋੜੀ ਚਲਤ ਨ ਅੰਤੁ॥ ਅੰਗ - 464***

ਇਸਨੂੰ ਨਾਮ ਦੀ ਸ਼ਕਤੀ ਵੀ ਕਿਹਾ ਹੈ -

***ਨਾਮ ਕੇ ਧਾਰੇ ਸਗਲੇ ਜੰਤ॥***

*ਨਾਮ ਕੇ ਧਾਰੇ ਖੰਡ ਬ੍ਰਹਮੰਡ॥* *ਅੰਗ - 284*

ਇਹ ਹਰਿ ਜੀ ਦੀ ਸਰਬ-ਵਿਆਪਕ ਸੂਖਮ-ਸਕਤੀ ਹੈ -

*ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਈ॥*
*ਅੰਗ - 736*

ਬਾਰ-ਮੁੱਖੀ ਸਾਧਨਾ ਰਾਹੀਂ, ਪਦਾਰਥਕ ਜਾਣਕਾਰੀ ਰਾਹੀਂ, ਸਾਇੰਸ ਦੀਆਂ ਕਾਢਾਂ ਰਾਹੀਂ ਅਸੀਂ ਬ੍ਰਹਿਮੰਡ ਦੇ ਤਾਰਿਆਂ ਸਤਾਰਿਆਂ ਬਾਰੇ ਕੁਝ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ, ਉਨ੍ਹਾਂ ਦੀ ਦੂਰੀ, ਹਰਕਤ, ਚਾਲ ਬਾਰੇ ਕੁਝ ਕੁਝ ਅਨੁਮਾਨ ਲਾ ਸਕਦੇ ਹਾਂ ਪਰ ਪੂਰੀ ਜਾਣਕਾਰੀ ਤਾਂ ਇਨ੍ਹਾਂ ਬਾਰੇ ਵੀ ਅਸੰਭਵ ਹੈ ਕਿਉਂਕਿ ਜਿੰਨੇ ਅਰਸੇ ਵਿਚ ਸਾਇੰਸ ਕਿਸੇ ਤਾਰੇ ਸਿਤਾਰੇ ਬਾਰੇ ਜਾਣਨ ਦੀ ਕੋਸ਼ਿਸ਼ ਕਰਦੀ ਹੈ, ਓਨੇ ਅਰਸੇ ਵਿਚ ਕਈ ਤਾਰੇ ਨਵੇਂ ਉਗਮ ਪੈਂਦੇ ਹਨ, ਕਿੰਨੇ ਹੀ ਦੂਰਬੀਨਾਂ ਦੀ ਪਕੜ ਤੋਂ ਦੂਰ-ਅਨੰਤ ਵਿਚ ਲੋਪ ਹੋ ਜਾਂਦੇ ਹਨ। ਪਾਰਬ੍ਰਹਮ ਦੀ ਚੇਤਨ-ਸੱਤਾ ਦਾ ਗਿਆਨ ਮਨ ਬੁੱਧੀ ਦਾ ਵਿਸ਼ਾ ਨਹੀਂ, ਇਹ ਗਿਆਨ ਬਾਹਰ-ਮੁਖੀ ਅੱਖਾਂ ਰਾਹੀਂ ਪ੍ਰਾਪਤ ਨਹੀਂ ਹੁੰਦਾ, ਇਸ ਦਾ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਗੁਰੂ ਅੰਦਰ ਦੀ ਅੱਖ, ਦਿਬ-ਦ੍ਰਿਸ਼ਟਿ ਬਖਸ਼ਿਸ਼ ਕਰਦਾ ਹੈ, ਮਨ ਮਗਰ ਲੱਗਿਆਂ ਨਹੀਂ, ਸਗੋਂ ਮਨ ਦੀ ਮਤ ਤਿਆਗ ਕੇ ਗੁਰੂ ਮਗਰ ਲੱਗਿਆਂ, ਗੁਰੂ ਦੀ ਮਤ ਧਾਰਨ ਕੀਤਿਆਂ ਹੀ ਅਦ੍ਰਿਸ਼ਟ ਅਗੋਚਰ, ਅਲਖੁ ਨਿਰੰਜਨ ਲਖਿਆ ਜਾਂਦਾ ਹੈ -

*ਅਦਿਸਟ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ॥* *ਅੰਗ - 87*

*ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ*
*ਘਰੈ ਅੰਦਰਿ ਸਚੁ ਪਾਇ॥* *ਅੰਗ - 603*

*ਗੁਰ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ॥*
*ਅੰਗ - 609*

ਗੁਰੂ ਜੀ ਮਾਰਗ ਦਰਸ਼ਨ ਕਰਦੇ ਹਨ, ਨਾਮ ਦੀ ਦਾਤ ਬਖਸ਼ਦੇ ਹਨ, ਸਿਮਰਨ ਵਿਧੀ ਦਸਦੇ ਹਨ ਜਿਸ ਨਾਲ ਸਭ ਦੁਖ, ਬਿਘਨ, ਕਲੇਸ਼ ਨਾਸ਼ ਹੁੰਦੇ ਹਨ ਅਤੇ ਅੰਦਰ ਸਹਜ, ਸੁਖ, ਅਨੰਦ, ਵਿਗਾਸ ਦੀ ਹਾਲਤ ਪ੍ਰਗਟ ਹੁੰਦੀ ਹੈ -

*ਨਾਨਕ ਭਗਤਾ ਸਦਾ ਵਿਗਾਸੁ*
*ਸੁਣੀਐ ਦੁਖ ਪਾਪ ਕਾ ਨਾਸੁ॥* *ਜਪੁਜੀ ਸਾਹਿਬ*

ਆਤਮ ਮਾਰਗ ਦੇ ਪਾਂਧੀ ਨੂੰ ਕੇਵਲ ਗੁਰੂ ਦੀ ਸ਼ਰਨ ਆਉਣ ਦੀ ਲੋੜ ਹੈ, ਗੁਰੂ, ਗੁਰਬਾਣੀ ਉਸ ਦਾ ਸਹੀ ਤੇ ਸੱਚਾ ਮਾਰਗ ਦਰਸ਼ਨ ਕਰਦੀ ਹੈ।

ਸੱਚਖੰਡਵਾਸੀ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੁਆਰਾ ਚਲਾਏ ਜਨ ਸਮੂੰਹ ਦੇ ਪ੍ਰਉਪਕਾਰ ਜਿਹੜੇ ਕਿ ਜੰਗਮ ਤੀਰਥ ਦਰਿਆ ਵਾਂਗੂੰ ਹਨ। ਜਿਥੇ ਰਤਵਾੜਾ ਸਾਹਿਬ ਤੋਂ ਇਹ ਪਿਛਲੇ 11 ਸਾਲਾਂ ਤੋਂ ਆਤਮ ਮਾਰਗ ਮੈਗਜ਼ੀਨ ਪ੍ਰਕਾਸ਼ਿਤ ਹੋ ਰਿਹਾ ਹੈ, ਜਿਸ ਨੇ ਆਤਮ ਮਾਰਗ ਤੇ ਚੱਲਣ ਵਾਲੇ ਲੱਖਾਂ ਜਗਿਆਸੂਆਂ ਨੂੰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਦਰਸਾਏ ਗਏ ਸਿਧਾਂਤ ਨੂੰ ਮੁੱਖ ਰੱਖਦਿਆਂ ਹੋਇਆਂ ਰੂਹਾਨੀਅਤ ਦਾ ਸਹੀ ਰਸਤਾ ਵਿਖਾਇਆ ਹੈ ਅਤੇ ਵਿਖਾ ਰਿਹਾ ਹੈ। ਅਨੇਕਾਂ ਜਗਿਆਸੂ ਇਸ ਮੈਗਜ਼ੀਨ ਤੋਂ ਦੇਸ਼ਾਂ ਵਿਦੇਸ਼ਾਂ ਵਿਚ ਬੈਠੇ ਲਾਹਾ ਪ੍ਰਾਪਤ ਕਰ ਰਹੇ ਹਨ, ਜਿਹੜਾ ਵੀ ਇਸ ਮੈਗਜ਼ੀਨ ਨੂੰ ਇਕ ਵਾਰ ਪੜ੍ਹ ਲੈਂਦਾ ਹੈ। ਉਸ ਦੇ ਸਾਰੇ ਜੀਵਨ ਵਿਚ ਤਬਦੀਲੀ ਆ ਜਾਂਦੀ ਹੈ ਅਤੇ ਆਤਮ ਮਾਰਗ ਰੂਹਾਨੀਅਤ ਦਾ ਰਸਤਾ ਅਪਨਾ ਕੇ, ਆਪਣਾ ਜੀਵਨ ਸਫਲ ਬਣਾ ਲੈਂਦਾ ਹੈ। ਦੇਸ਼ਾਂ ਵਿਦੇਸ਼ਾਂ ਵਿਚ ਬੈਠੇ ਪ੍ਰੇਮੀ ਇਸ ਦੀ ਸੇਵਾ ਨਿਭਾ ਰਹੇ ਹਨ। ਜਿਵੇਂ ਕਿ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਇਸ ਮੈਗਜ਼ੀਨ ਵਿਚ ਬਹੁਤ ਵੱਧ ਚੜ੍ਹ ਕੇ ਹਿੱਸਾ ਪਾ ਰਹੇ ਹਨ। ਕੋਈ ਪ੍ਰੇਮੀ ਇਸ ਦੇ ਨਵੇਂ ਮੈਂਬਰ ਬਣਾ ਕੇ ਅਤੇ ਕੋਈ ਇਸ ਦੇ ਪਹਿਲਾਂ ਬਣੇ ਮੈਂਬਰਾਂ ਦੀ ਰਿਨੀਊਵਲ ਕਰਵਾ ਕੇ ਅਤੇ ਪੰਜਾਬ ਦੇ ਕਈ ਜਿਲ੍ਹਿਆਂ ਵਿਚ ਤਾਂ ਇਸ ਦੀ ਸੇਵਾ ਘਰ ਘਰ ਪਹੁੰਚਾਉਣ ਦੀ ਸੇਵਾ ਹੱਥੀਂ ਕੀਤੀ ਜਾਂਦੀ ਹੈ ਮੈਗਜ਼ੀਨ ਵੰਡਣ ਵਾਲੇ ਪ੍ਰੇਮੀ ਆਪਣੇ ਘਰੇਲੂ ਕੰਮਾਂ ਵਿਚੋਂ ਸਮਾਂ ਕੱਢ ਕੇ ਘਰ ਘਰ ਜਾ ਕੇ ਇਸ ਦਾ ਵਿਤਰਣ ਕਰਦੇ ਹਨ ਅਤੇ ਆਪਣੇ ਸਮੇਂ ਅਤੇ ਸੁਆਸਾਂ ਨੂੰ ਸਫਲਾ ਬਣਾ ਰਹੇ ਹਨ। ਮਹਾਂਪੁਰਸ਼ਾਂ ਦੁਆਰਾ ਦਰਸਾਏ ਆਤਮ ਮਾਰਗ ਦੇ ਰਾਹ ਤੇ ਚਲਣ ਦੀ ਕੋਸ਼ਿਸ਼ ਕਰ ਰਹੇ ਹਨ। ਇਸੇ ਤਰ੍ਹਾਂ ਮਹਾਂਪੁਰਸ਼ਾਂ ਦੁਆਰਾ ਹੱਥ ਲਿਖਤ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਗੁਰਮਤਿ ਦੇ ਗੂੜ੍ਹ ਸਿਧਾਂਤਾਂ ਨੂੰ ਨਿਖਾਰਦੀਆਂ ਪੁਸਤਕਾਂ ਦੀ ਦੇਸ਼ਾਂ ਵਿਦੇਸ਼ਾਂ ਵਿਚ ਬਹੁਤ ਮੰਗ ਵੱਧ ਚੁਕੀ ਹੈ। ਇਨ੍ਹਾਂ ਨੂੰ ਅੱਗੇ ਵੰਡਣ ਦੀ ਸੇਵਾ, ਮਹਾਂਪੁਰਸ਼ਾਂ ਦੇ ਪ੍ਰਵਚਨ ਜੋ ਕਿ ਅਜੋਕੇ ਯੁਗ ਦੀ ਨਵੀਂ ਟੈਕਨੋਲੋਜੀ ਮੁਤਾਬਿਕ ਆਡੀਓ ਵੀਡੀਓ ਕੈਸਟਾਂ, ਡੀ.ਵੀ.ਡੀ, ਸੀ.ਡੀ. ਅਤੇ ਇਲਾਕੇ ਵਿਚ ਚਲ ਰਹੇ ਆਤਮ ਮਾਰਗ ਚੈਨਲ ਦੁਆਰਾ ਅਤੇ ਆਤਮ ਮਾਰਗ ਯੂ.ਕੇ. ਟਰਸਟ ਦੁਆਰਾ ਸੰਚਾਲਿਤ ਆਪਣਾ ਸਮਾਂ ਯੂ.ਕੇ ਅਨੁਸਾਰ ਨਿਰਧਾਰਤਿ ਕਰਕੇ ਹਰ ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ ਅਤੇ ਸੋਮਵਾਰ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ ਮਹਾਂਪੁਰਸ਼ਾਂ (ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ) ਦੇ ਪ੍ਰਵਚਨ ਸੁਣਾਏ ਜਾਂਦੇ ਹਨ ਲਾਹੇਵੰਦ ਪ੍ਰੇਮੀ ਲਾਹਾ ਪ੍ਰਾਪਤ ਕਰ ਸਕਦੇ ਹਨ।

ਇਸੇ ਤਰ੍ਹਾਂ ਹੀ ਇਸ ਮੈਗਜ਼ੀਨ ਦੇ ਨਾਲ ਨਾਲ ਗੁ. ਰਤਵਾੜਾ ਸਾਹਿਬ ਤੋਂ ਮਹਾਂਪੁਰਖਾਂ ਦੇ ਧਰਮ ਸੁਪਤਨੀ ਪਰਮ ਸਤਿਕਾਰ ਯੋਗ ਬੀਜੀ ਰਣਜੀਤ ਕੌਰ ਜੀ ਦੀ ਸਰਪ੍ਰਸਤੀ ਹੇਠ ਸੰਤ ਬਾਬਾ ਹਰਪਾਲ ਸਿੰਘ ਜੀ ਜਿਹੜੇ ਕਿ ਦਿਨ ਰਾਤ

ਮਹਾਂਪੁਰਸ਼ਾਂ ਦੇ ਚਲਾਏ ਰਾਹ ਅਨੁਸਾਰ

**ਗੁਰਮੁਖ ਗਾਡੀ ਰਾਹ ਚਲਾਇਆ....**

ਆਪ ਚਲ ਰਹੇ ਮਿਸ਼ਨ ਦੇ ਪਰਉਪਕਾਰ ਹਿੱਤ ਕਾਰਜ ਜਿਵੇਂ ਕਿ ਰਤਵਾੜਾ ਸਾਹਿਬ ਵਿਖੇ ਹਰ ਐਤਵਾਰ, ਪੂਰਨਮਾਸ਼ੀ, ਸੰਗਰਾਂਦ ਨੂੰ ਆਪ ਕੀਰਤਨ ਕਰਦੇ ਹਨ, ਇਲਾਕੇ ਵਿਚ ਚਲ ਰਹੇ ਆਸਾ ਜੀ ਦੀ ਵਾਰ ਦੇ ਕੀਰਤਨ, ਹਸਪਤਾਲ, ਸਕੂਲ, ਕਾਲਜ, ਰਤਵਾੜਾ ਸਾਹਿਬ ਵਿਖੇ ਬਣ ਰਹੇ ਸਰੋਵਰ, ਖੇਤੀ, ਡੇਅਰੀ ਫਾਰਮ, ਚਲ ਰਹੇ ਅਖੰਡਪਾਠ ਸਾਹਿਬ ਦੇ ਪ੍ਰਵਾਹ, ਗੁਰਦੁਆਰਾ ਰਤਵਾੜਾ ਸਾਹਿਬ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੁਆਰਾ ਚਲਾਈ ਮਰਿਆਦਾ ਅੰਮ੍ਰਿਤਵੇਲੇ 3.00 ਵਜੇ ਤੋਂ ਸਵੇਰੇ 6.00 ਵਜੇ ਤੱਕ ਅਤੇ ਸ਼ਾਮ 5.00 ਤੋਂ ਰਾਤ 8.00 ਵਜੇ ਤੱਕ, ਪਰਉਪਕਾਰੀ ਸੇਵਾ ਸਿਮਰਨ ਦੇ ਕਾਰਜ ਬਹੁਤ ਹੀ ਚੜ੍ਹਦੀ ਕਲਾ ਵਿਚ ਹੋ ਰਹੇ ਹਨ। ਦੇਸ਼ਾਂ ਵਿਦੇਸ਼ਾਂ ਤੋਂ ਆਉਣ ਵਾਲੇ ਮਹਾਂਪੁਰਸ਼ਾਂ ਦੇ ਪ੍ਰੇਮੀ ਜਿਨ੍ਹਾਂ ਦੀ ਰਿਹਾਇਸ਼ ਲਈ ਗੁ. ਰਤਵਾੜਾ ਸਾਹਿਬ ਵਿਖੇ ਪੂਰਾ ਪ੍ਰਬੰਧ ਹੈ। ਮਹਾਂਪੁਰਸ਼ਾਂ ਦੀ ਚਲਾਈ ਪ੍ਰਪਾਟੀ ਪਰੰਪਰਾ ਨੂੰ ਅੱਗੇ ਤੋਰਨ ਲਈ ਸਾਰੇ ਹੀ ਤੱਤਪਰ ਹਨ।

ਪਿਛਲੇ ਦਿਨੀ ਮਹਾਂਪੁਰਸ਼ਾਂ ਦੇ ਨਾਮ ਰਤਵਾੜਾ ਸਾਹਿਬ ਵਿਖੇ ਚਲ ਰਹੇ ਸਕੂਲ "ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਐਫੀਲੀਏਟਿਡ ਪੰਜਾਬ ਸਕੂਲ ਸਿੱਖਿਆ ਬੋਰਡ ਪੰਜਾਬ ਦੇ ਅੱਠਵੀਂ ਕਲਾਸ ਦੇ ਸਾਰੇ ਬੱਚਿਆਂ ਨੇ ਪਾਸ ਹੋ ਕੇ ਚੰਗੇ ਨੰਬਰ ਲੈ ਕੇ ਇਲਾਕੇ ਦੇ ਸਕੂਲਾਂ ਵਿਚ ਪਹਿਲਾਂ ਅਸਥਾਨ ਪ੍ਰਾਪਤ ਕੀਤਾ ਹੈ। ਇਹ ਸਕੂਲ ਇਲਾਕੇ ਦੇ 20 ਕਿਲੋਮੀਟਰ ਦੇ ਬੱਚਿਆਂ ਦੇ ਭਵਿਖ ਨੂੰ ਉਚਾ ਚੁਕਣ ਲਈ ਖੋਲ੍ਹਿਆ ਗਿਆ ਹੈ, ਜਿਸ ਵਿਚ ਅੱਧੀ ਫੀਸ ਲੈ ਕੇ ਹੀ ਬੱਚਿਆਂ ਨੂੰ ਇੰਗਲਿਸ਼ ਮੀਡਿਅਮ ਵਿਚ ਵਿਦਿਆ ਪ੍ਰਦਾਨ ਕੀਤੀ ਜਾਂਦੀ ਹੈ। ਜਦ ਕਿ ਗੁਰਦੁਆਰਾ ਸਾਹਿਬ ਵੱਲੋਂ ਇਸ ਦੇ ਘਾਟੇ ਜਿਵੇਂ ਕਿ ਟ੍ਰਾਂਸਪੋਰਟ, ਬਿਲਡਿੰਗ ਫੰਡ ਅਤੇ ਗਰੀਬ ਬੱਚਿਆਂ ਦੀ ਪੜ੍ਹਾਈ ਹੋਰ ਖਰਚੇ ਪੂਰੇ ਕਰਨ ਲਈ ਬਹੁਤ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਇਹ ਸਕੂਲ ਗੁਰੂ ਮਹਾਰਾਜ ਜੀ ਦੀ ਮੇਹਰ ਸਦਕਾ ਦਿਨ ਪ੍ਰਤੀ ਦਿਨ ਤਰੱਕੀ ਦੇ ਰਾਹ ਤੇ ਤੁਰਦਾ ਹੋਇਆ ਅੱਗੇ ਵਧ ਰਿਹਾ ਹੈ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਜੋ ਕਿ ਸੀ.ਬੀ.ਐਸ.ਈ ਦਿੱਲੀ ਦੁਆਰਾ ਮਾਨਤਾ ਪ੍ਰਾਪਤ ਹੈ। ਇਸ ਸਕੂਲ ਵਿਚ ਰਤਵਾੜਾ ਸਾਹਿਬ ਸਾਹਿਬ ਦੇ ਨਾਲ ਲੱਗਦੇ ਚੰਡੀਗੜ੍ਹ ਸ਼ਹਿਰ ਵਿਚੋਂ ਅਧਿਆਪਕ ਆ ਕੇ ਬੱਚਿਆਂ ਨੂੰ ਵਿਦਿਆ ਪ੍ਰਦਾਨ ਕਰਾ ਰਹੇ ਹਨ ਇਹ ਸਕੂਲ ਅਗਲੇ ਸਾਲ 10+2 ਜਮਾਤ ਤੱਕ ਹੋ ਜਾਵੇਗਾ ਅਤੇ ਆਉਣ ਵਾਲੇ ਸਮੇਂ ਦੌਰਾਨ ਇਸ ਵਿਚ ਬੱਚਿਆਂ ਦੀ ਰਿਹਾਇਸ਼ ਲਈ ਹੋਸਟਲ ਬਾਰੇ ਸਕੀਮਾਂ ਚੱਲ ਰਹੀਆਂ ਹਨ ਤਾਂ ਕਿ ਦੇਸ਼ਾਂ ਵਿਦੇਸ਼ਾਂ ਵਿਚ ਰਹਿਣ ਵਾਲੇ ਇਸ ਸੰਸਥਾਂ ਨਾਲ ਜੁੜੇ ਹੋਏ ਪ੍ਰੇਮੀ ਆਪਣੇ ਬੱਚਿਆਂ ਨੂੰ ਇਥੇ ਰੂਹਾਨੀਅਤ ਅਤੇ ਦੁਨੀਆਵੀ ਵਿਦਿਆ ਪ੍ਰਾਪਤ ਕਰਾ ਕੇ ਆਪਣੇ ਜੀਵਨ ਨੂੰ ਮਹਾਂਪੁਰਸ਼ਾਂ ਦੇ ਦਰਸਾਏ ਰਾਹ ਤੇ ਚਲਣ ਲਈ ਯੋਗ ਬਣਾਉਣ, ਆਉਣ ਵਾਲੇ ਸਮੇਂ ਦੁਰਾਅਨ ਇਸ ਸਕੂਲ ਦੇ ਐਜੂਕੇਸ਼ਨ ਟੂਰ ਤੇ ਬੱਚੇ ਵਿਦੇਸ਼ਾਂ ਵਿਚ ਜਾਣਗੇ ਅਤੇ ਉਥੋਂ ਦੀ ਵਿਦਿਆ ਗ੍ਰਹਿਣ ਕਰਕੇ ਸਿਧੇ ਹੀ ਉਥੇ ਜਾ ਕੇ ਨੌਕਰੀਆਂ ਕਰ ਸਕਣਗੇ ਗੱਲ ਕੀ ਰਤਵਾੜਾ ਸਾਹਿਬ ਸੰਸਥਾ ਜਿੰਦਗੀ ਦੇ ਹਰ ਪੱਖ ਨੂੰ ਲੈ ਕੇ ਜਨ ਸਮੂੰਹ ਦੇ ਪ੍ਰਉਪਕਾਰ ਵਾਸਤੇ ਹਰ ਸਮੇਂ ਸੋਚ ਰਹੀ ਹੈ।

ਪਿਛਲੇ ਦਿਨੀ ਦੱਖਣੀ ਭਾਰਤ ਤਾਮਿਲਨਾਡੂ ਨਾਗਾਪਟਨਮ ਜਿਲੇ ਦੇ ਸਿਰਾਕਾਲੀ ਸ਼ਹਿਰ ਵਿਚੋਂ ਜਿਥੇ ਟਰਸਟ ਰਤਵਾੜਾ ਸਾਹਿਬ ਵੱਲੋਂ 26 ਦਸੰਬਰ 2004 ਵਿਚ ਆਈਆਂ ਸਮੁੰਦਰੀ ਸੁਨਾਮੀ ਲਹਿਰਾਂ ਦਾ ਕਹਿਰ ਵਰਤਿਆ ਲੱਖਾਂ ਬੰਦੇ ਸਮੁੰਦਰੀ ਲਹਿਰਾਂ ਦੀ ਭੇਂਟ ਚੜ੍ਹ ਗਏ, ਪਿੰਡਾਂ ਦੇ ਪਿੰਡ ਤਬਾਹ ਹੋ ਗਏ ਅਤੇ ਬਹੁਤ ਲੋਕ ਬੇਘਰੇ ਹੋ ਗਏ। ਉਥੇ ਰਤਵਾੜਾ ਸਾਹਿਬ ਵੱਲੋਂ ਤਕਰੀਬਨ ਡੇਢ ਮਹੀਨੇ ਗੁਰੂ ਕੇ ਲੰਗਰਾਂ ਦੀ ਅਤੇ ਘਰ ਵਿਚ ਕੰਮ ਆਉਣ ਵਾਲੀਆਂ ਹਰ ਤਰ੍ਹਾਂ ਦੀਆਂ ਵਸਤਾਂ ਦੀ ਜਿਵੇਂ ਕਿ ਰਾਸ਼ਣ, ਕਪੜੇ, ਭਾਂਡੇ, ਮਕਾਨ ਬਣਾਉਣ, ਸਕੂਲਾਂ ਵਿਚ ਬੱਚਿਆਂ ਨੂੰ ਕਿਤਾਬਾਂ ਦੀ, ਹਰ ਤਰ੍ਹਾਂ ਦੀ ਸੇਵਾ ਨਿਭਾਈ ਗਈ, ਜਿਸ ਦਾ ਅਸਰ ਇਹ ਹੋਇਆ ਕਿ ਉਥੇ ਰਹਿਣ ਵਾਲੇ ਪ੍ਰੇਮੀਆਂ ਵਿਚ ਸੇਵਾ ਭਾਵ ਦੀ ਜਾਗ ਲੱਗੀ ਇਸ ਸਾਲ ਉਸ ਇਲਾਕੇ ਵਿਚ ਹੜ੍ਹ ਆ ਗਏ ਤੇ ਹੁਣ ਉਥੋਂ ਪ੍ਰੇਮੀਆਂ ਨੇ ਬੇਘਰੇ ਹੋਏ ਪ੍ਰੇਮੀਆਂ ਦੀ ਸਹਾਇਤਾ ਬਹੁਤ ਵਧ ਚੜ੍ਹ ਕੇ ਕੀਤੀ, ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਉਨ੍ਹਾਂ ਦੇ ਪਿਆਰ ਨੂੰ ਦੇਖਦੇ ਹੋਏ 20 ਦਿਨ੍ਹਾਂ ਦੀ ਪ੍ਰਚਾਰ ਫੇਰੀ ਕੀਤੀ ਗਈ ਜਿਸ ਵਿਚ ਸੈਂਕੜੇ ਪ੍ਰੇਮੀ ਆਤਮ ਮਾਰਗ ਹਿੰਦੀ ਦੇ ਮੈਂਬਰ ਬਣੇ।

ਉਥੋਂ ਉਨ੍ਹਾਂ ਰਤਵਾੜਾ ਸਾਹਿਬ ਸੰਸਥਾ ਵੱਲੋਂ ਦਿਤਾ ਪਿਆਰ ਭੁਲਾਇਆ ਨਹੀਂ ਗਿਆ ਸਿਰਕਾਲੀ ਦੇ ਪੁਰਾਣੇ ਸਮੇਂ ਵਿਚ ਰਹਿ ਚੁਕੇ ਰਾਜਾ ਬਾਲਾ ਸੁਬਰਾਮਨੀਅਮ ਦੇ ਸਪੁੱਤਰ ਸੇਡਿਲਨਾਥਨ ਜੀ, ਸ੍ਰੀ ਪਦਮ ਭਾਈ ਜੀ ਵੀ ਰਤਵਾੜਾ ਸਾਹਿਬ ਦੀ ਧਰਤੀ ਤੇ ਨਤਮਸਤਕ ਹੋਣ ਲਈ ਪਹੁੰਚੇ ਅਤੇ ਉਨ੍ਹਾਂ ਨੇ ਚਲ ਰਹੇ ਇਸ ਸੇਵਾ ਦੇ ਪ੍ਰਵਾਹ ਵਿਚ ਵੀ ਯੋਗਦਾਨ ਪਾਇਆ ਅਤੇ ਰਤਵਾੜਾ ਸਾਹਿਬ ਵਿਖੇ ਚਲ ਰਹੇ ਪ੍ਰਉਪਕਾਰ ਦੇ ਕਾਰਜਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਚਿਤ ਆਪਣੇ ਵਤਨਾਂ ਵੱਲ ਫੇਰੇ ਪਾਏ ਆਉਣ ਵਾਲੇ 17 ਜੂਨ (ਮਹਾਂਪੁਰਸ਼ਾਂ ਦੇ ਪ੍ਰਕਾਸ਼ ਦਿਹਾੜੇ ਤੇ) ਦੇ ਸਮਾਗਮ ਤੇ ਵੀ ਹਾਜ਼ਰੀ ਭਰਨ ਲਈ ਕਿਹਾ ਅਤੇ ਲੰਗਰ ਦੀ ਸੇਵਾ ਮੰਗੀ।

******

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

ਗੁਰੂ ਮਹਾਰਾਜ ਦੀ ਕੋਈ ਖਾਸ ਕ੍ਰਿਪਾ ਹੀ ਹੈ ਕਿ ਐਹੋ ਜਿਹਾ ਮੌਸਮ, ਠੰਢ ਵੀ ਪੈ ਰਹੀ ਹੈ, ਧੁੰਦ ਵੀ ਪੈ ਰਹੀ ਹੈ, ਘਰਾਂ ਤੋਂ ਚੱਲ ਕੇ ਅੰਮ੍ਰਿਤ ਵੇਲੇ ਦੋ ਵਜੇ ਦੂਰ-ਦੂਰ ਤੋਂ ਸਰਦੀ ਦੀ ਪ੍ਰਵਾਹ ਨ ਕਰਦਿਆਂ ਸਤਸੰਗ ਮੰਡਲ ਵਿਚ ਪਹੁੰਚਣਾ ਕਿਸੇ ਸੂਰਮੇ ਦਾ ਹੀ ਕੰਮ ਹੋਇਆ ਕਰਦਾ ਹੈ। ਗੁਰੂ ਮਹਾਰਾਜ ਦੀ ਮਿਹਰ ਹੀ ਹੋਇਆ ਕਰਦੀ ਹੈ ਉਨ੍ਹਾਂ ਪ੍ਰੇਮੀਆਂ ਤੇ, ਜਿਸਦੇ ਬਾਰੇ ਫੁਰਮਾਨ ਹੈ ਕਿ ਝੱਖੜ ਚਲਦੇ ਹੋਣ, ਮੀਂਹ ਵਰਸਦੇ ਹੋਣ, ਫੇਰ ਵੀ ਗੁਰੂ ਦੀ ਸ਼ਰਨ ਵਿਚ ਆ ਜਾਣ। ਸਮੁੰਦ ਸਾਗਰ ਹੋਵੇ, ਗੁਰਸਿੱਖ ਲੰਘ ਕੇ ਆ ਜਾਂਦਾ ਹੈ। ਸਾਰਿਆਂ ਦੇ ਭਾਗ ਵਿਚ ਇਹ ਬਾਤ ਨਹੀਂ ਆਉਂਦੀ ਕਿਉਂਕਿ ਸਤਿਸੰਗ ਕਰਨਾ ਤਾਂ ਬਹੁਤ ਵਧੀਆ ਹੈ, ਇਹਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ। ਕੋਈ ਇਹਦੀ ਕੀਮਤ ਨਹੀਂ ਜਾਣਦਾ ਐਡਾ ਵੱਡਾ ਫਲ ਅੰਮ੍ਰਿਤ ਵੇਲੇ ਜਾਗਣ ਦਾ ਤੇ ਹਰੀ ਜਸ ਸੁਨਣ ਦਾ ਹੁੰਦਾ ਹੈ ਪਰ ਸੰਸਾਰ ਦੇ ਉਤੇ ਐਨੀਆਂ ਮੈਲ ਦੀਆਂ ਤਹਿਆਂ ਜੰਮ ਗਈਆਂ ਕਿ ਉਹਨੂੰ ਖਿਆਲ ਤੱਕ ਵੀ ਨਹੀਂ ਆਉਂਦਾ ਕਿ ਕੋਈ ਲਾਹਾ ਖੱਟ ਲਈਏ। ਪੈਸੇ ਟਕੇ ਦੀ ਬਾਤ ਹੋਵੇ ਆਦਮੀ ਦੌੜਿਆ ਜਾਂਦਾ ਹੈ। ਕੋਈ ਹੋਰ ਨਾਚ ਗਾਉਣਾ ਹੋਵੇ, Night ਹੁੰਦੀ ਹੋਵੇ, ਸਾਰੀ ਰਾਤ ਬੈਠੇ ਰਹਿਣਗੇ ਤੇ ਇਨ੍ਹਾਂ ਕਰਮਾਂ ਦਾ ਫਲ ਦੁੱਖ ਹੋਇਆ ਕਰਦਾ ਹੈ। ਸੁਖ, ਇਹਦੇ ਵਿਪਰੀਤ ਸਾਧੂ ਦੀ ਸੰਗਤ ਵਿਚ ਆਉਣਾ, ਗੁਰੂ ਦੀ ਸੰਗਤ ਕਰਨੀ, ਉਹਦੇ ਨਾਲ ਹੁੰਦਾ ਹੈ।

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹ ਸੰਸਾਰ ਅੰਨ੍ਹੇ ਖੂਹ ਦੇ ਵਿਚ ਡੁਬਦਾ ਫਿਰਦਾ ਹੈ, ਗੋਤੇ ਖਾਂਦਾ ਹੈ - ਅੰਨ੍ਹੇ ਖੂਹ 'ਚ, ਜਿਥੇ ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ, ਹੱਥ ਮਾਰਿਆਂ ਆਪਣੇ ਬੇਗਾਨੇ ਦੀ ਪਹਿਚਾਣ ਨਹੀਂ ਹੁੰਦੀ ਤੇ ਅਰਦਾਸ ਕੀਤੀ ਹੈ ਕਿ ਹੇ ਪ੍ਰਭੂ! ਇਸ ਅੰਧ ਕੂਪ ਦੇ ਵਿਚੋਂ ਗਿਰਿਆਂ ਹੋਇਆਂ ਨੂੰ ਸਾਨੂੰ ਕੱਢ। ਉਹਦੇ ਕੱਢਣ ਦਾ ਇਹੀ ਸੁਖਾਲਾ ਤਰੀਕਾ ਹੈ ਕਿ ਪਉੜੀ ਮਿਲ ਜਾਵੇ ਸਤਸੰਗ ਦੀ, ਹੱਥ ਪੈ ਜਾਵੇ ਇਹਨੂੰ ਹਨ੍ਹੇਰੇ ਖੂਹ ਵਿਚੋਂ; ਫੇਰ ਆਦਮੀ ਹੌਲੀ-ਹੌਲੀ ਨਿਕਲ ਆਉਂਦਾ ਹੈ। ਆਦਮੀ ਦੁੱਖੀ ਹੈ ਸੁਖੀ ਨਹੀਂ ਹੋ ਸਕਦਾ। ਸੁਖੀ ਹੋਣ ਦਾ ਮਹਾਰਾਜ ਜੀ ਨੇ ਇਸ ਹੁਕਮਨਾਮੇ ਦੇ ਅੰਦਰ ਫੁਰਮਾਨ ਕੀਤਾ ਹੈ ਕਿ ਜਦੋਂ ਆਦਮੀ ਆਪਣੀ ਅਪਣੱਤ ਦੇ ਵਿਚ ਆਉਂਦਾ ਹੈ, 'ਮੈਂ' ਕਹਿੰਦਾ ਹੈ, 'ਮੈਂ' ਨੂੰ ਪੱਠੇ ਪਾਉਂਦਾ ਹੈ, 'ਮੈਂ' ਦੇ ਵਿਚ ਰਹਿੰਦਾ ਹੈ ਫੇਰ ਇਸਨੂੰ ਸਾਰੀਆਂ ਹੀ ਬਿਮਾਰੀਆਂ ਚਿੰਬੜ ਜਾਂਦੀਆਂ ਹਨ। ਜਿੰਨੇ ਵੀ ਦੁਨੀਆਂ ਭਰ ਦੇ ਵਿਘਨ, ਜਿੰਨੀਆਂ ਵੀ ਪ੍ਰੇਸ਼ਾਨੀਆਂ, ਜਿੰਨੀਆਂ frustrations ਹਨ, ਜਿੰਨੇ ਘਾਟੇ, ਇਹਨੂੰ ਚਿੰਬੜਦੇ ਹੀ ਚਲੇ ਜਾਂਦੇ ਨੇ, ਜਿਉਂ-ਜਿਉਂ 'ਮੈਂ' ਕਹਿੰਦਾ ਹੈ। ਜਦ 'ਮੈਂ' ਕਹਿੰਦੈ, ਇਹਦੇ ਨਾਲ ਕਰਮ ਚਿੰਬੜਨੇ ਸ਼ੁਰੂ ਹੋ ਜਾਂਦੇ ਨੇ - ਚੰਗੇ ਕਰਮ ਵੀ ਤੇ ਮਾੜੇ ਕਰਮ ਵੀ। ਜਦੋਂ 'ਮੈਂ' ਵਿਚੋਂ ਕਹਿੰਦਾ ਹੈ ਕਿ ਹੁਕਮ ਹੈ ਵਾਹਿਗੁਰੂ ਦਾ, ਤਾਂ ਇਹ ਗੱਲ ਉਤੋਂ-ਉਤੋਂ ਹੀ ਕਹਿੰਦਾ ਹੈ, ਅੰਦਰ 'ਮੈਂ' ਕਰਦਾ ਹਾਂ, ਮੈਂ ਕੀਤਾ ਹੈ ਦੀ ਭਾਵਨਾ ਹੋਇਆ ਕਰਦੀ ਹੈ। ਅੰਦਰੋਂ ਨਹੀਂ ਕਹਿੰਦਾ। ਮਹਾਰਾਜ ਕਹਿੰਦੇ ਹਨ -

***ਏਕ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥***
***ਅੰਗ - 930***

ਹੈਗੇ ਤਾਂ ਹਉਮੈ ਵਿਚ ਪਰ ਮੂੰਹ ਦੇ ਨਾਲ ਇਕ-ਇਕ ਕਹੀ ਜਾਂਦੇ ਨੇ। ਜਿੰਨੀ ਦੇਰ ਤੱਕ ਇਹ ਅਵਸਥਾ ਹੈ ਓਨੀ ਦੇਰ ਤੱਕ ਗੱਲ ਬਣਦੀ ਨਹੀਂ ਹੈ। ਸੋ ਓਨਾਂ ਚਿਰ ਪ੍ਰੇਸ਼ਾਨੀਆਂ ਨਹੀਂ ਹਟਦੀਆਂ, ਜੰਮਣ ਮਰਨ ਨਹੀਂ ਹਟਦਾ, ਪਾਪ ਪੁੰਨ ਦਾ ਬੀਜ ਨਹੀਂ ਮਰਦਾ ਤੇ ਜਿੰਨਾਂ ਚਿਰ ਪਾਪ ਤੇ ਪੁੰਨ ਦਾ Seed (ਬੀਜ) ਨਹੀਂ ਖਤਮ ਹੁੰਦਾ ਓਨੀ ਦੇਰ ਤੱਕ ਆਦਮੀ ਜੰਮਦਾ ਰਹੇਗਾ, ਮਰਦਾ ਰਹੇਗਾ, ਵਿਛੜਦਾ ਰਹੇਗਾ, ਮਿਲਦਾ ਰਹੇਗਾ, frustrate ਹੁੰਦਾ ਰਹੇਗਾ, ਕ੍ਰੋਧ 'ਚ ਆਏਗਾ, ਕਿਉਂਕਿ 'ਮੈਂ' ਹੈ ਉਹਦੇ ਅੰਦਰ। ਸੋ 'ਮੈਂ' ਸਾਰੀਆਂ ਚੀਜ਼ਾਂ ਦਾ ਮੂਲ ਹੈ। 'ਮੈਂ' ਦੇ ਵਿਚ ਮੋਟੀਆਂ ਤਿੰਨ ਚੀਜ਼ਾਂ ਹੁੰਦੀਆਂ ਨੇ - ਇਕ ਮਨ ਹੁੰਦਾ ਹੈ, ਇਕ ਤਨ ਹੁੰਦਾ ਹੈ, ਇਕ ਧਨ ਹੁੰਦਾ ਹੈ। ਇਹ ਤਿੰਨਾਂ ਚੀਜ਼ਾਂ ਨੂੰ 'ਮੇਰੀ' ਕਹਿੰਦਾ ਹੈ। ਮੇਰਾ ਮਨ, ਮੇਰਾ ਤਨ, ਮੇਰਾ ਧਨ; ਮੇਰੀ ਦੇ ਨਾਲ, ਇਹਦੀਆਂ ਤਿੰਨਾਂ ਚੀਜ਼ਾਂ ਵਿਚ ਦੁੱਖ ਭਰੇ ਪਏ ਨੇ, ਬੇਅੰਤ ਦੁੱਖ ਨੇ। ਇਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹਦਾ ਇਕੋ ਇਕ ਤਰੀਕਾ ਹੈ, ਜੇ ਕਿਸੇ ਨੂੰ ਇਹ ਸਚਮੁੱਚ ਸੋਝੀ ਪੈ ਜਾਵੇ ਤੇ ਇਹ ਮੰਨ ਲਵੇ ਗੁਰੂ ਦੇ ਬਚਨ ਨੂੰ, ਫੇਰ ਇਹ ਉਸੇ ਵੇਲੇ ਸੁਖੀ ਹੋ ਸਕਦਾ ਹੈ। ਉਹ ਇਹ ਹੈ ਕਿ ਇਸ 'ਮੈਂ, ਮੇਰੀ' ਦੀ ਛਿਟ ਨੂੰ ਲਾਹ ਕੇ ਗੁਰੂ ਦੇ ਚਰਨਾਂ 'ਚ ਧਰ ਦਿਓ। ਤਿੰਨ ਚੀਜ਼ਾਂ ਨੇ - ਮਨ ਹੈ ਮੇਰਾ,

ਤਨ ਹੈ ਤੇ ਧਨ ਹੈ। ਤਿੰਨਾਂ ਨੂੰ ਲਾਹ ਕੇ, 'ਮੇਰੇ' ਨੂੰ ਲਾਹ ਦਿਓ ਫੇਰ ਬਾਕੀ ਕੀ ਰਹਿ ਗਿਆ? ਬਾਕੀ ਇਕ ਹੋਂਦ ਜਿਹੀ ਰਹਿ ਜਾਂਦੀ ਹੈ ਪਿਛੇ, ਜਿਹਨੂੰ 'ਮੈਂ' ਕਹਿ ਲਓ। ਜਦੋਂ ਹੋਂਦ ਨੂੰ ਅਸੀਂ ਦੇਖਦੇ ਹਾਂ ਇਹ ਹੋਂਦ ਸੱਚੀ ਨਹੀਂ ਹੈ, ਇਹਦੀ ਜੜ੍ਹ ਕੋਈ ਨਹੀਂ ਹੈ। ਇਹ ਨਿਰੰਕਾਰ ਦੀ ਸਤਾ ਦੇ ਨਾਲ 'ਮੈਂ' ਬਣੀ ਹੋਈ ਹੈ। ਜਦੋਂ ਤਿੰਨ ਚੀਜ਼ਾਂ ਅਤੇ 'ਮੇਰੀ' ਲਹਿ ਗਈ ਇਹਦੀ, ਫੇਰ ਅੱਧਾ ਖਾਤਮਾ ਹੋ ਗਿਆ ਏਹਦੇ ਦੁਖਾਂ ਦਾ, ਤੇ ਜਿਸ ਵਕਤ ਇਹਨੂੰ ਇਹ ਗਿਆਨ ਹੋ ਗਿਆ ਕਿ ਮੈਂ ਤਾਂ ਸਾਖੀ ਸਰੂਪ ਹਾਂ ਸਰੀਰ ਦਾ, ਦੇਖਣ ਵਾਲਾ ਹਾਂ। ਐਹੋ ਜਿਹੇ ਕਰੋੜਾਂ ਸਰੀਰਾਂ ਦੇ ਵਿਚੋਂ ਮੈਂ ਘੁੰਮ ਕੇ ਆਇਆ ਹਾਂ, ਕਿਉਂ ਘੁੰਮਦਾ ਫਿਰਦਾ ਹਾਂ ਮੈਂ, ਕਿਉਂਕਿ ਮੇਰੇ ਗਲੋਂ ਇਹ ਗੱਲ 'ਮੈਂ ਤੇ ਮੇਰੀ' ਦੀ ਸੂਝ ਨਹੀਂ ਲਹਿੰਦੀ। ਕਿਉਂ ਮੈਂ ਟਿਕ ਕੇ ਨਹੀਂ ਬੈਠਦਾ? ਤੇ ਉਸ ਵੇਲੇ ਖਿਆਲ ਆਉਂਦਾ ਹੈ ਮਹਾਂਪੁਰਸ਼ ਦਸਦੇ ਹਨ ਕਿ ਗੱਲ ਕੋਈ ਨਹੀਂ ਹੈ, ਤੈਨੂੰ ਪਰਮ ਅਵਸਥਾ ਪ੍ਰਾਪਤ ਹੋਣ ਦਾ ਇਕੋ ਇਕ ਸਾਧਨ ਹੈ ਕਿ ਤੂੰ ਹੰਗਤਾ ਤੇ ਮਮਤਾ ਇਹ ਚੀਜ਼ਾਂ ਲਾਹੁਣੀਆਂ ਸ਼ੁਰੂ ਕਰ। ਪਹਿਲਾਂ ਤਾਂ ਮੋਟਾ ਜਿਹਾ ਹਿਸਾਬ ਹੈ, ਗੁਰੂ ਕੋਈ ਬੇ-ਇਨਸਾਫੀ ਨਹੀਂ ਕਰਦਾ। ਜੇ ਅਸੀਂ ਗੁਰੂ ਨੂੰ ਦੇ ਦੇਈਏ, 'ਮੈਂ' ਵੀ ਦੇ ਦੇਈਏ, ਤਨ ਦੇ ਦੇਈਏ, ਮਨ ਦੇ ਦੇਈਏ, ਧਨ ਦੇ ਦੇਈਏ; ਤਿੰਨਾਂ ਦੇ ਵਿਚ ਕੀ ਹੁੰਦਾ ਹੈ ਜਿਹੜਾ ਮਨ ਆਦਿ ਦਾ ਸੰਗ੍ਰਹਿ ਹੈ ਇਹਨੂੰ ਅੰਤਸ਼ਕਰਣ ਕਹਿੰਦੇ ਨੇ। ਕਿਉਂਕਿ ਮਨ ਤਾਂ ਜਿਹੜਾ ਹੈ ਫੁਰਨੇ ਕਰਨ ਵਾਲਾ ਹੈ, ਬੁੱਧੀ ਵੀ ਜਿਹੜੀ ਹੈ ਇਹ ਵੀ ਬਹੁਤ ਖਰਾਬ ਕਰਦੀ ਹੈ ਆਦਮੀ ਨੂੰ। ਜਿੰਨਾਂ ਚਿਰ ਆਦਮੀ ਬੁੱਧੀ ਦੇ ਵਿਚ ਹੈ ਓਨਾਂ ਚਿਰ 'ਮੈਂ' ਉਹਦੇ ਨਾਲ ਹੈ। ਉਹਦੇ ਨਾਲ ਮੇਰੀ ਬੁੱਧੀ ਹੈ, ਮੇਰਾ ਚਿਤ ਹੈ। ਜਦੋਂ ਇਹ ਸਾਰੀਆਂ ਚੀਜ਼ਾਂ ਨੂੰ ਚੁੱਕ ਕੇ ਗੁਰੂ ਦੇ ਚਰਨਾਂ 'ਚ ਦੇ ਦੇਵੇਗਾ-

***ਤਨੁ ਸੰਤਨ ਕਾ ਧਨੁ ਸੰਤਨ ਕਾ***
***ਮਨੁ ਸੰਤਨ ਕਾ ਕੀਆ॥*** ***ਅੰਗ - 610***

ਜਦੋਂ ਇਮਾਨਦਾਰੀ ਨਾਲ ਕਰ ਦਿਤਾ, ਉਸ ਵੇਲੇ ਆਪਣਾ ਤਾਂ ਫੇਰ ਕੁਛ ਵੀ ਬਾਕੀ ਨਹੀਂ ਬਚਦਾ। ਫੇਰ ਉਹਦੀ ਅਵਸਥਾ, ਬੈਠ ਕੇ ਕਦੇ ਅਭਿਆਸ ਕਰਕੇ ਦੇਖਿਓ, ਸਭ ਕੁਛ ਦੇ ਦਿਓ ਗੁਰੂ ਨੂੰ - 'ਮੈਂ' ਸਾਖੀ ਸਮੇਤ, ਆਪ ਦੇਖਿਓ ਕਿ ਅਸੀਂ ਬਾਕੀ ਕੀ ਰਹਿੰਦੇ ਹਾਂ ਪਿਛੇ। ਉਸ ਵੇਲੇ ਗੁਰੂ ਕ੍ਰਿਪਾ ਕਰਕੇ ਪੂਰਨ ਗਿਆਨ ਹੋ ਜਾਇਆ ਕਰਦਾ ਹੈ - ਥੋੜ੍ਹੀ ਜਿਹੀ ਦੇਰ ਦੇ ਅੰਦਰ, ਕਿਉਂਕਿ ਫੇਰ ਗੁਰੂ ਮਿਹਰ ਕਰਦਾ ਹੈ। ਗੁਰੂ ਕੋਈ stone (ਪੱਥਰ) ਨਹੀਂ ਹੈ ਕਿ ਇਹ ਤੁਹਾਡੀਆਂ ਚੀਜ਼ਾਂ ਲੈ ਕੇ ਤੁਹਾਨੂੰ ਕੁਛ ਨਹੀਂ ਦੇਵੇਗਾ। ਤੁਹਾਨੂੰ ਉਹ ਚੀਜ਼ ਦਏਗਾ ਜਿਹੜੀ ਗੁਰੂ ਦੇ ਕੋਲ ਹੋਇਆ ਕਰਦੀ ਹੈ ਲੇਕਿਨ ਉਹਦੇ ਵਿਚ 'ਮੈਂ' ਫੇਰ ਫਸ ਜਾਂਦੀ ਹੈ। ਜਦੋਂ ਅਸੀਂ 'ਮੈਂ' ਨੂੰ ਵੀ ਦੇ ਦਿੰਦੇ ਹਾਂ ਫੇਰ ਪਰਮ ਅਨੰਦ ਹੋ ਜਾਇਆ ਕਰਦਾ ਹੈ, ਪਰਮ ਮੌਨ ਹੋ ਜਾਇਆ ਕਰਦਾ ਹੈ। ਇਹ ਗੱਲਾਂ ਸਮਝਣੀਆਂ ਥੋੜ੍ਹੀਆਂ ਜਿਹੀਆਂ ਔਖੀਆਂ ਨੇ, ਅਭਿਆਸ ਦੇ ਨਾਲ ਸਮਝ 'ਚ ਆਉਂਦੀਆਂ ਨੇ।

ਰਾਜਾ ਜਨਕ ਬਹੁਤ ਦੁਖੀ ਹੋ ਰਿਹਾ ਸੀ। ਅੱਠ ਸਾਲ ਤੋਂ ਇਕ ਸੁਪਨੇ ਦੇ ਨਾਲ ਪੀੜਿਤ ਸੀ। ਨਾ ਤਾਂ ਕਿਸੇ ਨੂੰ ਦੱਸਦਾ ਸੀ ਕਿ ਮੈਨੂੰ ਕੀ ਹੋ ਗਿਆ ਹੈ, ਕੀ ਮੈਂ ਪੁਛਣਾ ਚਾਹੁੰਦਾ ਹਾਂ ਤੇ ਉਹਦਾ ਦਿਮਾਗ ਨਾ ਤਾਂ ਚੰਗੀ ਤਰ੍ਹਾਂ ਸੁਚੇਤ ਸੀ, ਨਾ ਪੂਰੀ ਤਰ੍ਹਾਂ ਪਾਗਲ ਸੀ। ਵਿਚ-ਵਿਚਾਲੇ ਦੋਹਾਂ ਦੇ ਆ ਗਿਆ ਤੇ ਇਕ ਐਸਾ ਅਧਿਆਸ ਬੈਠ ਗਿਆ ਕਿ ਜੋ ਭਿਆਨਕ ਸੁਪਨਾ ਦੇਖਿਆ, ਰਾਜ ਭਾਗ ਜਾਂਦਾ ਦੇਖਿਆ, ਲੋਕਾਂ ਕੋਲੋਂ ਬੇਇਜ਼ਤੀ ਹੁੰਦੀ ਦੇਖੀ ਤੇ ਆਪਣੀ ਹੱਦ ਤੋਂ ਜ਼ਿਆਦਾ ਗਰੀਬੀ ਦੀ ਹਾਲਤ ਦੇਖੀ, ਮਜ਼ਬੂਰੀ ਦੀ ਹਾਲਤ ਦੇਖੀ ਤੇ ਦੂਸਰੇ ਪਾਸੇ ਤਖਤ ਤੇ ਬੈਠਾ ਹੈ-

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ***
***ਸੋ ਗਤਿ ਭਈ ਹਮਾਰੀ॥*** ***ਅੰਗ- 658***

ਰਾਜ ਤਾਂ ਉਹਦੇ ਕੋਲ ਸੀਗਾ ਲੇਕਿਨ ਰਾਜ ਹੁੰਦੇ ਹੋਏ ਵੀ ਉਹਨੂੰ ਇਹ ਅਧਿਆਸ ਹੋ ਗਿਆ ਕਿ ਮੇਰਾ ਰਾਜ ਜਾਂਦਾ ਰਿਹਾ ਤੇ ਹੁਣ ਮੈਂ ਜਿਹੜੀ ਅਵਸਥਾ ਦੇ ਵਿਚ ਹਾਂ, ਮੈਂ ਜਿਹੜਾ ਜਾਗ ਕੇ ਲੋਕਾਂ ਨਾਲ ਗੱਲ ਕਰਦਾ ਹਾਂ ਕਿਤੇ ਇਹ ਸੁਪਨਾ ਤਾਂ ਨਹੀਂ ਹੈ? ਇਹ ਸੱਚਾ ਹੈ ਕਿ ਉਹ ਸੱਚਾ ਹੈ? ਇਹ ਫੈਸਲਾ ਨਹੀਂ ਕਰ ਸਕਦਾ, ਅੱਠ ਸਾਲ ਲੰਘ ਗਏ। ਵੱਡੇ-ਵੱਡੇ ਵਿਦਵਾਨ ਸਾਰੇ ਭਾਰਤ ਵਰਸ਼ ਦੇ ਮੰਗਾ ਲਏ। ਬਹੁਤ ਸੇਵਾ ਕਰਦਾ ਹੈ। ਖਾਤਰ ਬਹੁਤ ਜ਼ਿਆਦਾ ਕਰਦਾ ਹੈ। ਪਿਛੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਪੈਸੇ ਭੇਜਦਾ ਹੈ ਜਿਥੇ-ਜਿਥੇ ਤੋਂ ਵਿਦਵਾਨ ਆਏ ਨੇ, ਲੇਕਿਨ ਇਹ ਬੇਨਤੀ ਕਰਦਾ ਹੈ ਕਿ ਮਹਾਰਾਜ! ਜਦ ਤੱਕ ਤੁਸੀਂ ਮੇਰੇ ਇਸ ਸਵਾਲ ਦਾ ਜਵਾਬ ਨਹੀਂ ਦਿੰਦੇ, ਓਨੀ ਦੇਰ ਤੱਕ ਤੁਸੀਂ ਜਾ ਨਹੀਂ ਸਕਦੇ।

ਸੋ ਇੱਕ ਬੁੱਧੀਵਾਨ ਬਾਲਕ, ਜਿਸਦੇ ਅੰਦਰ ਕੁਦਰਤੀ ਤੌਰ ਤੇ ਪ੍ਰਕਾਸ਼ ਸੀ। ਛੋਟੀ ਜਿਹੀ ਉਮਰ ਦਾ, ਅੱਠ-ਨੌਂ ਸਾਲ ਦਾ ਜਾਂ ਦਸ ਸਾਲ ਦਾ, ਕਿਸ਼ੋਰ ਅਵਸਥਾ ਦਾ ਬਾਲਕ ਲਿਖਿਆ ਹੈ ਕਿ ਉਸਨੇ ਜਦ ਗੱਲ ਸੁਣੀ ਤੇ ਨਾਲ ਇਹ ਵੀ ਸੁਣਿਆ ਕਿ ਉਹ ਨਾਲ ਇਕ ਸਵਾਲ ਕਰਦਾ ਹੈ ਕਿ 'ਇਹ ਸੱਚਾ ਕਿ ਉਹ ਸੱਚਾ?' ਉਸ ਵੇਲੇ ਕਹਿਣ ਲੱਗਿਆ ਇਹ ਤਾਂ ਕੋਈ ਗੱਲ ਹੀ ਨਹੀਂ ਹੈ। ਐਡੇ-ਐਡੇ ਵਿਦਵਾਨ ਬੈਠੇ ਨੇ ਭਾਰਤਵਰਸ਼ ਦੇ, ਜਿੰਨ੍ਹਾਂ ਦੇ ਵੱਡੇ-ਵੱਡੇ ਭਾਸ਼ ਲਿਖੇ ਹੋਏ ਨੇ- ਵੇਦਾਂ ਤੇ, ਸਿਮਤੀਆਂ ਤੇ, ਉਪਨਿਸ਼ਦਾਂ ਤੇ;

ਉਹ ਇਹ ਨਿੱਕੀ ਜਿਹੀ ਗੱਲ ਦਾ ਜਵਾਬ ਕਿਉਂ ਨਹੀਂ ਦੇ ਸਕਦੇ? ਮਾਂ ਨੂੰ ਕਹਿਣ ਲੱਗਿਆ ਕਿ ਮੈਨੂੰ ਭੇਜ। ਪਾਲਕੀ ਤਿਆਰ ਕਰਾ ਕੇ ਰਾਜਾ ਜਨਕ ਦੀ ਰਾਜਧਾਨੀ ਮਿਥਲਾਪੁਰੀ 'ਚ ਆ ਜਾਂਦਾ ਹੈ। ਉਥੇ ਆ ਕੇ ਉਹਨੇ ਕਿਹਾ ਕਿ ਮੈਂ ਸਵਾਲ ਦਾ ਜਵਾਬ ਦੇਣ ਆਇਆ ਹਾਂ। ਛੋਟਾ ਜਿਹਾ ਬੱਚਾ ਹੈ, ਸਰੀਰ ਵਿਚ ਅੱਠ ਵਲ ਪੈਂਦੇ ਨੇ। ਸਭਾ ਲੱਗ ਜਾਂਦੀ ਹੈ। ਜਿਸ ਵਕਤ, ਸਭਾ ਲੱਗੀ ਤੋਂ ਬਾਅਦ ਇਹ ਬੱਚਾ ਸਿੰਘ ਦੁਆਰ ਪਉੜ ਦੇ ਉਤੋਂ ਚੜ੍ਹ ਕੇ ਰਾਜ ਦਰਬਾਰ ਵਿਚ ਨੂੰ ਆਉਂਦਾ ਹੈ ਤਾਂ ਇਹਦੇ ਸਰੀਰ ਵਿਚ ਅੱਠ ਵਲ ਪੈਂਦੇ ਨੇ। ਝਾਕਦਾ ਕਿਧਰੇ ਨੂੰ ਹੈ, ਪੈਰ ਕਿਸੇ ਪਾਸੇ ਨੂੰ ਰਖਦਾ ਹੈ, ਹੱਥ ਕਿਧਰੇ ਨੂੰ ਹਿਲਾਉਂਦਾ ਹੈ ਤੇ ਏਸ ਤਰ੍ਹਾਂ ਦੇ ਨਾਲ ਕਦੇ ਕੋਈ ਅੰਗ ਹਿਲਦਾ ਹੈ, ਕਦੇ ਕੋਈ ਅੰਗ ਹਿਲਦਾ ਹੈ - ਸਰੀਰ ਦਾ। ਇਹ ਦੇਖ ਕੇ ਜਿੰਨੀ ਸਭਾ ਬੈਠੀ ਸੀ - ਵੱਡੇ-ਵੱਡੇ ਮਹਾਂਪੁਰਸ਼ਾਂ ਦੀ, ਜਿਨ੍ਹਾਂ ਦੇ ਮਨ ਵਿਚ ਹੁਣ ਤੋਂ ਥੋੜ੍ਹੀ ਦੇਰ ਪਹਿਲਾਂ ਇਹ ਸ਼ਰਧਾ ਸੀ, ਜਗਿਆਸਾ ਸੀ ਕਿ ਉਹ ਬੱਚਾ ਕਿਹੜਾ ਹੋਇਆ, ਜਿਹੜਾ ਐਡਾ ਵੱਡਾ ਪ੍ਰਸ਼ਨ ਹੱਲ ਕਰ ਦਏਗਾ ਜਿਹੜਾ ਸਾਡੇ ਤੋਂ ਨਹੀਂ ਹੋ ਰਿਹਾ? ਅੱਠ ਸਾਲ ਤੋਂ ਅਸੀਂ ਲਗਾਤਾਰ ਇਕੱਠੇ ਹੋ ਕੇ ਮੀਟਿੰਗਾਂ ਕਰਦੇ ਹਾਂ, ਗੋਸ਼ਟੀਆਂ ਕਰਦੇ ਹਾਂ ਤੇ ਕਿਸੇ ਨੂੰ ਵੀ ਇਹਦਾ ਜਵਾਬ ਨਹੀਂ ਆ ਰਿਹਾ ਤੇ ਇਹ ਬੱਚਾ ਕਿਵੇਂ ਦੇ ਦੇਵੇਗਾ? ਬੜੀ ਭਾਰੀ ਸਾਰਿਆਂ ਦੇ ਮਨਾਂ 'ਚ ਜਗਿਆਸਾ ਸੀ ਲੇਕਿਨ ਉਸ ਬੱਚੇ ਦੀ ਜਦ ਸ਼ਕਲ ਦੇਖੀ ਤੇ ਉਹਦੇ ਸਰੀਰ ਨੂੰ ਵਿੰਗ ਪੈਂਦਾ ਦੇਖਿਆ, ਉਸ ਵੇਲੇ ਸਾਰਿਆਂ ਦੇ ਬੁੱਲ੍ਹਾਂ ਤੇ ਹਾਸਾ ਆ ਗਿਆ ਤੇ ਉੱਚੀ ਹੱਸ ਪਏ, ਖਿੜ-ਖਿੜਾ ਕੇ ਹੱਸ ਪਏ। ਹੱਸਣ ਦੀ ਦੇਰ ਸੀ ਤਾਂ ਅਸ਼ਟਾਵਕਰ ਨੇ ਸਮਝ ਲਿਆ ਕਿ ਏਸ ਸਭਾ ਦੇ ਅੰਦਰ ਕੋਈ ਆਤਮ ਦਰਸ਼ੀ ਨਹੀਂ ਬੈਠਾ, ਸਾਰੇ ਚਰਮ ਦਰਸ਼ੀ ਬੈਠੇ ਨੇ। ਜੋ ਚਰਮ ਦਰਸ਼ੀ ਪੁਰਸ਼ ਹੋਇਆ ਕਰਦਾ ਹੈ, ਉਸਨੂੰ ਚਮੜੇ ਦਾ ਵਪਾਰੀ ਆਖਿਆ ਜਾਂਦਾ ਹੈ। ਏਸ ਗੱਲ ਨੂੰ ਅਨੁਭਵ ਕਰਕੇ ਕਿ ਇਹ ਸਭਾ ਵਿਦਵਾਨਾਂ ਦੀ ਨਹੀਂ ਹੈ ਇਹ ਤਾਂ ਸਾਰੀ ਅਗਿਆਨੀਆਂ ਦੀ ਸਭਾ ਹੈ। ਉਸ ਵੇਲੇ ਇਹ ਵੀ ਹੱਸਣ ਲੱਗ ਗਿਆ। ਹੋਰ ਤਰ੍ਹਾਂ ਤੇ ਨਾਲ ਹੱਸਣ ਲੱਗਿਆ। ਜਾਂਦੇ-ਜਾਂਦੇ ਕਹਿਣ ਲੱਗਿਆ, "ਰਾਜਨ! ਐਹ ਚਮੜੇ ਦੇ ਵਪਾਰੀਆਂ ਦੇ ਨਾਲ ਤੂੰ ਅੱਠ ਸਾਲ ਦਾ ਲੱਗਿਆ ਹੋਇਆ ਹੈ? ਇਹਨਾਂ ਨੇ ਤੇਰਾ ਕੀ ਮਸਲਾ ਹੱਲ ਕਰਨਾ ਸੀ, ਇਹ ਤਾਂ ਸਾਰੇ ਹੀ ਚਰਮ ਦ੍ਰਿਸ਼ਟੀ ਵਾਲੇ ਨੇ।" ਐਨੀ ਗੱਲ ਜਿਸ ਵਕਤ ਉਨ੍ਹਾਂ ਵਿਦਵਾਨਾਂ ਦੇ ਹਿਰਦੇ 'ਚ ਗਈ, ਸਾਰੇ ਕ੍ਰੋਧਿਤ ਹੋ ਗਏ, ਆਪਣੇ ਆਸਣਾਂ ਤੋਂ ਉਠ ਕੇ ਖੜ੍ਹੇ ਹੋ ਗਏ। ਕੋਈ ਬਾਂਹ ਉਚੀ ਕਰਕੇ ਕਹਿ ਰਿਹਾ ਹੈ, ਕੋਈ ਦੂਜੀ ਤਰ੍ਹਾਂ ਬੋਲ ਰਿਹਾ ਹੈ, ਸਾਰਿਆਂ ਦੇ ਅੰਦਰ ਬੋਲ ਬੁਲਾਰਾ ਹੋ ਗਿਆ ਕਿ ਆਹ ਬੱਚਾ! ਇਹ ਸਾਡੀ ਬੇਇਜ਼ਤੀ ਕਰਨ ਵਾਸਤੇ ਐਥੇ ਬੁਲਾਇਆ ਹੈ? ਕੋਈ ਕਹੇ ਅਸੀਂ ਸਰਾਪ ਦੇਨੇ ਹਾਂ, ਕੋਈ ਕੁਛ ਕਹੇ, ਕੋਈ ਕੁਛ। ਰਾਜੇ ਨੂੰ ਕਹਿਣ ਲੱਗੇ, "ਹੇ ਰਾਜਨ! ਐਸ ਵੇਲੇ ਸਭਾ ਦੀ ਮਰਿਆਦਾ ਨੂੰ ਦੇਖਦੇ ਹੋਏ ਅਸੀਂ ਬਹੁਤਾ ਨਹੀਂ ਬੋਲਣਾ ਚਾਹੁੰਦੇ ਪਰ ਇਹ ਤੇਰੇ ਨਮਿਤ ਹੈ ਕਿ ਤੂੰ ਏਸ ਬੱਚੇ ਨੂੰ ਦੰਡ ਦੇਹ ਕਿਉਂਕਿ ਇਸ ਨੇ ਬੜੀ ਭਾਰੀ ਸਾਡੀ ਬੇਇਜ਼ਤੀ ਕਰੀ ਹੈ ਤੇ ਸਾਨੂੰ ਚਰਮ-ਦ੍ਰਿਸ਼ਟੀ, ਚਮਾਰ ਦੇ ਸ਼ਬਦ ਨਾਲ ਸੰਬੋਧਿਤ ਕਰਕੇ ਇਹਨੇ ਸਾਰੇ ਵਿਦਵਾਨਾਂ ਦੀ Insult (ਬੇਇਜ਼ਤੀ) ਕੀਤੀ ਹੈ।"

ਉਸ ਵੇਲੇ ਰਾਜਾ ਜਨਕ ਨੇ, ਕਿਉਂਕਿ ਸਵਾਲ ਦਾ ਜਵਾਬ ਲੈਣਾ ਸੀ ਏਸ ਕਰਕੇ ਉਹਨੇ ਕਿਹਾ, "ਬ੍ਰਹਮ ਰਿਸ਼ੀ ਜੀ! ਆਪ ਵੀ ਸੁਣ ਰਹੇ ਹੋ ਤੇ ਮੈਂ ਵੀ ਸੁਣ ਰਿਹਾ ਹਾਂ ਤੇ ਸਾਰੇ ਰਿਸ਼ੀ-ਗਣ, ਮਹਾਂਪੁਰਸ਼ ਬੈਠੇ ਨੇ ਇਨ੍ਹਾਂ ਦੇ ਮਨ ਵਿਚ ਆਪ ਦਾ ਸ਼ਬਦ ਸੁਣਨ ਤੋਂ ਬਾਅਦ ਬੜਾ ਭਾਰਾ ਖੇਦ ਹੋਇਆ ਹੈ ਤੇ ਇਸ ਖੇਦ ਕਰਕੇ ਇਹ ਸਾਰੇ ਬੋਲ-ਕਬੋਲ ਬੋਲ ਰਹੇ ਹਨ। ਬਹੁਤ ਜ਼ਿਆਦਾ ਕ੍ਰੋਧਿਤ ਹੋਏ ਹੋਏ ਨੇ, ਆਪ ਕ੍ਰਿਪਾ ਕਰੋ ਤੇ ਇਨ੍ਹਾਂ ਨੂੰ ਸ਼ਾਂਤ ਕਰੋ ਤੇ ਆਪ ਏਸ ਗੱਲ ਦਾ ਨਿਰਨਾ ਕਰਕੇ ਦੱਸੋ ਕਿ ਆਪ ਨੇ ਇਸ ਸ਼ਬਦ ਦਾ ਪ੍ਰਯੋਗ ਕਿਉਂ ਕੀਤਾ? ਕਹਿਣ ਲੱਗੇ, "ਰਾਜਨ! ਮੈਂ ਬਿਲਕੁਲ ਸਹੀ ਪ੍ਰਯੋਗ ਕੀਤਾ ਹੈ, ਇਹ ਆਪਣੀ ਬੁੱਧੀ ਤੇ ਮਨਾਂ ਵਿਚ ਵਿਚਾਰ ਕਰਨ। ਦੇਖੋ, ਮੈਂ ਆਇਆ, ਤੇ ਇਹ ਹੱਸੇ ਕਿਉਂ ਨੇ? ਪਹਿਲਾਂ ਇਹਨਾਂ ਨੂੰ ਪੁੱਛੋ, ਪਹਿਲਾਂ ਕਿਉਂ ਨਹੀਂ ਹੱਸੇ, ਮੈਨੂੰ ਦੇਖ ਕੇ ਕਿਉਂ ਹੱਸੇ? ਤੇ ਮੈਂ ਆਪਣੇ ਮਨ ਵਿਚ ਇਹ ਜਾਣਿਆਂ ਕਿ ਜਿਹੜਾ ਮੇਰਾ Vehicle ਹੈ, ਸਰੀਰ ਹੈ ਜਿਸਨੂੰ ਮੈਂ ਤੁਹਾਡੇ ਕੋਲ ਲੈ ਕੇ ਆਇਆਂ ਤੇ ਇਹ ਸਰੀਰ ਦੇ ਵਿਚ ਵਲ ਪਏ ਹੋਏ ਨੇ ਤੇ ਮੇਰੀ ਸ਼ਕਲ ਕੋਈ ਸੁੰਦਰ ਨਹੀਂ ਹੈ, ਕਰੂਪ ਸ਼ਕਲ ਹੈ ਤੇ ਕੁਦਰਤੀ ਤੌਰ ਤੇ ਆਦਮੀ ਨੂੰ ਹਾਸਾ ਆਉਂਦਾ ਹੈ। ਅਗਿਆਨੀ ਹੱਸ ਲੈਣ ਕੋਈ ਬਾਤ ਨਹੀਂ ਹੁੰਦੀ ਕਿਉਂਕਿ ਉਹ ਤਾਂ ਹੈ ਹੀ ਅਗਿਆਨੀ, ਅੰਨ੍ਹੇ ਨੇ, ਅੰਨ੍ਹਿਆਂ ਦਾ ਗੁੱਸਾ ਨਹੀਂ ਕਰਿਆ ਕਰਦਾ ਸਿਆਣਾ ਬੰਦਾ, ਪਰ ਮੈਨੂੰ ਇਹ ਸੀ ਕਿ ਮੈਂ ਜਿਸ ਸਭਾ ਦੇ ਵਿਚ ਜਾ ਰਿਹਾ ਹਾਂ ਉਹ ਬਹੁਤ ਵੱਡੇ ਭਾਰਤ ਵਰਸ਼ ਦੇ ਵਿਦਵਾਨਾਂ ਦੀ ਸਭਾ ਹੈ। ਵੱਡੇ-ਵੱਡੇ ਰਿਸ਼ੀ-ਮੁਨੀ, ਜਿਨ੍ਹਾਂ ਦੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਆਏਗੀ ਤੇ ਮੈਂ ਉਨ੍ਹਾਂ ਦੇ ਦਰਸ਼ਨਾਂ ਲਈ ਪੂਰੀ ਸ਼ਰਧਾ ਦੇ ਨਾਲ ਆ ਰਿਹਾ ਹਾਂ ਪਰ ਜਿਸ ਵਕਤ ਇਨ੍ਹਾਂ ਨੇ ਹਾਸਾ ਕਰਿਆ ਤਾਂ ਮੇਰੇ ਮਨ ਦੇ ਅੰਦਰ ਮੇਰਾ ਨਿਹਚਾ ਜਿਹੜਾ ਸੀ ਉਹਨੂੰ ਠੇਸ ਲੱਗੀ ਤੇ ਮੇਰੇ ਜਿੰਨੇ ਖਿਆਲ ਬਣੇ ਹੋਏ ਸੀ - ਇਨ੍ਹਾਂ ਦੀ ਵਿਦਵਤਾ ਵਾਸਤੇ, ਉਹ ਸਾਰੇ ਵਿਪਰੀਤ ਹੋ ਗਏ ਤੇ ਮੈਂ

ਮਨ ਵਿਚ ਖਿਆਲ ਕਰਿਆ ਕਿ ਇਨ੍ਹਾਂ ਨੂੰ ਇਹ ਨਹੀਂ ਪਤਾ - ਐਡੇ-ਐਡੇ ਵਿਦਵਾਨਾਂ ਨੂੰ, ਕਿ ਸਰੀਰ ਦੇ ਵਿਚ ਆਤਮਾ ਹੋਇਆ ਕਰਦੀ ਹੈ। ਆਤਮਾ ਦੇ ਵਿਚ ਤਾਂ ਕੋਈ ਵਲ ਨਹੀਂ ਹੋਇਆ ਕਰਦਾ। ਜੇ ਗੰਨਾ ਵਿੰਗਾ-ਤੜਿੰਗਾ ਹੋਵੇ, ਤਿੰਨ ਚਾਰ ਉਹਦੇ 'ਚ ਵਲ ਪੈਂਦੇ ਹੋਣ ਪਰ ਉਹਦੇ ਵਿਚ ਦੇ ਰਸ ਵਿਚ ਤਾਂ ਕੋਈ ਵਲ੍ਹ ਨਹੀਂ ਹੁੰਦਾ। ਇਸੇ ਤਰ੍ਹਾਂ ਫੁੱਲ ਅਗੜਾ-ਦੁਗੜਾ ਵੀ ਹੋਵੇ, ਪੱਤੀਆਂ ਉਖੜੀਆਂ ਹੋਣ, ਉਹਦੀ ਸੁਗੰਧੀ ਵਿਚ ਤਾਂ ਕੋਈ ਫਰਕ ਨਹੀਂ ਹੋਇਆ ਕਰਦਾ। ਸੋ ਇਹ ਆਤਮ-ਦ੍ਰਿਸ਼ਟੀ ਤੋਂ ਲਹਿ ਕੇ, ਹੇਠਾਂ ਚਰਮ-ਦ੍ਰਿਸ਼ਟੀ 'ਚ ਹੋਣ ਕਰਕੇ, ਮੈਂ ਇਹ ਸ਼ਬਦ ਦਾ ਪ੍ਰਯੋਗ ਕੀਤਾ ਹੈ ਕਿ ਇਨ੍ਹਾਂ ਨੇ ਚੰਮ ਨੂੰ ਦੇਖਿਆ ਹੈ, ਆਤਮਾ ਨੂੰ ਨਹੀਂ ਦੇਖਿਆ। ਸੋ ਆਤਮ ਵਿਸ਼ੈਣੀ ਬੁੱਧ ਨਾ ਹੋਣ ਕਰਕੇ, ਚਰਮ ਵਿਸ਼ੈਣੀ ਬੁੱਧ ਹੋਣ ਕਰਕੇ ਕੁਦਰਤੀ ਤੌਰ ਤੇ ਉਥੇ ਇਹ ਵਿਸ਼ੇਸ਼ਣ ਦੇਣਾ ਬਣਦਾ ਹੈ, ਜੋ ਮੈਂ ਦਿਤਾ ਹੈ। ਇਹ ਵਿਦਵਾਨ ਇਸ ਗੱਲ ਦਾ ਨਿਰਣਾ ਕਰਨ ਤੇ ਮੇਰੇ ਨਾਲ ਅੱਗੇ ਗੱਲ ਕਰਨ।

ਜਦੋਂ ਇਹ ਬਚਨ ਉਸ ਛੋਟੇ ਬੱਚੇ ਤੋਂ ਸੁਣੇ, ਸਾਰੇ ਨੀਵੀਆਂ ਪਾ ਗਏ ਕਿ ਸਾਡੇ ਅੰਦਰ ਕੇਵਲ ਗਿਆਨ ਹੈ। ਜਦੋਂ ਅਸੀਂ ਗੱਲ ਬਾਤ ਕਰਨੀ ਹੁੰਦੀ ਹੈ ਉਸ ਵੇਲੇ ਤਾਂ ਸਾਡਾ ਗਿਆਨ ਉਦੈ ਹੋ ਜਾਂਦਾ ਹੈ ਤੇ ਅਸੀਂ ਵੱਡੇ-ਵੱਡੇ ਮੰਤਕ ਕਹਿੰਦੇ ਹਾਂ, ਲੇਕਿਨ ਸਾਡੇ ਅੰਦਰ ਨਿਹਚੇ ਪੂਰਬਕ ਗਿਆਨ ਨਹੀਂ ਹੈ। ਬੁੱਧੀ ਮੰਡਲ ਦਾ ਗਿਆਨ ਹੈ ਤੇ ਆਤਮ ਮੰਡਲ ਦਾ ਗਿਆਨ ਸਾਨੂੰ ਪ੍ਰਾਪਤ ਨੀਂ ਹੋਇਆ। ਅਸੀਂ ਆਤਮਾ ਨੂੰ ਜਾਨਣ ਦਾ ਜਤਨ ਤਾਂ ਕਰਦੇ ਹਾਂ ਪਰ ਜਾਣ ਨਹੀਂ ਸਕੇ। ਥੋੜ੍ਹੀ ਦੇਰ ਵਾਸਤੇ ਮਨ ਦੇ ਫੁਰਨੇ ਨੂੰ ਰੋਕ ਕੇ ਜਦੋਂ ਖਿਆਲ ਅਸੀਂ ਕੇਂਦਰਿਤ ਕਰਦੇ ਹਾਂ, ਓਨਾਂ ਕੁ ਚਿਰ ਸਾਨੂੰ ਆਤਮ ਗਿਆਨ ਰਹਿੰਦਾ ਹੈ ਫੇਰ ਚਰਮ ਗਿਆਨ ਹੋ ਜਾਂਦਾ ਹੈ। ਸੋ ਨੀਵੀਆਂ ਪਾ ਲਈਆਂ। ਉਸ ਵੇਲੇ ਉਸਨੇ ਰਾਜੇ ਨੂੰ ਕਿਹਾ ਕਿ ਹੁਣ ਦੱਸੋ, ਕਿਸੇ ਦਾ ਕੋਈ ਇਤਰਾਜ਼ ਹੋਵੇ? ਰਾਜੇ ਨੇ ਪੁਛਿਆ ਕਿ ਮਹਾਂਪੁਰਸ਼ੋ! ਹੁਣ ਦੱਸੋ ਆਪ? ਜਦ ਕੋਈ ਜਵਾਬ ਨਾ ਆਇਆ, ਤਾਂ ਉਸ ਵੇਲੇ ਇਹ ਚੰਦਨ ਦੀ ਚੌਂਕੀ ਤੇ ਜਾ ਕੇ ਬੈਠ ਜਾਂਦਾ ਹੈ ਤੇ ਕਹਿਣ ਲੱਗਿਆ ਕਿ ਸਵਾਲ ਕਰੋ। ਸਵਾਲ ਕੀਤਾ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ? ਉਸ ਵੇਲੇ ਉਹਨੇ ਕਿਹਾ ਰਾਜਨ! ਖੋਲ੍ਹ ਕੇ ਨਹੀਂ ਤੂੰ ਗੱਲ ਕਰ ਰਿਹਾ, ਏਸੇ ਕਰਕੇ ਤੂੰ ਦੁਖੀ ਹੋਇਆ ਹੈਂ। ਵੱਡੇ-ਵੱਡੇ ਮਹਾਤਮਾ ਇਥੇ ਬੈਠੇ ਨੇ ਲੇਕਿਨ ਖੋਲ੍ਹ ਕੇ ਨਾ ਦੱਸਣ ਕਰਕੇ ਇਹ ਜਵਾਬ ਨਹੀਂ ਦੇ ਸਕੇ। ਸੋ ਮੈਂ ਤੇਰਾ ਜਵਾਬ ਉਸੇ ਤਰ੍ਹਾਂ ਨਾਲ ਦਿੰਦਾ ਹਾਂ ਤਾਂ ਕਿ ਤੇਰਾ ਪਰਦਾ ਫਾਸ਼ ਨਾ ਹੋ ਜਾਵੇ। ਉਹ ਇਹ ਹੈ ਕਿ 'ਇਹ ਵੀ ਝੂਠਾ ਤੇ ਉਹ ਵੀ ਝੂਠਾ।' ਐਨੀ ਗੱਲ ਕਹੀ, ਤਾਂ ਨਾ ਸੁਣਨ ਵਾਲਿਆਂ ਦੇ ਸਮਝ ਵਿਚ ਆਈ, ਨਾ ਕੋਈ ਰਾਜੇ ਜਨਕ ਨੂੰ ਨਿਹਚਾ ਆਇਆ। ਕਹਿਣ ਲੱਗੇ, "ਮਹਾਰਾਜ! ਮੈਂ ਪੂਰੀ ਤਰ੍ਹਾਂ ਸਮਝਿਆ ਨਹੀਂ।" ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਤੂੰ ਪੂਰੀ ਤਰ੍ਹਾਂ ਗੱਲ ਕਰ, ਜੇ ਤੂੰ ਨਹੀਂ ਕਰਦਾ ਤਾਂ ਅਸੀਂ ਦੱਸ ਦਿੰਦੇ ਹਾਂ।

ਅੱਠ ਸਾਲ ਪਹਿਲਾਂ ਤੈਨੂੰ ਇਕ ਸੁਪਨਾ ਆਇਆ ਸੀ। ਰਾਜ ਗੱਦੀ ਤੇਰੀ ਖੋਹ ਲਈ ਸੀ, ਉਸ ਤੋਂ ਬਾਦ ਤੂੰ ਬੇ-ਇਜ਼ਤ ਕਰਕੇ ਰਾਜ ਵਿਚੋਂ ਕੱਢ ਦਿਤਾ ਗਿਆ ਸੀ। ਬਹੁਤ ਤੂੰ ਦੁੱਖ ਪਾਇਆ ਤੇ ਉਹ ਸੁਪਨਾ ਐਨਾ ਗਹਿਰਾ ਚਲਿਆ ਗਿਆ ਕਿ ਤੇਰੇ brain (ਦਿਮਾਗ) ਦੇ ਅੰਦਰ ਇਕ ਭਰਮ ਪੈ ਗਿਆ। ਐਨਾ ਭਰਮ ਦਾ ਤੇਰਾ ਮਨ ਬਣ ਗਿਆ ਕਿ ਤੈਨੂੰ ਇਹ ਨਿਰਣਾ ਕਰਨਾ ਔਖਾ ਹੋ ਗਿਆ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ? ਇਹ ਦੋਵੇਂ ਝੂਠੇ ਨੇ। ਜਿੰਨਾਂ ਸੰਸਾਰ ਹੈ, ਚਾਹੇ ਇਹਦੇ ਵਿਚ ਜਾਗ੍ਰਤ ਅਵਸਥਾ ਜਿਹਨੂੰ ਅਸੀਂ ਕਹਿਨੇ ਹਾਂ, ਚਾਹੇ ਸੌਣ ਤੋਂ ਬਾਦ ਕੋਈ ਸੁਪਨ ਅਵਸਥਾ ਹੈ; ਇਹ ਦੋਵੇਂ ਝੂਠੇ ਨੇ। ਐਥੇ ਸਤਿ ਅਵਸਥਾ ਕੇਵਲ ਪ੍ਰਮੇਸ਼ਰ ਦੀ ਹੈ ਕਿਉਂਕਿ ਇਸ ਸੰਸਾਰ ਦੇ ਅੰਦਰ ਨਾ ਕੋਈ ਹੋਇਆ ਹੈ, ਨਾ ਕਿਸੇ ਨੇ ਹੋਣਾ ਹੈ। ਇਹ ਤਾਂ ਅਕਾਲ ਪੁਰਖ ਆਪਣੀ ਖੇਡ ਆਪ ਕਰ ਰਿਹਾ ਹੈ। ਉਹਦੇ ਨਾਲ ਇਹ ਆਦਮੀ 'ਮੈਂ' ਦੇ ਵਿਚ ਜਾਣ ਕਰਕੇ 'ਮੈਂ' ਧਾਰਨ ਕਰ ਲੈਂਦਾ ਹੈ। 'ਮੈਂ' ਧਾਰਨ ਕਰਕੇ ਦੁਖੀ ਹੁੰਦਾ ਹੈ।

ਸੋ ਉਸਨੂੰ ਸ਼ਾਂਤੀ ਆ ਗਈ, ਸਾਰਿਆਂ ਨੇ ਧੰਨਵਾਦ ਕਰਿਆ। ਨਾਲ ਦੀ ਨਾਲ ਉਸ (ਰਾਜੇ) ਨੇ ਐਲਾਨ ਕਰਿਆ ਕਿ ਮੈਂ ਅੱਜ ਐਡੀ ਵਿਦਵਾਨ ਸਭਾ ਦੇ ਵਿਚ ਗੁਰੂ ਧਾਰਨ ਕਰਨਾ ਚਾਹੁੰਦਾ ਹਾਂ ਕਿਉਂਕਿ ਇਸ ਮਹਾਂਪੁਰਸ਼ ਨੇ ਦੱਸਿਆ ਹੈ, ਕਿ ਤੈਨੂੰ ਦੁੱਖ ਕੇਵਲ ਇਸ ਕਰਕੇ ਐਨਾ ਝੱਲਣਾ ਪਿਆ ਕਿ ਤੂੰ ਅਜੇ ਤੱਕ ਨਿਗੁਰਾ ਹੈਂ। ਸੋ ਉਸ ਵੇਲੇ ਉਸ ਨੇ ਗੁਰੂ ਧਾਰਨ ਕਰਨ ਵਾਸਤੇ ਐਲਾਨ ਕੀਤਾ ਅਤੇ ਕਿਹਾ ਕਿ ਜਿਹੜਾ ਮੈਨੂੰ ਘੋੜੇ ਤੇ ਪਈ ਕਾਠੀ ਦੀ ਰਕਾਬ ਦੇ ਵਿਚ ਪੈਰ ਧਰ ਕੇ, ਦੂਸਰਾ ਪੈਰ ਰਕਾਬ ਵਿਚ ਪਾਉਣ ਦੇ ਸਮੇਂ ਵਿਚ ਗਿਆਨ ਕਰਾ ਦੇਵੇ, ਉਹ ਮੇਰਾ ਗੁਰੂ ਹੈ। ਘੋੜਾ ਮੰਗਾ ਲਿਆ ਗਿਆ। ਕਿਸੇ ਦੀ ਹਿੰਮਤ ਨਹੀਂ ਪੈਂਦੀ ਕਿ ਜਾ ਕੇ ਚੰਦਨ ਦੀ ਚੌਂਕੀ ਤੇ ਬੈਠੇ ਤੇ ਇਸਨੂੰ ਗਿਆਨ ਕਰਾਵੇ। ਉਸ ਵੇਲੇ ਇਹ ਬੱਚਾ ਫੇਰ ਉਠਿਆ ਤੇ ਇਹਨੇ ਜਾ ਕੇ ਚੰਦਨ ਦੀ ਚੌਂਕੀ ਤੇ ਬੈਠਕੇ ਕਿਹਾ ਕਿ, "ਰਾਜਨ! ਘੋੜਾ ਮੰਗਾ।" ਘੋੜਾ ਮੰਗਾ ਲਿਆ। ਕਹਿੰਦੇ, "ਹੁਣ ਦੱਸ! ਕੀ ਕਹਿੰਦਾ ਹੈਂ।" ਘੋੜੇ ਦੀਆਂ ਬਾਗਾਂ ਫੜ ਲਈਆਂ ਤੇ ਘੋੜੇ ਦੇ ਬਰਾਬਰ ਖੜ੍ਹਾ ਹੋ

ਗਿਆ। ਹੰਨੇ ਨੂੰ ਹੱਥ ਨਾਲ ਫੜ ਲਿਆ ਤੇ ਤਿਆਰ ਹੋ ਗਿਆ ਕਿ ਮੈਂ ਪੈਰ ਪਾ ਕੇ ਦੂਜੇ ਪਾਸੇ ਜਾਵਾਂ। ਨਾਲ ਕਹਿਣ ਲੱਗਿਆ ਕਿ ਮਹਾਰਾਜ! ਮੈਂ ਇਹ ਸ਼ਰਤ ਪੇਸ਼ ਕੀਤੀ ਹੈ ਕਿ ਮੇਰਾ ਗੁਰੂ ਉਹ ਹੋਏਗਾ ਜਿਹੜਾ ਮੈਨੂੰ ਘੋੜੇ ਤੇ ਚੜ੍ਹਦੇ-ਚੜ੍ਹਦੇ ਨੂੰ ਗਿਆਨ ਕਰਾ ਦੇਵੇ। ਕਹਿੰਦੇ, "ਠੀਕ ਹੈ।" ਰਾਜਾ ਜਨਕ ਘੋੜੇ ਤੇ ਚੜ੍ਹਨ ਲੱਗਿਆ। ਕਹਿੰਦੇ, "ਠਹਿਰ ਜਾ। ਜਦੋਂ ਤੈਨੂੰ ਗਿਆਨ ਹੋ ਗਿਆ, ਉਸ ਵੇਲੇ ਤੇਰੀ ਕੋਈ ਚੀਜ਼ ਨਹੀਂ ਰਹਿਣੀ, ਤੂੰ ਗੁਰੂ ਦਖਸ਼ਣਾ ਕਿਥੋਂ ਦੇਵੇਂਗਾ?" ਸੋਚਣ ਲੱਗ ਗਿਆ। ਰਾਜਾ ਕਹਿੰਦਾ, "ਮਹਾਰਾਜ! ਆਪ ਕਿਰਪਾ ਕਰੋ।" ਕਹਿੰਦੇ, "ਜਦੋਂ ਗਿਆਨ ਹੋ ਗਿਆ, ਰਾਜ ਨਾਲ ਤੇਰਾ ਲਗਾਓ ਨਹੀਂ ਰਹਿਣਾ, ਪਰਿਵਾਰ ਨਾਲ ਲਗਾਓ ਨਹੀਂ ਰਹਿਣਾ, ਦੁਨੀਆਂ ਨਾਲ ਲਗਾਓ ਨਹੀਂ ਰਹਿਣਾ ਫੇਰ ਤਾਂ ਤੂੰ ਯਥਾਰਥ ਵਿਚ ਪਹੁੰਚ ਜਾਏਂਗਾ ਅਤੇ ਤੱਤ ਦਾ ਤੈਨੂੰ ਗਿਆਨ ਹੋ ਜਾਏਗਾ। ਇਸ ਕਰਕੇ ਤੂੰ ਸਾਨੂੰ ਪਹਿਲਾਂ ਦੱਖਸ਼ਣਾ ਦੇ ਜਾ - ਅਗਿਆਨ ਅਵਸਥਾ 'ਚ, ਕਿਉਂਕਿ ਜਿਹੜਾ ਇਲਾਜ ਹੈ ਇਹ ਸਾਰਾ -ਮਹਾਰਾਜ ਕਹਿੰਦੇ -

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***
***ਅੰਗ-466***

ਹਉਮੈ ਦੀ ਦਾਰੂ ਹਉਮੈਂ ਵਿਚ ਰੱਖੀ ਹੋਈ ਹੈ, ਗਿਆਨ ਵਿਚ ਨਹੀਂ ਹੈ - ਹਉਮੈਂ ਦੀ ਦਾਰੂ। ਅਗਿਆਨ ਦੇ ਵਿਚ ਹਉਮੈਂ ਦੀ ਦਾਰੂ ਰੱਖੀ ਹੋਈ ਹੈ। ਸੋ ਕਹਿਣ ਲੱਗਿਆ, "ਦੱਸੋ ਮਹਾਰਾਜ! ਆਪ ਕੀ ਚਾਹੁੰਦੇ ਹੋ।" ਕਹਿੰਦੇ, "ਮੈਨੂੰ ਤੂੰ ਤਿੰਨ ਚੀਜ਼ਾਂ ਦੇ ਦੇ - ਤਨ ਦੇ ਦੇ, ਮਨ ਦੇ ਦੇ ਤੇ ਧਨ ਦੇ ਦੇ।" ਉਸ ਵੇਲੇ ਜਦੋਂ ਇਸ ਨੇ ਇਸ ਗੱਲ ਦਾ ਨਿਰਣਾ ਰਾਣੀਆਂ ਨਾਲ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ ਠੀਕ ਹੈ ਤੁਹਾਨੂੰ ਗਿਆਨ ਹੋਣਾ ਚਾਹੀਦਾ ਹੈ ਤੇ ਇਸਨੇ ਆ ਕੇ ਤਿੰਨੇ ਚੀਜ਼ਾਂ ਸਮਰਪਨ ਕਰ ਦਿਤੀਆਂ। ਪਾਣੀ ਦੀ ਚੂਲੀ ਲਈ, ਕਹਿੰਦਾ, "ਮਹਾਰਾਜ! ਮੇਰਾ ਮਨ, ਤਨ ਤੇ ਧਨ ਤੁਹਾਡਾ ਹੋਇਆ, ਮੇਰਾ ਕੁਛ ਨਾ ਰਿਹਾ - ਹੁਣ ਅਜ ਤੋਂ ਬਾਦ।"

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ***
***ਜੋ ਕਿਛੁ ਹੈ ਸੋ ਤੇਰਾ॥ ਅੰਗ - 1375***

ਇਹ ਮੈਂ ਤੈਨੂੰ ਦੇ ਦਿਤਾ ਸਾਰਾ।

***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥***
***ਅੰਗ - 1375***

'ਮੇਰੇ' ਦਾ ਜਿਹੜਾ ਰਿਸ਼ਤਾ ਪਿਆ ਹੋਇਆ ਸੀ ਤਨ ਨਾਲ, ਮਨ ਨਾਲ ਤੇ ਧਨ ਨਾਲ; ਉਹਨੇ ਕੱਟ ਦਿਤਾ। ਕੱਟ ਕੇ ਉਸ ਵੇਲੇ ਉਹ ਚੁੱਪ ਕਰਕੇ ਖੜ੍ਹ ਗਏ ਤੇ ਇਹ ਪੈਰ ਚੁੱਕਣ ਲੱਗਿਆ। ਕਹਿੰਦੇ, "ਠਹਿਰ ਰਾਜਨ! ਸਰੀਰ ਦੀ ਹਰਕਤ ਕਿਉਂ ਤੂੰ ਕੀਤੀ?" ਕਹਿੰਦਾ, "ਮਹਾਰਾਜ! ਮੈਂ ਘੋੜੇ ਤੇ ਚੜ੍ਹਨਾ ਹੈ।" ਕਹਿੰਦੇ, "ਸੋਚ! ਤੂੰ ਤਿੰਨ ਚੀਜ਼ਾਂ ਮੈਨੂੰ ਦੇ ਦਿਤੀਆਂ - ਸਰੀਰ ਵੀ ਦੇ ਦਿਤਾ। ਹੁਣ ਮੈਂ ਜੇ ਸਰੀਰ ਨੂੰ ਹਿਲਾਵਾਂਗਾ ਤਾਂ ਹਿਲੇਗਾ, ਧਨ ਦਾ ਘੋੜਾ ਮੈਨੂੰ ਦੇ ਦਿਤਾ ਧਨ ਦੇ ਵਿਚ ਆ ਗਿਆ ਤੇ ਫੁਰਨਾ ਤੂੰ ਮੈਨੂੰ ਦੇ ਦਿਤਾ। ਹੁਣ ਇਹ ਕਿਹੜੀ ਚੀਜ਼ ਹੈ ਤੇਰੇ ਅੰਦਰ, ਜਿਹੜੀ ਤੈਨੂੰ ਇਹ ਕਹਿੰਦੀ ਹੈ ਕਿ ਘੋੜੇ ਦੇ ਉੱਤੇ ਚੜ੍ਹ। ਨਾ ਤਾਂ ਘੋੜਾ ਤੇਰਾ ਹੈ, ਨਾ ਤਨ ਤੇਰਾ ਹੈ ਅਤੇ ਨਾ ਹੀ ਮਨ ਤੇਰਾ ਹੈ।" ਐਨੀ ਗੱਲ ਜਿਸ ਵਕਤ ਅਸ਼ਟਾਵਕਰ ਨੇ ਕਹੀ ਉਸ ਨੂੰ, sincere ਸੀ ਬੰਦਾ ਦਿਲੋਂ ਚਾਹੁੰਦਾ ਸੀ; ਉਸੇ ਵੇਲੇ ਕੀ ਅਵਸਥਾ ਅਨੁਭਵ ਹੋਈ, ਪੂਰਨ ਇਕਾਂਤ, ਮਹਾਂ ਸੁੰਨ ਵਰਤ ਗਈ, ਫੁਰਨਾ ਖਤਮ ਹੋ ਗਿਆ, ਮਨੋ ਨਾਸ਼ ਹੋ ਗਿਆ, ਵਾਸ਼ਨਾ ਖ੍ਰੈ ਹੋ ਗਈ ਤੇ ਉਸ ਵੇਲੇ ਚੁੱਪ ਕਰਿਆ ਖੜ੍ਹਿਆ ਹੈ। ਐਨੇ ਨੂੰ ਕੋਈ ਬ੍ਰਾਹਮਣ ਸ਼ਿਕਾਇਤ ਕਰਨ ਵਾਲਾ ਆ ਗਿਆ ਤੇ ਉਸ ਨੇ ਆ ਕੇ ਬੇਨਤੀ ਕੀਤੀ ਕਿ ਰਾਜਨ! "ਮੇਰੇ ਲੜਕੇ ਦੀ ਸ਼ਾਦੀ ਹੋਈ ਸੀ, ਮੈਂ ਲੰਘ ਰਿਹਾ ਸੀ ਤੇ ਜੰਗਲ 'ਚ ਡਾਕੂਆਂ ਨੇ ਲੁੱਟ ਲਿਆ। ਆਹ ਤੇਰੇ ਸ਼ਹਿਰ ਦੇ ਨੇੜੇ ਹੀ ਡਾਕੂ ਨੇ। ਮੇਰਾ ਧਨ ਤੇ ਸਾਨੂੰ ਸਾਰਿਆਂ ਨੂੰ ਤੰਗ ਕਰਕੇ ਲੁੱਟ ਕੇ ਲਿਜਾ ਰਹੇ ਹਨ। ਕ੍ਰਿਪਾ ਕਰਕੇ ਸਿਪਾਹੀ ਭੇਜ। ਰਾਜਾ ਸੁਣ ਨਹੀਂ ਰਿਹਾ ਕੁਝ ਭੀ। ਪੰਦਰਾਂ ਮਿੰਟ ਉਹ ਕਹਿੰਦਾ ਰਿਹਾ ਤੇ ਅਖੀਰ ਪੰਦਰਾਂ ਮਿੰਟਾਂ ਬਾਦ ਉਸਨੇ ਬਹੁਤ ਕ੍ਰੋਧਿਤ ਹੋ ਕੇ, ਬਹੁਤ ਭੈੜੇ ਸ਼ਬਦ ਵਰਤਣੇ ਸ਼ੁਰੂ ਕਰ ਦਿਤੇ। ਕਿਹੋ ਜਿਹਾ ਰਾਜਾ ਹੈ, ਕਿਹੋ ਜਿਹਾ ਬੋਲਾ ਹੈ, ਸੁਣਦਾ ਹੈ ਪਰ ਕੁਛ ਨਹੀਂ ਕਰਦਾ। ਇਹਦੇ ਨਾਲੋਂ ਮੰਦਾ ਪਾਪੀ ਬੰਦਾ ਕੌਣ ਹੋ ਸਕਦਾ ਹੈ - ਦੁਨੀਆਂ 'ਚ, ਜਿਹੜਾ ਫਰਿਆਦ ਨਾ ਸੁਣੇ ਤੇ ਧਿਆਨ ਤੱਕ ਨਹੀਂ ਦਿੰਦਾ, ਟਸ ਤੋਂ ਮਸ ਨਹੀਂ ਹੁੰਦਾ- ਪੱਥਰ ਹੋਇਆ ਖੜ੍ਹਾ ਹੈ। ਅੱਧਾ ਘੰਟਾ ਜਦ ਬੀਤ ਗਿਆ-ਇਸ ਤਰ੍ਹਾਂ, ਉਸ ਵੇਲੇ ਅਸ਼ਟਾਵਕਰ ਨੇ ਉਹਦੇ ਚਿਹਰੇ ਨੂੰ ਪੜ੍ਹਿਆ ਤੇ ਇਹ ਗੱਲ ਜਾਣ ਗਏ ਕਿ ਹਾਂ, ਸੱਚਮੁੱਚ ਇਸ ਨੇ ਤਿੰਨ ਚੀਜ਼ਾਂ -

***ਤਨੁ ਸੰਤਨ ਕਾ ਧਨੁ ਸੰਤਨ ਕਾ***
***ਮਨੁ ਸੰਤਨ ਕਾ ਕੀਆ॥ ਅੰਗ - 610***

ਅਰਪਣ ਕਰ ਦਿਤੀਆਂ ਹਨ ਤੇ ਹੁਣ ਇਹਨੂੰ ਉਹ ਅਵਸਥਾ ਪ੍ਰਾਪਤ ਹੋ ਗਈ ਜਿਸ ਅਵਸਥਾ ਬਾਰੇ ਗੁਰੂ ਮਹਾਰਾਜ ਨੇ ਫੁਰਮਾਨ ਕਰਿਆ ਹੈ -

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***

*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥*
*ਅੰਗ - 633*

ਇਹ ਸਾਰੀਆਂ ਦੁਵੰਧ ਦੀਆਂ ਅਵਸਥਾ ਖਤਮ ਹੋ ਗਈਆਂ ਇਹਦੀਆਂ। ਉਸ ਵੇਲੇ ਉਸ ਨੇ ਕਿਹਾ ਕਿ ਰਾਜਨ ਘੋੜਾ ਛੱਡ ਦੇ। ਚੜ੍ਹਨ ਦੀ ਲੋੜ ਨਹੀਂ, ਰਕਾਬ ਵਿਚ ਪੈਰ ਰੱਖਣ ਦੀ ਲੋੜ ਨਹੀਂ; ਘੋੜਾ ਛੱਡ ਦੇ, ਤਖਤ ਤੇ ਬਹਿ ਜਾ। ਤਖਤ ਤੇ ਬੈਠ ਗਿਆ। ਕਹਿੰਦੇ, ਹੁਣ ਮੈਂ ਜਿਹੜਾ ਤੇਰਾ ਮਨ ਹੈ, ਹੁਣ ਤੇਰੇ ਸਰੀਰ ਵਿਚ ਇਸਨੂੰ ਵਾਪਸ ਭੇਜਦਾ ਹਾਂ ਅਤੇ ਤੇਰਾ ਧਨ ਵੀ ਤੇਰੇ ਸਰੀਰ ਨੂੰ ਵਾਪਸ ਦਿੰਦਾ ਹਾਂ, ਸਰੀਰ ਨੂੰ ਵੀ ਤੇਰੇ ਨੂੰ ਮੈਂ ਤੈਨੂੰ ਦਿੰਦਾ ਹਾਂ ਤੇ ਇਹਦੇ ਨਾਲ ਹੁਣ ਤੂੰ ਰਾਜ ਕਰ, ਤਖਤ ਤੇ ਬੈਠ। ਜੋ constitution ਹੈ ਉਹਦੇ ਮੁਤਾਬਿਕ ਚਲ। ਉਸ ਵੇਲੇ ਰਾਜੇ ਜਨਕ ਨੇ ਪੂਰੀ ਤਰ੍ਹਾਂ 'ਮੈਂ' ਤੋਂ ਰਹਿਤ ਹੋ ਕੇ ਆਪਣੇ ਆਤਮ ਸਰੂਪ ਵਿਚ ਸਥਿਤ ਹੋ ਕੇ ਰਾਜ ਕਰਿਆ ਜਿਸ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਭਗਤ ਵੱਡਾ ਰਾਜਾ ਜਨਕ ਹੈ ਗੁਰਮੁਖ ਮਾਯਾ ਵਿਚ ਉਦਾਸੀ॥ ਭਾਈ ਗੁਰਦਾਸ ਜੀ, ਵਾਰ - 10/5*

ਮਾਇਆ 'ਚੋਂ ਉਦਾਸ ਕਿਉਂ ਹੋ ਗਿਆ ਕਿਉਂਕਿ ਉਸ ਨੇ ਹੰਗਤਾ ਮਮਤਾ ਛੱਡ ਦਿਤੀ, ਗੁਰੂ ਦੀ ਬਣਾ ਦਿਤੀ, ਆਪਣੀ ਨਹੀਂ ਮੁੜ ਕੇ ਬਣਾਈ। ਸੋ ਇਹ ਜੋ ਸ਼ਬਦ ਹੈ, ਛੋਟੀ ਜਿਹੀ ਲਾਈਨ ਹੈ-

*ਤਨੁ ਸੰਤਨ ਕਾ ਧਨੁ ਸੰਤਨ ਕਾ*
*ਮਨੁ ਸੰਤਨ ਕਾ ਕੀਆ॥ ਅੰਗ - 610*

ਇਹਦੇ ਵਿਚ ਐਡੀ deep Philosophy ਹੈ। ਜੇ ਅਸੀਂ ਇਕੋ ਹੀ ਤੁੱਕ ਅਪਣਾਅ ਲਈਏ ਮੇਹਨਤ ਕਰ-ਕਰ ਕੇ, ਸਾਧਨ ਕਰ-ਕਰ ਕੇ; ਪਤਾ ਨਹੀਂ ਇਕ ਜਨਮ ਲੱਗੇ ਜਾਂ ਦੋ ਜਨਮ ਲੱਗਣ ਜਾਂ ਤਿੰਨ ਜਨਮ ਲੱਗਣ। ਇਕੋ ਤੁੱਕ ਨੂੰ ਅਸੀਂ ਜੇ ਕਮਾ ਲਈਏ, ਆਪਣੇ 'ਚੋਂ ਅਪਣੱਤ ਕੱਢ ਦੇਈਏ ਬਾਕੀ ਜਿਹੜਾ ਸਾਡਾ ਅਸਲੀ ਸਤਾ ਮਾਤ੍ਰ ਆਤਮ ਸਰੂਪ ਹੈ ਉਹ ਕੇਵਲ ਸਾਖਸ਼ੀ ਸਰੂਪ ਹੈ, ਸਾਖੀ ਜਿਹਨੂੰ ਕਹਿੰਦੇ ਨੇ, ਉਹ ਦੇਖਣ ਵਾਲਾ ਹੈ, ਸਰੀਰ ਨੂੰ ਚਲਾ ਰਿਹਾ ਹੈ, ਸੱਤਾ ਦੇ ਰਿਹਾ ਹੈ। ਜਦੋਂ ਇਹ ਆਤਮ ਸੱਤਾ ਸਰੀਰ ਵਿਚ ਸੋਝੀ ਪੈਦਾ ਕਰਦੀ ਹੈ ਅਤੇ ਇਸ ਹੇਠਲੀ ਪੜਤ ਦੀ ਸੋਝੀ ਨੂੰ, ਜਿਸਨੂੰ ਗੁਰੂ ਮਹਾਰਾਜ ਜੀ ਹਉਮੈ ਦੀ ਸੁਰਤ ਕਹਿੰਦੇ ਹਨ, ਵਿਚ ਇਹ ਆਪਣਾ ਅਣਹੋਇਆ ਆਪਾ ਭਰਮ ਕਰਕੇ ਮਿਥ ਲੈਂਦਾ ਹੈ ਅਤੇ ਜਨਮਾਂ ਜਨਮਾਂਤਰਾਂ ਦੇ ਅਧਿਆਸ ਕਰਕੇ ਇਹ ਆਪਣੇ ਆਪ ਨੂੰ ਇਹ ਨਾਸ਼ਵਾਨ ਸਾਢੇ ਤਿੰਨ ਹੱਥ ਦੀ ਦੇਹ ਸਮਝ ਬੈਠਦਾ ਹੈ ਤੇ ਇਹ ਆਪਣੇ ਆਤਮ ਪਦ ਤੋਂ ਪਤਿਤ ਹੋ ਕੇ ਜੀਵ ਬਣ ਜਾਂਦਾ ਹੈ। ਇਸ ਸੋਝੀ ਨੂੰ ਹਉਮੈ ਕਹਿੰਦੇ ਹਨ। ਫਿਰ ਇਹ ਕਹਿੰਦਾ ਹੈ ਕਿ ਮੇਰਾ ਸਰੀਰ, ਮੇਰਾ ਘਰ, ਮੇਰੀ ਕੋਠੀ, ਮੇਰੇ ਬੱਚੇ, ਮੇਰਾ ਪਰਿਵਾਰ, ਉਸ ਵੇਲੇ ਇਹ ਆਪਣੀ ਪਦਵੀ ਤੋਂ ਗਿਰ ਕੇ ਜੀਵ ਆਤਮਾ ਬਣ ਜਾਂਦਾ ਹੈ ਫੇਰ ਇਹ ਜਨਮ-ਮਰਣ ਦੇ ਚੱਕਰ ਵਿਚ ਚਲਿਆ ਜਾਂਦਾ ਹੈ। ਸੋ ਅਖੀਰ ਦੇ ਉੱਤੇ ਜੋ ਬਚਨ ਆਇਆ ਹੈ, ਮਹਾਰਾਜ ਉਹਦੇ 'ਚ ਇਹ ਸਾਰੀ ਚੀਜ਼ ਨੂੰ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਹੇ ਪ੍ਰਭੂ! ਇਹ ਤਾਂ ਬਹੁਤ ਔਖੀ ਗੱਲ ਹੈ। ਅਸੀਂ ਤਾਂ ਅੰਨ੍ਹੇ ਖੂਹ ਵਿਚ ਗਿਰੇ ਪਏ ਹਾਂ ਜਿਥੇ ਨਾ ਦੇਖਣ ਨੂੰ ਕੁਛ ਲੱਭਦਾ ਹੈ, ਨਾ ਹੱਥ ਪੈਰ ਅਸੀਂ ਮਾਰ ਸਕਦੇ ਹਾਂ। ਹੁਣ ਤੇਰੀ ਹੀ ਦਇਆ ਹੈ, ਤੂੰ ਕੱਟ। ਉਸਨੇ ਦਇਆ ਕੀਤੀ ਹੈ ਸਾਡੇ ਉਤੇ, ਅੰਮ੍ਰਿਤ ਵੇਲੇ ਦਾ ਜਾਗਣਾ ਬਖਸ਼ਿਆ ਹੈ, ਕੀਰਤਨ, ਹਰੀ ਜਸ ਬਖਸ਼ਿਆ ਹੈ। ਕੋਈ ਵਿਰਲਾ ਪੁਰਸ਼ ਹੈ ਜੋ ਇਸ ਗੱਲ ਨੂੰ ਸਮਝਦਾ ਹੈ। ਬਾਕੀ ਤਾਂ ਦੁਨੀਆਂ ਗੇੜੇ ਖਾ ਰਹੀ ਹੈ। ਹਉਮੈ ਦੇ ਗੇੜ ਦੇ ਅੰਦਰ ਦੁਖੀ ਹੋ ਰਹੀ ਹੈ, ਤੜਪ ਰਹੇ ਨੇ। ਥੋੜ੍ਹਿਆਂ ਨੂੰ ਇਹ ਸੋਝੀ ਦਿਤੀ ਹੈ।

ਸੋ ਐਸਾ ਤੁਸੀਂ ਤਪ ਕਰਦੇ ਓਂ, ਏਸ ਤਪ ਦਾ ਕੋਈ ਭਾਵ ਕੱਢੋ, ਹੋਰ ਉੱਚੇ ਚਲੋ ਤਾਂ ਕਿ ਇਹ ਸਾਡਾ ਜਿਹੜਾ ਮੈਂ-ਪੁਣਾ ਹੈ ਇਹ ਖਤਮ ਹੁੰਦਾ ਜਾਵੇ ਤੇ ਸਾਨੂੰ ਆਪਣੇ ਅਸਲੀ ਸਰੂਪ ਦਾ ਗਿਆਨ ਹੋ ਕੇ ਪਰਮ ਸੁੱਖ ਨੂੰ ਪ੍ਰਾਪਤ ਕਰ ਲਈਏ। ਇਹੋ ਸਤਿਸੰਗ ਕਰਨ ਦਾ ਅਮੁੱਲ ਲਾਭ ਹੈ। ਪਰ ਇਹ ਸੋਝੀ ਗੱਲਾਂ ਨਾਲ ਨਹੀਂ ਆਉਂਦੀ। ਗੁਰਬਾਣੀ ਨੂੰ ਪੂਰਨ ਗੁਰੂ ਮੰਨ ਕੇ ਉਸ ਦੇ ਉਦੇਸ਼ ਦੇ ਮੁਤਾਬਿਕ ਘਾਲ ਕਮਾਈ ਕਰੀਏ। ਜੀਵਨ ਵਿਚ ਦੈਵੀ ਸੰਪਰਦਾਇ ਦੀਆਂ ਸ਼ਕਤੀਆਂ ਨੂੰ ਉਭਾਰੀਏ। ਨਿੰਦਾ, ਈਰਖਾ, ਲਬ ਦਾ ਤਿਆਗ ਕਰੀਏ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਸੰਜਮ ਵਿਚ ਰਹਿ ਕੇ ਵਰਤੀਏ ਅਤੇ ਇਕ ਗੱਲ ਸਦਾ ਯਾਦ ਰੱਖੋ -

*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ॥ ਅੰਗ - 2*

ਇਸ ਤਰ੍ਹਾਂ ਜੀਵਨ ਦਾ ਸਮਾਂ ਬਤੀਤ ਕਰਕੇ ਸਦਾ ਦਾ ਸੁਖ ਪ੍ਰਾਪਤ ਹੋ ਜਾਵੇਗਾ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

## ਗੋਸ਼ਟ ਮਛੰਦਰ ਨਾਥ

ਪਿਰਮ ਰਸ ਜਾਮ ਦੇ ਵਿਚੋਂ ਪਿਲਾ ਦੇ ਘੁੱਟ ਇਕ ਸਾਕੀ!
ਪਿਲਾ ਦੇ ਘੁੱਟ ਇਕ, ਸਾਕੀ! ਪਿਲਾ ਦੇ ਘੁੱਟ ਇਕ, ਸਾਕੀ!
ਕਿ ਜਿਸ ਦੇ ਪੀਤਿਆਂ ਖੁਲ੍ਹਦੀ ਹੈ ਗਫਲਤ ਦੀ ਗਸ਼ੀ ਸਾਰੀ
ਤੇ ਖੜਮਸਤੀ ਅਕਲ ਦੀ ਬੀ ਨਸ਼ੇ ਜਿਸ ਜਾਇ ਟਿਕ ਸਾਰੀ
ਉਮਰ ਗੁਜ਼ਰੀ ਅਕਲ ਦੇ ਬੁੱਤ ਘੜ ਘੜ ਪੂਜਦੇ, ਭੰਨਦੇ
ਤੇਰੇ ਪਿਆਲੇ ਤੋਂ ਸਦਕੇ! ਏ ਕਿਵੇਂ ਹੁਣ ਜਾਇ ਵਿਕ, ਸਾਕੀ!
ਪਿਲਾ ਦੇ ਜਾਮ, ਪੀ ਜਿਸਨੂੰ ਏ ਦਿਲ ਹੋ ਜਾਇ ਸਭ ਖਾਲੀ,
ਭਰੇ ਮਹਬੂਬ ਦੀ ਦਿਲ ਸਿਕ, ਬਣਾਵੇ 'ਰੂਪ-ਸਿਕ' ਸਾਕੀ!
ਬਲੇਲ ਏ ਕੰਨ ਹੈ ਪੈਂਦੀ, ਖਿਜ਼ਾਂ ਆਖਰ ਬਹਾਰਾਂ ਦਾ,
ਰੋਊ ਮਾਲੀ, ਰੋਊ ਬੁਲਬੁਲ ਖਿਜ਼ਾਂ ਦਾ ਦੇਖ ਫਿਕ ਸਾਕੀ!
ਖਿਜ਼ਾਂ ਮੁਹਰੇ ਮਿਲਾ ਪ੍ਰੀਤਮ, ਪਿਲਾ ਕੁਈ ਜਾਮ ਛਿਕ ਵਾਲਾ
ਕਿ ਛਿਕਿਆ ਆ ਜਏ ਸੁਹਣਾ, ਗਲੇ ਲਾ ਲੈ ਓ ਛਿਕ ਸਾਕੀ!
ਮਿਲੇ ਪ੍ਰੀਤਮ ਖਿਜ਼ਾਂ ਫਿਰ ਕੀਹ, ਖਿਜ਼ਾਂ ਤਾਂ ਸਦਾ ਬਹਾਰ ਓਹੋ
ਜਦੋਂ ਪਜਾਰਾ ਮਿਲੇ ਆ ਕੇ ਤੇ ਲਾਵੇ ਨਾਲ ਹਿਕ ਸਾਕੀ!

ਹਿਮਾਲਿਆ ਪਹਾੜ ਦੀਆਂ ਉਚਿਆਈਆਂ ਵਿਚ ਇਕ ਸੋਹਣਾ ਟਿਕਾਣਾ ਹੈ, ਗਹਿਰਬਰ ਬਨ ਹੈ, ਇਕ ਖੱਡ ਹੈ, ਪਾਣੀ ਦੀ ਇਕ ਸੋਹਣੀ ਧਾਰਾ ਆ ਰਹੀ ਹੈ ਜੋ ਇਕ ਟਿਕਾਣੇ ਆ ਕੇ ਪੰਜ ਚਾਰ ਗਜ਼ ਹੇਠਾਂ ਨੂੰ ਪਰਨਾਲੇ ਵਾਂਙ ਡਿਗਦੀ ਹੈ, ਇਥੋਂ ਦੋ ਤ੍ਰੈ ਗਜ਼ ਸੋਹਣੇ ਕੁਦਰਤੀ ਬਣੇ ਪਥਰੀਲੇ ਘਾਪੇ ਵਿਚੋਂ ਵਗ ਕੇ ਅੱਗੇ ਫੇਰ ਸਵਾ ਕੁ ਗਜ਼ ਹੇਠ ਨੂੰ ਢਹਿੰਦੀ ਹੈ, ਫੇਰ ਕੁਝ ਗਜ਼ ਵਗ ਕੇ ਤਿਲਕ ਕੇ ਹੇਠਾਂ ਨਿੱਕੇ ਜਿਹੇ ਕੁਦਰਤੀ ਕੁੰਡ ਵਿਚ ਪੈ ਕੇ ਅੱਗੇ ਨੂੰ ਵਹਿ ਪੈਂਦੀ ਹੈ। ਇਸ ਤਰ੍ਹਾਂ ਪੰਜ ਸਤ ਥਾਂਈਂ ਡਿਗਦੀ, ਢਹਿੰਦੀ, ਸਾਹ ਕਢਦੀ ਫੇਰ ਅੱਗੇ ਨੂੰ ਤ੍ਰਿਖੀ ਢਲਾਨ ਤੇ ਵਗ ਤੁਰਦੀ ਹੈ। ਇਥੇ ਕੁ ਇਕ ਸੱਜਣ ਪੁਰਖ ਬੈਠੇ ਹਨ। ਦਿਨ ਚੜ੍ਹਿਆ ਹੋਇਆ ਹੈ, ਬਨ ਬ੍ਰਿਥਾਂ ਦੇ ਪੱਤਿਆਂ ਵਿਚੋਂ ਛਣ ਛਣ ਕੇ ਧੁੱਪ ਦੇ ਗੋਲ ਗੋਲ ਛੱਲੇ ਜਿਸ ਧਰਤੀ ਤੇ ਪੈਂਦੇ ਹਨ, ਕਿਤੇ ਹੋਰ ਹੋਰ ਸ਼ਕਲਾਂ ਲੈ ਕੇ ਧੁੱਪ ਧਰਤੀ ਨੂੰ ਚੁੰਮ ਰਹੀ ਹੈ। ਸ਼ਾਂਤ ਇਕਾਂਤ, ਟਿਕਾਉ ਤੇ ਰਸ ਹੈ। ਸੱਜਣ ਜੋ ਬੈਠੇ ਹਨ ਇਸ ਸਤੋਗੁਣੀ ਪ੍ਰਭਾਉ ਹੇਠ ਬੈਠੇ ਹਨ, ਪਰ ਮਨ ਨਾਲ ਵਿਚਾਰਾਂ ਕਰ ਰਹੇ ਹਨ, ਜਿਨ੍ਹਾਂ ਦਾ ਕੁਛ ਭਾਵ ਉਪਰਲੇ ਛੰਦ ਵਿਚ ਅੰਕਿਤ ਕੀਤਾ ਗਿਆ ਹੈ। ਆਪ ਵਿਦਵਾਨ ਹਨ, ਉਮਰਾ ਵਡੇਰੀ ਹੈ, ਬਸਤ੍ਰ ਬੜੇ ਹਲਕੇ ਜਿਹੇ ਭਗਵੇ ਰੰਗ ਦੇ ਹਨ, ਸੋਚਦੇ ਹਨ ਕਿ ਜਿਸ ਜਿਸ ਤਰ੍ਹਾਂ ਸਾਂਈ ਨੂੰ ਅਕਲ ਨਾਲ, ਦਾਰਸ਼ਨਿਕ ਵਿਦਿਆ ਨਾਲ ਸਹੀ ਕੀਤਾ, ਉਸ ਉਸ ਤਰ੍ਹਾਂ ਦਾ ਮਨੋ ਗਿਆਨ ਅੰਦਰ ਬਨਾਯਾ, ਜੋ ਰੂਪ ਸਾਂਈ ਦਾ ਐਉਂ ਅੰਗਿਆ, ਉਹ ਆਪਣੇ ਮਨ ਦੇ ਹੀ ਮਸਾਲੇ ਨਾਲ ਬਨਾਯਾ। ਉਹ ਉਸਦਾ ਆਪਣਾ ਸਾਂਗੋ ਪਾਂਗ ਸਰੂਪ ਤਾਂ ਨਹੀਂ ਸੀ। ਬੁਤ ਤ੍ਰਾਸ ਪੱਥਰ ਵਿਚ ਮੂਰਤ ਘੜਦਾ ਹੈ, ਮੂਰਤੀਆਂ ਦਾ ਚਿਤ੍ਰਕਾਰ ਕਾਗਜ਼ ਉਤੇ ਮੂਰਤੀ ਪ੍ਰਕਾਸ਼ ਦਿੰਦਾ ਹੈ, ਪਰ ਪਹਿਲਾਂ ਦੁਹਾਂ ਦੇ ਅੰਦਰ ਮੂਰਤ ਤੇ ਅਮੂਰਤ ਬਣਦੀ ਹੈ, ਅਮੂਰਤ ਦੇ ਹਿੱਸੇ ਨੂੰ ਪੱਥਰ ਵਿਚੋਂ ਉਕਰਨ ਹਾਰ ਉਕੇਰ ਦਿੰਦਾ ਹੈ ਤੇ ਉਸਦੇ ਮਨ ਵਿਚ ਬਣੀ ਮੂਰਤ ਪੱਥਰ ਵਿਚੋਂ ਨਿਕਲ ਆਉਂਦੀ ਹੈ। ਚਿਤ੍ਰਕਾਰ ਕਾਗਜ਼ ਵਿਚ ਅਮੂਰਤ ਦੇ ਥਾਂ ਖਾਲੀ ਛਡਦਾ ਤੇ ਮੂਰਤ ਦੇ ਥਾਂ ਰੰਗ ਭਰੀ ਜਾਂਦਾ ਹੈ ਤਾਂ ਮੂਰਤ ਮੂਰਤੀਮਾਨ ਹੋ ਜਾਂਦੀ ਹੈ ਕਿ ਜੋ ਉਸ ਦੇ ਮਨ ਵਿਚ ਪਹਿਲਾਂ ਬਣੀ ਸੀ। ਮੈਂ ਬੀ ਕੁਝ ਉਹੋ ਜਿਹਾ ਕੰਮ ਕਰਦਾ ਰਿਹਾ ਹਾਂ, ਚਾਹੇ ਮੈਂ ਮੂਰਤ ਵਾਹੀ ਤੇ ਉਕਰੀ ਨਹੀਂ ਤੇ ਚਾਹੇ ਮੈਂ ਆਪਣੇ ਅੰਦਰ

ਰੂਪ ਰੇਖ ਰੰਗ ਵਾਲੀ ਸੂਰਤ ਨਹੀਂ ਖਿਆਲੀ, ਪਰ ਜੋ ਕੁਛ ਮੈਂ ਆਪਣੇ ਅੰਦਰ ਅੰਗਿਆ ਉਹ ਮੇਰਾ ਹੀ ਖਿਆਲ ਮਾਤ੍ਰ ਹੈ, ਖਿਆਲ ਤੋਂ ਅੱਗੇ ਯਥਾਰਥ ਵਿਚ ਤਾਂ ਮੈਂ ਗਿਆ ਨਹੀਂ। ਕਥਾ ਵਾਰਤਾ ਕੀਤੀਆਂ, ਲੋਕ ਪਰਚਾਏ ਪਰ ਆਪਣਾ ਮਨ ਨਹੀਂ ਪਰਚਿਆ। ਜੁਆਨੀ ਤਾਂ ਆਪਣੇ ਹੁਲਾਸ ਵਿਚ ਹੁੰਦੀ ਹੈ, ਚਾਹੇ ਮਾੜੇ ਪਾਸੇ ਨਹੀਂ ਗਏ, ਪਰ ਜੋ ਪਠਨ ਪਾਠਨ ਦੇ ਰੰਗ ਜਮਾਏ ਉਨ੍ਹਾਂ ਵਿਚ ਜੁਆਨੀ ਦਾ ਜੋਸ਼ ਸੁਹਣੇ ਦਿਨ ਲੰਘਾਈ ਗਿਆ। ਹੁਣ ਜਦ ਬਲਕਾਰ ਘਟਿਆ ਹੈ, ਅੰਦਰੋਂ ਤਾਕਤਾਂ ਨੇ ਕਿਤੇ ਹੇਠਾੜ ਪਾਸੇ ਵਲ ਰੁਖ ਕੀਤਾ ਹੈ ਤਾਂ ਸੋਚਾ ਪੈਂਦੀਆਂ ਹਨ ਕਿ ਕੀਹ ਬਣਿਆ? ਮਨਾਂ! ਸਭ ਵਾਕ ਰਚਨਾ ਹੀ ਸੀ? ਜੋ ਚਾਹਿਆ ਵਾਕ ਰਚਨਾ ਨਾਲ ਰਚ ਲਿਆ ਹੈ। ਹੈਂ!.... ਠੰਡ ਕਿਉਂ ਨਹੀਂ ਪਈ? ਖਬਰੇ ਜਗਤ ਦੇ ਭੋਗਾਂ ਤੋਂ ਉਪਰਾਮ ਰਹੇ ਹਾਂ ਤੇ ਘਾਟ ਹੈ? ਗ੍ਰਿਹਸਤੀ ਹਸਦੇ ਖੇਡਦੇ ਖੁਸ਼ ਦਿਸਦੇ ਹਨ, ਭੋਗਾਂ ਦੇ ਕਾਰਣ?....ਪਰ ਜੇ ਭੋਗਾਂ ਵਿਚ ਠੰਢ ਹੁੰਦੀ ਤਾਂ ਤੂੰ ਗ੍ਰਿਹਸਤੀਆਂ ਨੂੰ ਠੰਢ ਦੇ ਮਗਰ ਭਉਂਦਾ ਨਾ ਦੇਖਦਾ। ਮਨਾਂ! ਤੂੰ ਤਾਂ ਓਹ ਬੀ ਵੇਖੇ ਹਨ ਜਿਨ੍ਹਾਂ ਦਾ ਮਜ਼ਹਬ ਹੀ ਭੋਗ ਹੈ। ਹਾਂ ਜਿਨ੍ਹਾਂ ਨੇ ਭੋਗਾਂ ਨੂੰ ਹੀ ਰੂਪ ਦਾ ਪ੍ਰਕਾਸ਼ ਤੇ ਹੁਲਾਸ ਮੰਨਿਆ ਹੈ ਤੇ ਇਨ੍ਹਾਂ ਨੂੰ ਹੀ ਸੱਭੋ ਕੁਛ ਜਾਤਾ ਹੈ, ਪਰ ਉਹ ਬੀ ਤੂੰ ਅੰਤ ਰੋਗਾਂ ਵਿਚ ਗ੍ਰਸੇ, ਨਿਤਾਣੇ ਹੋਏ ਤੇ ਨਿਰਾਸਤਾ ਵਿਚ ਡਾਵਾਂਡੋਲ ਹੁੰਦੇ ਵੇਖੇ ਹਨ। ਜਵਾਨੀ ਦੇ ਜੋਸ਼ ਵਿਚ ਭੋਗਾਂ ਦੇ ਪ੍ਰੇਮੀ ਭੋਗਾਂ ਨੂੰ ਸਭ ਕੁਛ ਜਾਣਦੇ ਉਮਡੀ ਨਦੀ ਵਾਂਙੂ ਐਂਠ ਐਂਠ ਟੁਰਦੇ ਹਨ, ਪਰ ਜਵਾਨੀ ਦੀ ਦੁਪਹਿਰ ਢਲਦੇ ਹੀ ਉਨ੍ਹਾਂ ਦੇ ਸਾਰੇ ਐਂਠ ਵੈਂਠ ਉਡ ਜਾਂਦੇ ਹਨ ਤੇ ਸਰੀਰ ਦੇ ਨੇਮ ਆਪ ਹੀ ਦੰਡ ਦਾਤਾ ਹੋ ਕੇ ਉਨ੍ਹਾਂ ਲਈ ਰੋਗ ਨਿਤਾਣਪਣਾ ਤੇ ਛੇਤੀ ਦੀ ਮੌਤ ਦਾ ਸਾਮਾਨ ਲੈ ਆਉਂਦੇ ਹਨ।....ਯਾਦ ਹੈ ਤੈਨੂੰ ਹੀਰੇ ਮਿਰਗ ਵਰਗਾ ਸਾਧੂ, ਜਿਸਦੇ ਜੋਮ ਅੱਗੇ ਫਉੱਲ ਕੇਸੂਆਂ ਦਾ ਜਲਵਾ ਮਾਤ ਪੈਂਦਾ ਸੀ, ਕੀਕੂੰ ਝੰਬਿਆ ਗਿਆ ਤੇ ਜਵਾਨੀ ਦੀ ਮੌਤ ਮਰਨ ਵੇਲੇ ਕੀਕੂੰ ਪੁਕਾਰ ਕੇ ਉਸ ਨੇ ਕਿਹਾ – ਇਸ ਮਾਰਗ ਜਿਸ ਮੈਂ ਟੁਰਿਆ ਹਾਂ ਕੋਈ ਨਾ ਟੁਰੇ। ਮੈਂ ਸਮਝਦਾ ਸਾਂ ਮੈਂ ਭੋਗਾਂ ਨੂੰ ਭੋਗਦਾ ਹਾਂ, ਪਰ ਭਰਥਰੀ ਦੇ ਕਹੇ ਮੂਜਬ ਭੋਗਾਂ ਨੇ ਮੈਨੂੰ ਭੋਗ ਲਿਆ ਹੈ। ਮੈਂ ਬਿਨ ਆਈ ਭੁੱਗਾ ਹੋ ਕੇ ਮਰ ਰਿਹਾ ਹਾਂ। ਸੋ ਹੇ ਮੇਰੇ ਮਨ! ਭੋਗਾਂ ਦਾ ਜੀਵਨ ਕਿ ਭੋਗਾਂ ਨੂੰ ਧਰਮ ਹੀ ਬਨਾ ਕੇ ਇਸ ਵਿਚ ਪਰਵਿਰਤ ਹੋਣਾ ਕੋਈ ਤ੍ਰਿਪਤੀ ਦਾ ਕਾਰਨ ਨਹੀਂ, ਨਾ ਠੰਢ ਦਿੰਦਾ ਹੈ, ਨਾ ਆਪਣੇ ਹੀ ਰਸ ਨੂੰ ਸਦੈਵੀ ਬਣਾਉਂਦਾ ਹੈ। ਸੋ ਤੂੰ ਅਣਭੋਗੇ ਭੋਗਾਂ ਦੀ ਯਾਦ ਵਿਚ ਹਾਵਾ ਨਾ ਲੈ। ਜੇ ਤੂੰ ਭੋਗ ਨਹੀਂ ਭੋਗੇ ਤਾਂ ਬੀ ਤੂੰ ਇਹੋ ਜਿਹਾ ਹੈਂ, ਕੋਈ ਅਨਭੋਗਿਆਂ ਦਾ ਤੋਟਾ ਤੇਰੇ ਆਤਮਾਂ ਵਿਚ ਨਹੀਂ ਪਿਆ। ਜੇ ਤੂੰ ਭੋਗੇ ਹੁੰਦੇ ਤਾਂ ਭੋਗਾਂ ਦਾ ਕੋਈ ਲਾਹਾ, ਕੋਈ ਰਸ ਐਸ ਵੇਲੇ ਤੇਰੇ ਨਾਲ ਨਹੀਂ ਸੀ ਹੋਣਾ। ਤੂੰ ਐਸ ਤਰ੍ਹਾਂ ਹੀ ਨਕਦ ਜਾਨ ਹੋਣਾ ਸੀ। ਸਗੋਂ ਜੋ ਤੂੰ ਵਿਦਿਆ ਪਾਈ, ਖੋਜ ਕੀਤੀ ਤੇ ਯਥਾਰਥ ਦੇ ਮਗਰ ਤਰਲੇ ਲਏ ਉਨ੍ਹਾਂ ਦਾ ਕੋਈ ਪਰਚਾ ਤੇਰੇ ਪਾਸ ਹੈ। ਤਾਂਤੇ ਹੇ ਮਨ! ਨਾ ਦੇਖ ਜਗਤ ਵਲ, ਨਾ ਦੇਖ ਉਨ੍ਹਾਂ ਚੀਜ਼ਾਂ ਵਲ, ਜੋ ਖੁਰਕ ਵਾਂਙੂ ਪਹਲੋਂ ਸ੍ਵਾਦੀਕ, ਪਰ ਫਲ ਵਿਚ ਹਾਨੀਕਾਰਕ ਹਨ। ਜਿਥੇ ਤੂੰ ਹੈਂ ਇਸ ਤੋਂ ਉਪਰ ਵਲ ਤੱਕ, ਹੇਠਾਂ ਵਲ ਨਾ ਵੇਖ।

ਸਮਝ ਸਭ ਕੁਛ ਪੈ ਗਿਆ, ਪਰ ਠੰਢ ਕਿਉਂ ਨਹੀਂ? ਮੈਂ ਜੋ ਸਮਝਿਆ ਸੋ ਹੋਇਆ ਨਹ॥...ਗੁਰਮੁਖ ਕਹਿੰਦੇ ਸਨ ਕਿ ਅਸੀਂ ਲੋਕ ਯਥਾਰਥ ਤੋਂ ਅੱਗੇ ਲੰਘ ਜਾਂਦੇ ਹਾਂ ਤੇ ਔਖੇ ਰਹਿੰਦੇ ਹਾਂ। ਯਥਾਰਥ ਤੋਂ ਅੱਗੇ ਕੀ ਹੋਇਆ? ਨਹੀਂ, ਇਹ ਉਨ੍ਹਾਂ ਨੇ ਬਿਲਾਸ ਕੀਤਾ ਸੀ। ਭਾਵ ਇਹ ਹੋਣਾ ਹੈ ਕਿ ਸਾਡਾ ਤੀਰ ਨਿਸ਼ਾਨੇ ਨਹੀਂ ਬੈਠਦਾ, ਉਰ੍ਹੇ ਪਰੇ ਜਾ ਵਜਦਾ ਹੈ।

ਇਸ ਤਰ੍ਹਾਂ ਦਾ ਮਨੋਵਾਦ ਕਰਦੇ ਆਪ ਉਠੇ ਤੇ ਉਥੋਂ ਤੁਰ ਪਏ। ਦੋ ਕੁ ਮੀਲ ਜਾ ਕੇ ਇਕ ਜਲ ਦੇ ਨਿੱਕੇ ਜਿਹੇ ਫੁਟ ਰਹੇ ਚਸ਼ਮੇ ਦੇ ਪਾਸ ਜਾ ਪਹੁੰਚੇ। ਇਥੇ ਇਕ ਕੁਟੀ ਸੀ ਤੇ ਗੁਰਮੁਖ ਜੀ ਬਾਹਰ ਧੁੱਪੇ ਬੈਠੇ ਸੇ। ਇਨ੍ਹਾਂ ਨੇ ਨਮਸਕਾਰ ਕੀਤੀ ਤੇ ਉਨ੍ਹਾਂ ਨੇ ਆਦਰ ਦੇ ਕੇ ਬਹਾਲ ਲਿਆ। ਕੁਛ ਚਿਰ ਮਗਰੋਂ ਵਾਰਤਾਲਾਪ ਟੁਰ ਪਈ –

ਗੁਰਮੁਖ – ਸੰਤ ਜੀ! ਕੱਖ ਉਹਲੇ ਲੱਖ ਹੈ।

ਸੰਤ – ਪਰ ਦਿਸਦਾ ਭਲੀਂਦਾ ਨਹੀਂ। ਕਿਵੇਂ ਕੱਖ ਦਾ ਪਰਦਾ ਦੂਰ ਹੋਵੇ।

ਗੁਰਮੁਖ – ਹੋਰ ਗੱਲਾਂ ਜ਼ੋਰ ਦੀਆਂ ਸਨ, ਇਹ ਗੱਲ ਜ਼ੋਰ ਦੀ ਨਹੀਂ।

ਸੰਤ – ਸਭ ਸਾਧਨ, ਸਭ ਵਿਦਿਆ, ਸਭ ਖੋਜ ਵੀਚਾਰ ਜ਼ੋਰ ਦੇ ਆਸਰੇ ਹੀ ਹੁੰਦੇ ਹਨ, ਜੀਓ ਜੀ! ਜ਼ੋਰ ਬਿਨਾਂ ਤਾਂ ਕੁਝ ਨਹੀਂ ਹੁੰਦਾ।

ਗੁਰਮੁਖ – ਠੀਕ ਹੈ ਹਰ ਗੱਲ ਲਈ ਉਦਮ ਲੋੜੀਏ, ਉਦਮ ਦੀ ਟੇਕ ਬਲ ਤੇ ਹੈ, ਪਰ ਸੰਤ ਜੀ! ਨੀਂਦਰ ਬੀ ਕਦੇ ਜ਼ੋਰ ਕੀਤਿਆਂ ਆਉਂਦੀ ਹੈ? ਜਿਉਂ ਜਿਉਂ ਜ਼ੋਰ ਲਾਓ ਤਿਉਂ-ਤਿਉਂ ਨੀਂਦ ਉਖੜਦੀ ਹੈ।

ਸੰਤ (ਤ੍ਰਬਕ ਕੇ) – ਸੱਚ ਕਿਹਾ ਨੇ। ਪਰ ਇਹ ਗੱਲ ਘਟਾ ਕੇ ਸਮਝਾਉਣ ਦੀ ਕ੍ਰਿਪਾ ਕਰੋ।

ਗੁਰਮੁਖ - ਆਪਣੇ ਆਪ ਨੂੰ ਭਲਾ ਬਨਾਉਣਾ, ਬਦੀਆਂ ਤੋਂ ਮਨ ਨੂੰ ਹੋੜਨਾ, ਸਰੀਰ ਨੂੰ ਬੰਨ੍ਹਣਾ ਜ਼ੋਰ ਦਾ ਕੰਮ ਹੈ। ਨਿਤਾਣੇ ਮਨਾਂ ਵਾਲੇ ਇਨ੍ਹਾਂ ਵਿਚ ਅਰੋਕ ਹੀ ਰੁੜ੍ਹ ਜਾਂਦੇ ਹਨ। ਘਰ ਬਾਰਾਂ ਵਿਚ ਵਸਦਿਆਂ, ਗ੍ਰਿਹਸਤ ਆਸ਼੍ਰਮ ਟੋਰਦਿਆਂ ਫੇਰ ਸਤਿਸੰਗ ਵਿਚ ਜਾਣਾ ਤੇ ਭਲਿਆਈ ਸਿੱਖਣੀ ਤੇ ਕਰਨੀ ਚੰਗੇ ਤਾਣ ਨਾਲ ਹੀ ਹੋ ਸਕਦਾ ਹੈ। ਗ੍ਰਿਹਸਤ ਛੱਡ ਚੁਕੇ ਭਲੇ ਪੁਰਖਾ ਦਾ ਵਿਦਿਆ ਪਾਉਣਾ ਕਿ ਸਾਧਨ ਕਰਨੇ ਸਭ ਜ਼ੋਰ ਦੇ ਕੰਮ ਹਨ। ਗ੍ਰਿਹਸਤੀ ਹੋਏ ਚਾਹੇ ਉਦਾਸੀ, ਜੋ ਬੀ ਸਾਧਨ ਕਰੇ ਉਦਮ ਨਾਲ ਹੀ ਕਰ ਸਕੇਗਾ, ਪਰ ਭਾਈ! ਜਦ ਸਾਂਈ ਦੀ ਮਿਹਰ ਨਾਲ ਕਦੇ ਸਮਾਂ ਆਵੇ ਪ੍ਰਾਪਤ ਹੋਣ ਦਾ, ਤਾਂ ਇਹ ਆਪਾ ਛੱਡ ਕੇ ਕਿਸੇ ਐਉਂ ਜਿਵੇਂ ਹੈ ਨਹੀਂ, ਵਾਲੇ ਹਾਲ ਜਾਏਗਾ, ਤਾਂ ਮਿਹਰ ਇਸ ਨੂੰ ਖਿੱਚ ਲਏਗੀ ਆਪਣੇ ਵਲ। ਜਿਵੇਂ ਮੰਜਾ ਡਾਹੁਣਾ ਤੇ ਵਿਛਾਈ ਕਰਨੀ ਉਦਮ ਹੈ। ਸਰੀਰ ਨੂੰ ਕਮਾਈ ਕਰਕੇ ਸਵਸਥ ਰੱਖਣਾ ਉਦਮ ਤੇ ਮਿਹਨਤ ਹੈ, ਪਰ ਮੰਜੇ ਤੇ ਲੇਟ ਕੇ ਫਿਰ ਆਪਾ ਇਕ ਢਿੱਲ ਵਿਚ ਛੱਡ ਦੇਈਦਾ ਹੈ। ਨਿਰਉਦਮ ਤੇ ਨਿਰਜ਼ੋਰ ਹੋ ਜਾਈਦਾ ਹੈ, ਪਰ ਆਪੇ ਦੇ ਕਿਸੇ ਉਹਲਿਓਂ ਨੀਂਦ ਮਲਕੜੇ ਆ ਕੇ ਆਪਣੀ ਗੋਦ ਵਿਚ ਸੁਆਲ ਲੈਂਦੀ ਹੈ। ਕੁਛ ਐਉਂ ਹੀ 'ਆਪਾ' 'ਪਰਮ ਆਪੇ' ਦੀ ਟੇਕ ਤੇ ਛੱਡ ਦੇਈਦਾ ਹੈ, ਤਾਂ ਪਰਮ ਆਪਾ ਇਸ ਢਿੱਲੇ ਛੱਡੇ ਆਪੇ ਨੂੰ ਗੋਦੀ ਸਮਾ ਲੈਂਦਾ ਹੈ।

ਸੰਤ-ਦ੍ਰਿਸ਼ਟਾਂਤ ਸੋਹਣਾ ਹੈ, ਘਟਿਆ ਬੀ ਹੈ, ਪਰ ਕੁਛ ਹੋਰ ਖੁਹਲ ਦਿਓ ਨਾ ਮਿਹਰ ਕਰਕੇ।

ਗੁਰਮੁਖ ਸੰਤ ਜੀ! ਸਾਡੇ ਅੰਦਰ ਆਸ ਤੇ ਅੰਦੇਸਾ ਦੋ ਵੈਰੀ ਲੁਕੇ ਬਾਠੇ ਹਨ। ਕੀ ਗ੍ਰਿਹਸਤੀ ਕੀਹ ਉਦਾਸੀ ਇਨ੍ਹਾਂ ਤੋਂ ਜਾਣੂ ਨਹੀਂ ਹੁੰਦੇ। ਸਾਧਨ ਕਰਦਿਆਂ ਤੇ ਵਿਦਿਆ ਪਾਉਂਦਿਆਂ ਬੀ ਇਹ ਮਨ ਦੇ ਅੱਗੇ ਸੂਖਮ ਪਰਦੇ ਬਣ ਕੇ ਤਣੇ ਰਹਿੰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿਚ ਇਕ ਕਥਾ ਆਉਂਦੀ ਹੈ ਕਿ ਇਕ ਜੋਗੀ ਛੇ ਮਹੀਨੇ ਆਪਣੇ ਆਸ਼ਰਮ ਵਿਚ ਬੂਹੇ ਮਾਰ ਕੇ ਬੰਦ ਰਹਿੰਦਾ ਸੀ ਤੇ ਆਖਦਾ ਸੀ ਕਿ ਮੈਂ ਸਮਾਧੀ ਵਿਚ ਲੀਨ ਰਹਿੰਦਾ ਹਾਂ ਤੇ ਭੁੱਖ ਤ੍ਰਿਖਾ ਮੈਂ ਜਿੱਤੀ ਹੈ। ਛੇ ਮਹੀਨੇ ਵਿਚ ਮੈਂ ਕੋਈ ਅੱਠ ਦਸ ਤੋਲੇ ਅੰਨ ਖਾਂਦਾ ਹਾਂ ਤੇ ਸਦਾ ਆਪੇ ਵਿਚ ਲੀਨ ਰਹਿੰਦਾ ਹਾਂ। ਉਹ ਦੇਸ਼ ਸਾਰਾ ਉਸਦਾ ਚੇਲਾ ਸੀ। ਜਦੋਂ ਛੇ ਮਹੀਨੇ ਮਗਰੋਂ ਉਹ ਬਾਹਰ ਨਿਕਲਦਾ ਤਾਂ ਬਾਹਰ ਮੇਲਾ ਜੁੜਿਆ ਹੁੰਦਾ ਸੀ। ਹਜ਼ਾਰਾਂ ਆਦਮੀ ਦਰਸ਼ਨ ਕਰਦੇ ਤੇ ਮੱਥੇ ਟੇਕਦੇ ਸਨ। ਜਦ ਉਥੇ ਗੁਰੂ ਨਾਨਕ ਦੇਵ ਜੀ ਗਏ ਤਦੋਂ ਉਹ ਮੇਲਾ ਭਰ ਰਿਹਾ ਸੀ। ਆਪ ਦਾ ਇਸ ਜੋਗੀ ਨਾਲ ਮੇਲਾ ਹੋਇਆ ਤਾਂ ਉਸ ਨੇ ਆਪਣੇ ਤਿਆਗ, ਵਿਰਾਗ, ਹਠ, ਤਪ ਦੀ ਗੱਲ ਸੁਣਾਈ। ਗੁਰੂ ਬਾਬੇ ਨੇ ਕਿਹਾ, ਸਾਧੂ! ਸਾਂਈ ਦੇ ਆਸਰੇ ਹੋ। ਫਿਰ ਤੇਰੀ ਆਸਾ ਦੀ ਟੇਕ ਉਹ ਬਣੇ ਤੇ ਅੰਦੇਸੇ ਬਿਲਾ ਜਾਣ। ਪਰ ਜੋਗੀ ਨੇ ਹਠ ਕੀਤਾ ਤੇ ਫੇਰ ਬਹਿ ਗਿਆ। ਗੁਰੂ ਬਾਬਾ ਜੀ ਬੀ ਉਥੇ ਹੀ ਰਹਿ ਪਏ ਤੇ ਛੇ ਮਹੀਨੇ ਸਤਿਸੰਗ ਲੱਗਾ ਰਿਹਾ। ਜਦ ਮੇਲੇ ਦਾ ਵੇਲਾ ਆਇਆ ਤਾਂ ਗੁਰੂ ਬਾਬੇ ਨੇ ਲੋਕਾਂ ਨੂੰ ਹੋੜ ਦਿਤਾ ਕਿ ਠੀਕ ਨਿਯਤ ਦਿਨ ਮੇਲਾ ਨਾ ਕਰੋ। ਇਕ ਅੱਧ ਦਿਨ ਪਛੜ ਕੇ ਕਰੋ। ਸੋ ਜਦ ਦਿਨ ਆਇਆ ਤੇ ਜੋਗੀ ਨੇ ਮੇਲੇ ਦੀ ਚਹਿਲ ਪਹਿਲ ਨਾ ਸੁਣੀ ਤੇ ਬਾਹਰ ਬੀ ਡਿੱਠੋਸੁ ਕਿ ਕੋਈ ਨਹੀਂ ਆਇਆ ਤਾਂ ਮਰਨਹਾਰ ਹੋ ਗਿਆ। ਗੁਰੂ ਬਾਬੇ ਨੇ ਦੱਸਿਆ ਕਿ ਇਹ ਆਦਮੀ ਆਪਣੀ ਮਾਨ ਪ੍ਰਤਿਸ਼ਠਾ ਦੇ ਆਸਰੇ ਜੀਉਂਦਾ ਹੈ ਤੇ ਨਹੀਂ ਸੀ ਸਮਝਦਾ ਕਿ ਮੇਰੇ ਮਨ ਦੀ ਟੇਕ ਇਨ੍ਹਾਂ ਲੋਕਾਂ ਵਲੋਂ ਮਿਲ ਰਹੀ ਪ੍ਰਤ੍ਰਿਸ਼ਠਾ ਪਰ ਹੈ।

ਉਸ ਪਰਥਾਇ ਜੋ ਗੱਲਬਾਤ ਹੋਈ ਸੀ, ਸੋ ਗੁਰੂ ਬਾਬੇ ਨੇ ਮਾਰੂ ਰਾਗ ਦੇ ਇਕ ਸਬਦ ਵਿਚ ਦੱਸੀ ਹੈ ਕਿ ਜਿਸ ਵਿਚ ਜੋਗੀ ਕਹਿੰਦਾ ਹੈ ਗੁਰੂ ਜੀ ਨੂੰ, ਕਿ ਤੂੰ ਇਕ ਸੁਰ ਰਸਤੇ ਪ੍ਰਾਣ ਬਾਹਰ ਕੱਢੇਂ, ਦੂਏ ਰਸਤੇ ਚੜ੍ਹਾਵੇਂ, ਐਉਂ ਜੇ ਪ੍ਰਾਣ ਵਾਯੂ ਨੂੰ ਜੁਗਤੀ ਨਾਲ ਸਨਬੰਧ ਕਰ ਲਏਂ ਦਸਮ ਦੁਆਰ ਨਾਲ ਤੇ ਮੱਛੀ ਵਾਂਢੂ ਚੰਚਲ ਮਨ ਨੂੰ ਇਸ ਜੁਗਤੀ ਨਾਲ ਬੰਨ੍ਹ ਰੱਖੇਂ ਤਾਂ ਇਹ ਸਰੀਰ ਨਹੀਂ ਮਰੇਗਾ ਤੇ ਸਰੀਰ ਵਿਚੋਂ ਹੰਸ (ਰੂਹ) ਉਡ ਨਹੀਂ ਜਾਏਗਾ।

ਗੁਰੂ ਜੀ ਬੋਲੇ - ਹੇ ਅਸਲੀਅਤ ਤੋਂ ਅਣਜਾਣ ਰਹਿ ਗਏ ਸਾਧੂ! ਤੂੰ ਕਿਉਂ ਭਰਮ ਵਿਚ ਭੁੱਲ ਗਿਆ ਹੈਂ? ਸਾਧਨਾ ਦਾ ਤਾਂ ਤੈਂ ਪ੍ਰਯੋਜਨ ਹੀ ਨਹੀਂ ਸਮਝਿਆ। ਸਰਬ ਸਾਧਨ ਪਰਮੇਸ਼ਰ ਨਿਰੰਕਾਰ ਦੀ ਪ੍ਰਾਪਤੀ ਵਾਸਤੇ ਕਰੀਦੇ ਹਨ, ਜਿਸ ਦਾ ਸਰੂਪ ਹੈ 'ਪਰਮ ਅਨੰਦ' ਤੇ ਫੇਰ ਉਸ ਵਿਚ ਰਾਗ ਨਹੀਂ, ਉਹ ਪੂਰਨ ਵੈਰਾਗ ਸਰੂਪ ਹੈ। ਉਸਨੂੰ ਜੇ ਤੂੰ ਪ੍ਰਾਪਤ ਹੋਵੇਂ ਤਾਂ ਬੈਰਾਗੀ ਹੋ ਜਾਵੇਂ ਤੇ ਆਤਮਾਨੰਦ ਨੂੰ ਬੀ ਪ੍ਰਾਪਤ ਹੋਵੇਂ। ਹੁਣ ਤਾਂ ਤੂੰ ਪਵਨਾਂ ਰੋਕ ਕੇ ਬੀ ਆਸ ਅੰਦੇਸੇ ਵਿਚ ਹੈਂ। ਤਾਂ ਜੋਗੀ ਨੇ ਪੁਛਿਆ ਕਿ ਉਸ ਦੀ ਕੋਈ ਜੁਗਤ ਹੈ?

ਤਾਂ ਗੁਰੂ ਬਾਬੇ ਨੇ ਆਖਿਆ - ਤੇਰੇ ਅੰਦਰ ਜੋ ਕਾਮਨਾ ਹੈ, ਜੋ ਹੰਕਾਰ, ਕਾਮ, ਲੋਭ, ਮੋਹ ਤੇ ਕ੍ਰੋਧ ਦੇ ਰੂਪ ਧਾਰਦੀ ਹੈ ਉਹ ਅਜਰ ਚੀਜ਼ ਹੈ, ਉਸ ਨੂੰ ਫੜ ਅਤੇ ਵਸ ਵਿਚ ਕਰ, ਫਿਰ ਤੇਰੇ ਅੰਦਰ ਛੇਵਾਂ ਇੰਦਰੇ ਹੈ - ਮਨ, ਜਿਸ ਦੁਆਰਾ ਕਾਮਨਾ ਕੰਮ ਕਰਦੀ ਹੈ, ਉਹ ਕਿਸੇ

ਸਾਧਨ ਕਿਸੇ ਜੁਗਤ ਨਾਲ ਨਹੀਂ ਮਰਦਾ, ਐਉਂ ਉਹ ਮਨ ਅ+ਮਰ ਹੈ, ਉਸ ਨੂੰ ਮਾਰ ਲੈ। ਫਿਰ ਭ੍ਰਾਂਤੀ ਯਾ ਭਰਮ ਹੈ ਜੋ ਤੇਰੇ ਮਨ ਨੂੰ ਭਰਮਾ ਰਿਹਾ ਹੈ ਉਸ ਦਾ ਤਿਆਗ ਕਰ ਤਾਂ ਅੰਮ੍ਰਿਤ ਤੂੰ ਪੀ ਸਕੇਂਗਾ। ਮੱਛੀ ਵਰਗੇ ਚੰਚਲ ਮਨ ਨੂੰ ਇਸ ਜੁਗਤ ਨਾਲ ਬੰਨ੍ਹੀਦਾ ਹੈ, ਤਦ ਇਹ ਮਨ ਫੇਰ ਸੰਕਲਪਾਂ ਵਿਚ ਨਹੀਂ ਉਡਦਾ ਤੇ ਨਾ ਹੀ ਸਰੀਰ ਸਿਥਲ ਹੁੰਦਾ ਹੈ। ਤਾਂ ਜੋਗੀ ਬੋਲਿਆ – ਅਜਰ ਕਮਾਦਿਕਾਂ ਨੂੰ ਕੀਕੂੰ ਜਰੀਦਾ ਹੈ ਤੇ ਅ+ਮਰ ਮਨ ਨੂੰ ਕਿੰਕੂ ਮਾਰੀਦਾ ਹੈ? ਤੇ ਭ੍ਰਾਂਤਿ ਕਿਵੇਂ ਦੂਰ ਹੁੰਦੀ ਹੈ?

ਸ੍ਰੀ ਸਤਿਗੁਰੂ ਜੀ ਬੋਲੇ – ਭਾਈ! ਜੇ ਤੂੰ ਜਨ ਹੋ ਕੇ – ਵਾਹਿਗੁਰੂ ਦਾ ਪ੍ਰੇਮੀ ਦਾਸ ਬਣ ਕੇ ਉਸ ਦੇ ਨਾਮ ਨੂੰ ਮਨੋਂ ਹੋ ਕੇ ਸਿਮਰੇਂ ਤੇ ਮਨ ਦੀ ਪਵਨ-ਵਾਸ਼ਨਾ ਨੂੰ ਉਸੇ ਪਰਮੇਸ਼ਰ ਤੇ ਲਾਵੇਂ ਤਾਂ ਇਸ ਹਰੀ ਸਿਮਰਨ ਨਾਲ ਤੂੰ ਅੰਮ੍ਰਿਤ ਪੀਵੇਂਗਾ। ਹੇ ਜੋਗੀ! ਇਸ ਇਕੋ ਜੁਗਤ ਨਾਲ ਚਪਲ ਮਨ ਵਸ ਹੋ ਜਾਂਦਾ ਹੈ ਤੇ ਸਰੀਰ ਬੀ ਸਵਸਥ ਰਹਿੰਦਾ ਹੈ, ਕਿਉਂਕਿ ਪਰਮ ਪ੍ਰਯੋਜਨ ਜੋ ਜੀਵਨ ਦਾ ਹੈ ਈਸ਼ਰ ਪਰਾਪਤੀ ਸੋ ਪ੍ਰਾਪਤ ਹੋ ਜਾਂਦਾ ਹੈ।

ਇਸ ਵਾਰਤਾ ਵਿਚੋਂ ਸਾਨੂੰ ਇਹ ਗੱਲ ਲੱਭੀ ਕਿ ਮਨ ਨੂੰ ਰੋਕਣ ਦੇ ਸਾਧਨ ਕਰਦਿਆਂ ਤੇ ਹੋਰ ਗੱਲਾਂ ਕਰਦਿਆਂ ਮਨ ਆਸਰਾ ਭਾਲਦਾ ਹੈ ਤੇ ਕਿਸੇ ਆਸਰੇ ਸਿਰ ਰਹਿੰਦਾ ਹੈ। ਜੋਗੀ ਨੇ ਪ੍ਰਾਣਾਯਾਮ ਤਾਂ ਕਰ ਲਿਆ, ਕਪਾਲਭਾਠੀ ਸਿੱਖ ਲਈ, ਕਾਲ ਬੰਚਨ ਬੀ ਕਰ ਲਈ, ਪਰ ਮਨ ਦੀ ਟੇਕ ਲੋਕਾਂ ਦੀ ਵਾਹ ਵਾਹ ਤੇ ਸੀ, ਜਦੋਂ ਨਾ ਮਿਲੀ ਤਾਂ ਮਰਨ ਮਰਾਂਦ ਹੋ ਗਿਆ। ਇਸੀ ਤਰ੍ਹਾਂ ਨੈਣ ਪਸਾਰ ਕੇ ਤੱਕ ਲਓ ਕਿ ਕਿਸੇ ਮਨ ਦਾ ਆਸਰਾ ਪਿਤਾ ਹੈ, ਕਿਸੇ ਮਨ ਦਾ ਆਸਰਾ ਮਾਤਾ ਹੈ, ਕਿਸੇ ਦਾ ਵਹੁਟੀ, ਪਤੀ ਪੁੱਤਰ ਕਿਸੇ ਦਾ ਚੇਲਾ ਹੈ। ਕਿਸੇ ਮਨ ਦਾ ਆਸਰਾ ਸੋਭਾ ਹੈ, ਕਿਸੇ ਦਾ ਧਨ ਹੈ, ਐਉਂ ਸੁਤੰਤਰ ਮਨ ਕੋਈ ਨਹੀਂ ਕਿ ਜਿਸ ਦਾ ਕੋਈ ਆਸਰਾ ਨਾ ਹੋਵੇ ਤੇ ਜੋ ਆਪਣੇ ਆਧਾਰ ਤੇ ਖੜ੍ਹਾ ਹੋਵੇ। ਜੋ ਪਰਮਾਰਥ ਤੋਂ ਅਨਜਾਣ ਹਨ, ਯਾ ਜਾਣ ਬੁੱਝ ਕੇ ਅਨਜਾਣ ਰਹਿਣਾ ਵਡਿਆਈ ਸਮਝਦੇ ਤੇ ਕਹਿੰਦੇ ਹਨ ਅਸੀਂ ਸੁਤੰਤਰ ਹਾਂ, ਅਸਲ ਵਿਚ ਉਨ੍ਹਾਂ ਦਾ ਮਨ ਬੀ ਸੁਤੰਤਰ ਨਹੀਂ, ਉਹ ਕਿਸੇ ਨਾ ਕਿਸੇ ਇਸਤ੍ਰੀ ਪੁਤਰ ਪਦਾਰਥ ਸੋਭਾ ਦਾ ਆਸਰਾ ਲੈ ਕੇ ਉਸ ਦੇ ਆਧਾਰ ਤੇ ਚਲ ਰਿਹਾ ਹੈ। ਜਦੋਂ ਉਹ ਆਧਾਰ ਟੁੱਟਦਾ ਕਿ ਬਿਨਸਦਾ ਹੈ, ਤਦੋਂ ਉਨ੍ਹਾਂ ਦਾ ਬੁਰਾ ਹਾਲ ਹੁੰਦਾ ਹੈ। ਇਸੇ ਤਰ੍ਹਾਂ ਪਰਮਾਰਥੀ ਮਨ ਆਸਰੇ ਲੈਂਦਾ ਹੈ, ਚਾਹੇ ਉਹ ਕੁਛ ਸੂਖਮ ਹੋਣ।

ਸੰਤ – ਪਰ ਜੀਉ, ਗੁਰਮੁਖ ਰਾਜ ਜੀਉ! ਮੈਂ ਤਾਂ ਨਾ ਜੋਗ ਕਰਕੇ ਮਨ ਨੂੰ ਸਰੀਰ ਦੇ ਕਿਸੇ ਧਾਰਨਾ ਅਸਥਾਨ ਵਿਚ ਫਾਹੇ ਦਿਤਾ ਹੈ, ਨਾ ਕਿਸੇ ਰਿਧੀ ਸਿਧੀ ਵਿਚ ਲੱਗਾ ਹਾਂ, ਧਨ ਧਾਮ ਇਸਤ੍ਰੀ ਪੁੱਤਰ ਸਾਰੇ ਆਸਰੇ ਛੋੜ ਕੇ ਸਾਦੂ ਹੋਇਆ ਸਾਂ, ਮੈਨੂੰ ਕਿਹੜੀ ਭ੍ਰਾਂਤੀ ਕਿਹੜਾ ਆਸਰਾ ਦੇ ਰਹੀ ਹੈ?

ਗੁਰਮੁਖ – ਇਹ ਗੱਲ ਤਾਂ ਆਪਣੇ ਮਨ ਖੋਜਿਆਂ ਆਪ ਨੂੰ ਲੱਝੀ ਭਲੀ ਹੈ, ਦੂਜੇ ਦਾ ਦੱਸਿਆ ਅਨੁਮਾਨਕ – ਟੋਹ ਮਾਤ੍ਰ – ਹੁੰਦਾ ਹੈ, ਸੋ ਕਦੇ ਠੀਕ ਕਦੇ ਨਾ ਠੀਕ, ਪਰ ਜੇ ਠੀਕ ਭੀ ਹੋਵੇ ਤਾਂ ਸੁਣ ਕੇ ਗੁੱਸਾ ਜਿਹਾ ਲਗਦਾ ਹੈ, ਕਿਉਂਕਿ ਹਰ ਮਨੁੱਖ ਚਾਹੇ ਉਹ ਕੋਈ ਹੈ, ਚੰਗਾ ਬਣਦਾ ਹੈ ਤੇ ਜੇ ਇਸ ਦੇ ਕੰਨਾਂ ਵਿਚ ਕੋਈ ਗੱਲ ਨਾ ਸੁਖਾਵੀਂ ਪਵੇ ਤਾਂ ਮਾੜੀ ਲਗਦੀ ਹੈ, ਚਾਹੇ ਉਹ ਸੱਚੀ ਹੋਵੇ, ਪਰ ਜੇ ਉਹ ਸੱਚ ਆਪ ਦੇਖ ਲਵੇ ਤਾਂ ਆਪਣੇ ਆਪ ਨਾਲ ਕੋਈ ਗੁੱਸੇ ਨਹੀਂ ਹੁੰਦਾ ਤੇ ਫਿਰ ਉਹ ਪੁਰਸ਼ ਵਡਭਾਗਾ ਹੈ ਜੋ ਆਪਣੀ ਭੁੱਲ ਆਪ ਵੇਖ ਕੇ ਉਸ ਨੂੰ ਠੀਕ ਕਰਨ ਵਿਚ ਲਗ ਪਵੇ।

ਸੰਤ – ਨਹੀਂ ਜੀਓ! ਮੈਨੂੰ ਚਾਅ ਦੱਸੋ, ਮੈਂ ਆਪ ਦਾ ਧੰਨ ਮੰਨਾਂਗਾ, ਮੈਨੂੰ ਮੇਰੀ ਭੁੱਲ ਸੁਝਾਓ।

ਗੁਰਮੁਖ – ਤੁਸੀਂ ਭਲੇ ਸਾਧੂ ਹੋ, ਸੱਚ ਆਖਦੇ ਹੋ, ਪਰ ਜੇ ਤੁਸੀਂ ਕਲ ਫੇਰ ਆਉਣ ਦੀ ਕ੍ਰਿਪਾਲਤਾ ਕਰੋ ਤਾਂ ਮੈਂ ਤੁਸਾਨੂੰ ਗੁਰੂ ਬਾਬੇ ਤੇ ਮਛਿੰਦ੍ਰ ਜੋਗੀ ਦੀ ਗੋਸ਼ਟ ਸੁਣਾਵਾਂ। ਮੇਰਾ ਖਿਆਲ ਹੈ ਕਿ ਉਸ ਵਿਚੋਂ ਆਪ ਜੀ ਨੂੰ ਆਪਣਾ ਰਸਤਾ ਆਪੇ ਸੁੱਝ ਪਵੇਗਾ ਤੇ ਜੇ ਕੋਈ ਗੱਲ ਰਹਿ ਗਈ ਤਾਂ ਉਸ ਪਰ ਫੇਰ ਖੁਲ੍ਹੀ ਵਿਚਾਰ ਕਰ ਲਵਾਂਗੇ।

ਸੰਤ – ਸਤਿ ਬਚਨ, ਪਰ ਜੀਓ! ਗੁਰੂ ਬਾਬੇ ਦੀ ਸਿੱਧਾਂ ਨਾਲ ਗੋਸ਼ਟ ਜੋ ਅਚਲ ਵਟਾਲੇ ਹੋਈ ਸੋ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਤੇ ਸੁਮੇਰ ਆਦਿ ਪਰ ਹੋਈ ਗੋਸ਼ਟ ਦਾ ਨਾਉਂ ਤਾਂ ਨਹੀਂ ਦਿਤਾ, ਪਰ ਉਹ ਸ਼ਬਦ ਬੀ ਹੈਨ। ਇਹ ਮਛਿੰਦ੍ਰ ਦੀ ਗੋਸ਼ਟ ਮੈਂ ਨਹੀਂ ਅੱਗੇ ਸੁਣੀ।

ਗੁਰਮੁਖ – ਇਹ ਗੋਸ਼ਟ ਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਪਰ ਉਥੇ ਇਹ ਨਾਮ ਨਹੀਂ ਦਿਤਾ, ਸ਼ਬਦ ਹਨ। ਪੁਰਾਤਨ ਜਨਮ ਸਾਖੀ ਵਾਲੇ ਨੇ ਦੱਸਿਆ ਹੈ ਕਿ ਇਹ ਸ਼ਬਦ ਮਛਿੰਦ੍ਰ ਨਾਲ ਹੋਈ ਗੋਸ਼ਟ ਦੇ ਹਨ।

ਸੰਤ – ਸਤਿ ਬਚਨ ਜੀਓ! ਬੜੀ ਮੇਹਰ ਹੈ, ਮੈਂ ਕੱਲ ਫੇਰ ਆਵਾਂਗਾ।

ਪਰਸਪਰ ਸਤਿਕਾਰ ਕਰਕੇ ਵਾਹਿਗੁਰੂ ਜੀ ਕੀ

ਫਤਹਿ ਬੁਲਾ ਕੇ ਸੰਤ ਜੀ ਵਿਦਾ ਹੋਏ।

## ੨.

ਇਸ ਟਿਕਾਣੇ ਤੋਂ ਦੋ ਢਾਈ ਕੋਹ ਤੇ ਇਕ ਪਹਾੜੀ ਛਾਵਣੀ ਸੀ, ਜਿਸਦੇ ਬਾਜ਼ਾਰ ਵਿਚ ਇਕ ਗੁਰੂ ਕੇ ਸਿੰਘਾਂ ਦੀ ਦੁਕਾਨ ਤੇ ਘਰ ਸੀ। ਇਹ ਸਿੰਘ ਦਰਜ਼ੀ ਦਾ ਕੰਮ ਕਰਦੇ ਸੀ। ਸੰਤ ਇਨ੍ਹਾਂ ਦੇ ਘਰ ਉਤਰੇ ਹੋਏ ਸਨ, ਗਰਮੀਆਂ ਵਿਚ ਇਹ ਅਕਸਰ ਇਥੇ ਆਇਆ ਜਾਇਆ ਕਰਦੇ ਸਨ ਤੇ ਇਨ੍ਹਾਂ ਪਾਸ ਟਿਕਿਆ ਕਰਦੇ ਸਨ। ਹੋਰ ਬੀ ਕੁਛ ਦਫਤਰਾਂ ਦੇ ਸਿੱਖ ਬਾਬੂ ਸੰਤਾਂ ਦੇ ਮੇਲੀ ਸਨ। ਸੰਤਾਂ ਦਾ ਐਉਂ ਚੰਗਾ ਪਰਚਾ ਪਿਆ ਹੋਇਆ ਸੀ ਤੇ ਉਹ ਉਪਦੇਸ਼ ਬੀ ਸੋਹਣਾ ਦਿਆ ਕਰਦੇ ਸਨ। ਅੱਜ ਐਤਵਾਰ ਸੀ, ਸੰਤ ਜਦ ਘਰ ਪਹੁੰਚੇ ਤਾਂ ਪ੍ਰਸ਼ਾਦ ਇਕ ਸਿੰਘ ਦੇ ਘਰ ਸੀ, ਜੋ ਕਿਸੇ ਦਫਤਰ ਦਾ ਕਲਰਕ ਸੀ। ਸੋ ਸੰਤ ਆਪਣੇ ਟਿਕਾਣੇ ਪੁੱਜ ਕੇ ਮੂੰਹ ਹੱਥ ਧੋ ਕੇ ਉਨ੍ਹਾਂ ਦੇ ਘਰ ਚਲੇ ਗਏ। ਪਰਿਵਾਰ ਨੇ ਸਤਿਕਾਰ ਕੀਤਾ ਤੇ ਪ੍ਰਸ਼ਾਦ ਛਟਾਇਆ। ਪ੍ਰਸ਼ਾਦ ਛਕ ਕੇ ਸੰਤ ਲੇਟ ਗਏ ਤੇ ਉਸ ਵੇਲੇ ਘਰ ਦੇ ਮਾਲਕ ਸਵਰਨ ਸਿੰਘ ਜੀ ਨੇ ਆ ਕੇ ਵਾਰਤਾਲਾਪ ਛੇੜੀ। ਪਹਿਲੇ ਤਾਂ ਸਮੇਂ ਦੇ ਰੰਗਾਂ ਦੀ ਗੱਲਬਾਤ ਤੁਰੀ, ਫੇਰ ਕੁਝ ਰਾਜਸੀ ਬੱਦਲਾਂ ਦੀ ਰੰਗਾ ਰੰਗੀ ਤੇ ਘੁੜਦੌੜ ਦੇ ਹਾਲ ਚੱਲੇ, ਛੇਕੜ ਗੁਰ ਇਤਿਹਾਸ ਦੀ ਗੱਲ ਚਲ ਪਈ। ਸਵਰਨ ਸਿੰਘ ਜੀ ਨੇ ਸੰਤਾਂ ਨੂੰ ਦੱਸਿਆ ਕਿ ਸਾਡੇ ਘਰ ਵਿਚ ਇਕ ਵੱਡੇ ਵਡੇਰਿਆਂ ਦੀ ਬਖਸ਼ਿਸ਼ ਜਨਮ ਸਾਖੀ ਹੈ ਜੋ ਚੋਖੀ ਪੁਰਾਣੀ ਹੈ। ਸੰਤਾਂ ਨੇ ਪੁਛਿਆ ਕਿੰਨੀ ਕੁ?

ਸਵਰਨ ਸਿੰਘ – ਦੋ ਕੁ ਸੌ ਸਾਲ ਤੋਂ ਉਪਰ ਦੀ ਲਿਖਤ ਹੈ...ਮੈਂ ਹੀ ਲੈ ਆਵਾਂ, ਆਪ ਵੇਖ ਲਓ। ਇਹ ਆਖ ਕੇ ਉਹ ਚਲਾ ਗਿਆ ਤੇ ਸੰਦੂਕ ਦਾ ਜਿੰਦਰਾ ਖੋਲ੍ਹ ਕੇ ਪੋਥੀ ਲੈ ਆਇਆ। ਸੰਤਾਂ ਨੇ ਇਸ ਦੇ ਪੱਤਰੇ ਉਥੱਲੇ, ਕਾਗਜ਼ ਪੁਰਾਣਾ ਪੈ ਕੇ ਟੁੱਟ ਰਿਹਾ ਸੀ। ਸਹਿਜੇ ਸਹਿਜੇ ਅੰਤਲਾ ਪੱਤਰਾ ਪਰਤਿਆ ਤਾਂ ਡਿੱਠਾ ਕਿ ਲਿਖਾਰੀ ਦਾ ਸੰਮਤ 1791 ਬਿਕ੍ਰਮੀ ਹੈ। ਸੰਤਾਂ ਨੇ ਇਸ ਨੂੰ ਚੰਗੀ ਪੁਰਾਣੀ ਸਮਝ ਕੇ ਵਿਚੋਂ ਵਿਚੋਂ ਵਾਚਣਾ ਅਰੰਭਿਆ। ਕੁਦਰਤ ਕਰਤਾਰ ਦੀ, ਆਪ ਦੀ ਦ੍ਰਿਸਟੀ ਇਕ ਸਾਖੀ ਤੇ ਅਟਕ ਗਈ। ਜਿਸ ਸਾਖੀ ਤੇ ਲਿਖਿਆ ਸੀ –

ਅਗੇ ਸਾਖੀ ਬੀਚਾਰ ਫਕੀਰੀ ਕਾ ਫੈਲਸੂਫ ਫਕੀਰ ਨਾਲ

ਸੰਤਾਂ ਨੇ ਨਾਲ ਹੀ ਡਿੱਠਾ ਕਿ ਫੈਲਸੂਫ ਦੀ ਮੂਰਤ ਬੀ ਬਾਬੇ ਦੀ ਮੂਰਤ ਦੇ ਨਾਲ ਦਿਤੀ ਹੈ। ਤਦ ਗਹੁ ਕਰ ਕੇ ਵਾਚਣ ਲਗ ਪਏ ਕਿ ਦੇਖੋ ਜੇ ਮੇਰੀ ਅੰਤਰੀਵ ਮੁਸ਼ਕਲ ਦਾ ਕੋਈ ਤੋੜ ਟੋਟਕਾ ਇਥੋਂ ਹੀ ਲੱਭ ਪਵੇ ਤਾਂ।

ਸਾਖੀ ਉਹ ਇਉਂ ਲਿਖੀ ਹੋਈ ਸੀ –

ਤਬ ਏਕ ਫੈਲਸੂਫ ਫਕੀਰ ਨਾਲ ਗੋਸਟ ਹੋਈ। ਤਬ ਬਾਬਾ ਬੋਲਿਆ ਪਹਿਲੇ ਫਕੀਰਾ ਅੰਦਰਿ ਚਾਹੀਐ। ਅੰਦਰਿ ਫਕੀਰੀ ਹੋਇ ਸੁ ਕਿਸ ਭਾਂਤਿ ਹੋਇ? ਜਿਉਂ ਧਾਨ ਕੀ ਮੁੰਜਰ ਹੋਇ ਸਠੀ ਕੀ। ਤਉ ਕੁਛ ਸੋਧੀਐ ਅੰਦਰਿ ਫਲੁ ਹੋਇ। ਇਸ ਭਾਂਤਿ ਕਰਕੇ ਜੇ ਅੰਦਰਿ ਫਕੀਰੀ ਹੋਇ ਤਾਂ ਭਾਵੈ ਗ੍ਰਿਹਸਤ ਮਹਿ ਹੋਵੇ, ਭਾਵੈ ਉਦਾਸ ਮਹਿ ਹੋਵੈ। ਅਰ ਜੇ ਗ੍ਰਿਹਸਤੁ ਮਹਿ ਨਾ ਰਹੈ ਬਾਹਰਿ ਨਿਕਲੈ, ਭੇਖ ਕਰਿ ਨਿਕਲੇ ਫਕੀਰਾ ਦਾ।...

ਟੋਪੀ ਲੇਵੇ, ਖਫਨੀ ਪਹਰੇ, ਲੰਗੋਟੀ ਪਹਰੇ। ਤਬ ਏਹ ਬਸਤਰ ਤੋਬਹ ਤੋਬਹ ਕਰ ਉਠਤੇ ਹੈਂ। ਕਹਤ ਹੈਨਿ ਏ ਹੈਵਾਨ ਖੁਦਾਇ ਦੇ ਤੂ ਅਸਾਂਨੂੰ ਉਪਰਿ ਨਾ ਲੈ। ਜਿਨ੍ਹਾਂ ਦੇ ਅਸੀਂ ਬਸਤ੍ਰ ਹਾਂ, ਜੇ ਓਇ ਅਮਲ ਹੋਵਨੀ ਤਾਂ ਲੈ ਨਹੀਂ ਤਾਂ ਨਾ ਲੈ। ਜਿਨ੍ਹਾਂ ਦਾ ਤੂੰ ਕੁਟਣੁ ਹੈ ਸੋ ਲੈ। ਕਹੋ ਜੀ ਫੁਰਮਾਈਐ। ਸੋ ਬਸਤ੍ਰ ਕਵਨੁ ਹੈ ਜਿਸ ਪਹਿਰੇ ਸੋਭਾ ਪਾਵਹਿ। ਤਬ ਬਸਤਰੁ ਕਹਤੇ ਹੈ ਜੀ...ਟੋਪੀ ਪਹਰਣੀ ਏਹ ਬਾਲਕ ਦਾ ਭੇਖ ਹੈ। ਕੇਹਾ ਬਾਲਕ ਜਿਚਰੁ ਗੋਦੀ ਰੁੜਦਾ ਹੋਵੈ। ਜੇ ਉਸ ਬਾਲਕ ਜੇਹਾ ਹੈਂ ਤਾਂ ਅਸਾਂ ਕਉ ਹਥੁ ਲਾਇ। ਅਤੇ ਜੇ ਸਿਆਣਾ ਹੈ ਤਾਂ ਨਾ ਲਾਇ। ਅਰ ਖਫਨੀ ਬੋਲੀ ਏ ਯਾਰ ਖੁਦਾਇ ਦੇ ਜੇ ਮੈਨੂੰ ਪੈਨਦਾ ਹੈਂ ਖਫਨੀ ਮੁਰਦੇ ਦਾ ਪਹਰਾਵਾ ਹੈ। ਜੇ ਜੀਂਵਦਾ ਮੁਰਦਾ ਹੋਵੈਂ ਤਾਂ ਪਹਰੁ ਅਤੇ ਏ ਜੇ ਕਾਈ ਦੁਨੀਆਂ ਦੀ ਹਿਰਸ ਕਰਹਿ ਤਾਂ ਤੂੰ ਮੈਨੂੰ ਨਾ ਪਹਰੁ। ਫਿਰ ਫਹੋੜੀ ਬੋਲੀ, ਬੰਦੇ ਖੁਦਾਇ ਦੇ ਮੈਂ ਤੋ ਮਿਸਲ ਗੁਦੜ ਦੀ ਧੂਏ ਦੀ ਹਾਂ, ਜੇ ਖੁਦੀ ਹਿਰਸਿ ਛੋਡਿਹਿ ਖੁਦਾਇ ਦੇ ਉਪਰਿ ਧੁਖਹਿ ਤਾਂ ਹਥਿ ਲਾਇ। ਨਾ ਧੁਖਹਿੰ ਤਾਂ ਨਾ ਲਾਇ। ਫੇਰ ਡਿਬੀ ਬੋਲੀ, ਏ ਬੰਦੇ ਖੁਦਾਇ ਦੇ ਤੂੰ ਜੁ ਮੈਨੂੰ ਹਥੁ ਲਾਇੰਦਾ ਹੈ। ਜੇ ਉਤਮਿ ਜਲ ਚਲਹਿ ਤਾਂ ਤੂੰ ਮੈਨੂੰ ਹਥੁ ਲਾਇ। ਤਬ ਉਸ ਪੁਛੀ ਡਿਬੀ ਤੇਰਾ ਕਵਣੁ ਰਾਹੁ ਹੈ। ਤਾਂ ਡਿਬੀ ਬੋਲੀ ਮੇਰਾ ਰਾਹੁ ਉਪੁਠਾ ਹੈ। ਹੋਰਨਾਂ ਭਾਂਡਿਆਂ ਦੇ ਮੁਹਿ ਸਿਧੇ ਹੈਨ ਮੇਰਾ ਮੁਹੁ ਅਪੁਠਾ ਹੈ। ਜੇਕਰ ਜਹਾਨ ਦੀਓਂ ਸ਼ਾਦੀਓਂ ਗਮੀਓਂ ਵਲੋਂ ਮੁਹੁ ਅਪੁਠਾ ਕਰਿ ਰਖੈ ਤਾ ਹਥੁ ਲਾਇ, ਨਾਹੀ ਤਾ ਨਾ ਲਾਇ। ਬਹੁੜਿ ਫਕੀਰੀ ਦੀ ਕਿਆ ਮਜਲਿ ਹੈ ਜੇ ਏਕ ਬਾਰ ਏਹ ਘਰੁ ਤਿਆਗ ਨਿਕਲੇ ਤਾਂ ਫਿਰ ਕਿਆ ਦੁਨੀਆਂ ਦੇ ਘਰਾਂ ਅਗੇ ਜਾਇ ਹਥ ਅਡੇ। ਸਬਰੁ ਕਰਕੇ ਬਹਿ ਰਹੋ। ਖੁਦਾਇ ਉਪਰਿ ਸਿਦਕੁ ਕਰੋ। ਇਕੇ ਦਮੁ ਨਿਕਲਿ ਗਇਆ ਇਕੈ ਖੁਦਾਇ ਮਿਲਿਆ। ਜਿਸ ਦੁਨੀਆਂ ਨੂੰ ਤਿਆਗਿ ਨਿਕਲਿਆ ਫਿਰ ਉਸ ਹੀ ਦੁਨੀਆਂ ਵਿਚ

ਹਟਿ ਹਟਿ ਲਗਾ ਮੰਗਿ ਮੰਗਿ ਖਾਵਨਿ। ਤਾਂ ਖੁਦਾਇ ਨਾਲਿ ਵਾਸਲੁ ਨ ਹੋਇਓ। ਤਾਂ ਕਿਸ ਹੀ ਮਜਲ ਨ ਪਹੁਤਾ। ਜੇ ਇਜੇਹੀ ਫਕੀਰੀ ਹੋਇ ਨ ਆਵੈ ਤਾਂ ਇਸ ਨੂੰ ਘਰੁ ਹੀ ਭਲਾ। ਮਤੁ ਕੁਛ ਸ਼ਕਤੀ ਵਿਚ ਖੁਦਾਇ ਦੇ ਨਾਇ ਭੀ ਨਿਕਲੇ। ਜਦਿ ਕਦਿ ਏਵੈ ਫਕੀਰੀ ਕਰੈ। ਜੇ ਨਾ ਕਰੇ ਤਾਂ ਸਾਂਗੀ ਹੋਇਆ। ਸਾਂਗੀ ਕਿਆ ਕਰਦੇ ਹੈਨ। ਰਤੀ ਇਕੁ ਸਾਂਗੁ ਕਰਿ ਆਵਦੇ ਹੈਨਿ। ਸਾਂਗੀ ਐਨ ਜੋਗੀ ਹੈਨ ਸੰਨਿਆਸੀ ਹੈਨ। ਜੋ ਰੂਪੁ ਕੀਤਾ ਲੋੜਿਨਿ। ਬਾਹਰਹੁ ਸਾਂਗ ਕਰਤੇ ਹੈਨ ਅੰਦਰਹੁ ਮਸਕਲੇ ਹੈਨ। ਜੋਗੀ ਸੰਨਿਆਸੀ ਹੋਵਉ, ਪੀਰ ਪੁਰਖ ਹੋਵਉ, ਭਗਤੁ ਸਿਧ ਸਾਧਕ ਹੋਵਉ, ਅੰਦਰਿ ਦਾਵਾ ਰਹਿਆ ਤਾਂ ਸਾਂਗੀ ਹੋਇਆ। ਜੇ ਦਾਵਾ ਦੂਰ ਹੋਵੈ ਤਾਂ ਫਕੀਰੁ ਭੀ, ਪੀਰ ਭੀ, ਮੁਰੀਦੁ ਭੀ, ਸਿੱਖੁ ਭੀ, ਗੁਰੂ ਭੀ। ਵਾਹੁ ਬਾਬਾ ਨਾਨਕ ਬੰਦੇ ਖੁਦਾਇ ਦੇ ਧਨੁ ਤੇਰੀ ਕਮਾਈ॥ ਸਾਖੀ ਪੂਰੀ ਹੋਈ॥

ਇਹ ਵਾਰਤਾ ਪੜ੍ਹ ਕੇ ਸੰਤ ਸੋਚੀਂ ਪੈ ਗਏ। ਫੇਰ ਪੋਥੀ ਖੁਹਲੀ ਤੇ ਇਹ ਸਤਰ ਮੁੜ ਮੁੜ ਵਾਚੀ, ਅੰਦਰ ਫਕੀਰੀ ਹੋਇ ਸੁ ਕਿਸ ਭਾਂਤਿ ਹੋਇ ਜਿਉ ਧਾਨ ਕੀ ਮੁੰਜਰਿ ਹੋਇ ਸਠੀ ਕੀ। ਸੱਠੀ ਦੇ ਚਾਵਲ ਦਾ ਸਿੱਟਾ ਬਾਹਰੋਂ ਖੁਰਦਰਾ ਤੇ ਤੋਹ ਰੂਪ ਅੰਦਰੋਂ ਮਿੱਠਾ ਚਾਵਲ। ਫਿਰ ਅਗਲੀ ਸਤਰ ਪੜ੍ਹੀ – ਜੇ ਅੰਦਰਿ ਫਕੀਰੀ ਹੋਇ ਤਾਂ ਭਾਵੈਂ ਗ੍ਰਿਹਸਤ ਮਹਿ ਹੋਵੈ ਭਾਵੈ ਉਦਾਸ ਮਹਿ ਹੋਵੈ। ਫਿਰ ਸੋਚ ਪਈ ਕਿ ਕਿਵ ਕਰੀਏ? ਮੈਂ ਛਲ ਕਪਟ ਨਹੀਂ ਕੀਤਾ, ਵਿਦਿਆ ਪੜ੍ਹੀ, ਵਿਦਿਆ ਪੜ੍ਹਾਈ, ਗਿਆਨ ਸਮਝਿਆ, ਸਮਝਾਇਆ, ਵਿਕਾਰਾਂ ਤੋਂ ਬੀ ਬਚ ਬਚਾ ਹੀ ਰਿਹਾ ਹੈ। ਗੁਰਮੁਖ ਆਖਦੇ ਸੀ ਮਨ ਹੋਰ ਆਸਰੇ ਧਾਰਦਾ ਹੈ। ਇਸ ਵਿਚ ਕੁਛ ਭੇਤ ਹੈ। ਉਨ੍ਹਾਂ ਨੇ ਸਾਖੀ ਬੀ ਸੁਣਾਈ ਸੀ, ਉਹ ਜੋਗੀ ਮਾਨ ਦੇ ਆਸਰੇ ਜੀਉਂਦਾ ਸੀ। ਆਸਰਾ ਮਨ ਅਨਜਾਣੇ ਹੀ ਧਾਰ ਲੈਂਦਾ ਹੈ, ਸਹੁਰਾ ਮਿੱਟੀ ਦਾ ਜੁ ਹੋਇਆ, ਮਿੱਟੀ ਖੜੋਂਦੀ ਹੀ ਮਿੱਟੀ ਦੇ ਥੰਮ੍ਹਿਆਂ ਦੇ ਆਸਰੇ ਹੈ। ਪਰ ਨਹੀਂ, ਗੁਰਬਾਣੀ ਆਖਦੀ ਹੈ, 'ਮਨ ਤੂੰ ਜੋਤਿ ਸਰੂਪੁ ਹੈ.......। ਹਾਂ ਜੋਤ ਮਿੱਟੀ ਵਿਚ ਲੁਕੀ ਪਈ ਹੈ। ਦੇਹ ਦੀ ਕੁਨਾਲੀ ਨੇ ਜੋਤ ਦੱਬ ਰੱਖੀ ਹੈ। ਤਾਂਹੀਓ ਬੰਦੇ ਆਪ ਨੂੰ ਮਾਇਆ ਵਿਚ ਫਸਾ ਫਸਾ ਕੇ ਖੁਸ਼ ਹੁੰਦੇ ਹਨ। ਇਸ ਤਰ੍ਹਾਂ ਸੋਚਦੇ ਆਪ ਟਿਕ ਗਏ।

## ੩

ਅਗਲੇ ਦਿਨ ਸੰਤ ਵੇਲੇ ਸਿਰ ਗੁਰਮੁਖ ਜੀ ਕੋਲ ਜਾ ਅੱਪੜੇ, ਅੱਗੇ ਉਹ ਬੈਠੇ ਵਾਰਤਾਲਾਪ ਕਰ ਰਹੇ ਸਨ, ਕੋਈ ਸੰਨਿਆਸੀ ਸਾਧੂ ਉਨ੍ਹਾਂ ਤੋਂ ਕੁਛ ਪੁੱਛ ਰਹੇ ਸੇ ਤੇ ਉਨ੍ਹਾਂ ਨੇ ਉਤਰ ਦਿਤਾ ਸੀ। ਜਾਂ ਇਹ ਸਾਧੂ ਚਲੇ ਗਏ ਤਾਂ ਗੁਰਮੁਖਾਂ ਨੇ ਇਧਰ ਰੁਖ ਮੋੜਿਆ। ਸੰਤਾਂ ਨੇ ਕਲ ਜੋ ਸਾਖੀ ਪੜ੍ਹੀ ਸੀ ਸੁਣਾਈ। ਗੁਰਮੁਖ ਨੇ ਸੁਣ ਕੇ ਕਿਹਾ – ਗੁਰੂ ਬਾਬੇ ਦਾ ਬੋਲਣਾ ਜਦ ਹੁੰਦਾ ਹੈ, 'ਸੱਚ' ਉਤੇ ਹੁੰਦਾ ਹੈ। ਇਸ ਸਾਖੀ ਵਿਚ ਬੀ 'ਸੱਚ' ਦਾ ਜ਼ੋਰ ਹੈ। ਸੰਤ ਜੀ! ਸੱਚ ਹੀ ਮੂਲ ਹੈ, ਸਾਧਨ ਭੀ ਸੱਚ ਹੈ ਤੇ ਪ੍ਰਾਪਤੀ ਬੀ ਸੱਚ ਹੈ, ਸੱਚ ਬਿਨਾਂ ਸਭ ਘਾੜਤ ਕੱਚ ਹੈ।

ਸੰਤ – ਸੱਚ ਦੀ ਸੋਝੀ ਪਈ ਜਿੰਨੀ, ਓਨਾ ਕਮਾਉਣ ਤੇ ਤਾਣ ਲਾ ਲਿਆ। ਅੱਗੇ? ਅੱਗੇ ਕਿਰਪਾ ਕਰਕੇ ਦੱਸੋ ਨਾ ਕਿਵ ਕਰੇ?

ਗੁਰਮੁਖ – ਫੇਰ ਹੋਰ ਕੱਚ ਖੁਲ੍ਹਦਾ ਹੈ ਫਿਰ ਉਸਨੂੰ ਸੋਧਿਆ। ਸੋਧਦਿਆਂ ਸੋਧਦਿਆਂ ਕੱਚ ਦੇ ਛਿੱਲੜ ਲਹਿੰਦੇ ਲਹਿੰਦੇ ਅੰਤ ਸੱਚ, ਨਿਰੋਲ ਸੱਚ, ਰਹਿ ਜਾਂਦਾ ਹੈ। ਹੁਣ ਸੱਚ ਦਾ ਜੋ ਹੈ ਮਾਲਕ ਤੇ ਸਰੂਪ, ਜਿਸ ਨੂੰ ਆਖੀਦਾ ਹੈ – 'ਸੱਚਾ' ਉਹ ਸੱਚਾ ਫੇਰ ਆਪੇ ਵਿਚ ਸਮਾ ਲੈਂਦਾ ਹੈ ਜਤਨ ਕਰਨਹਾਰ ਨੂੰ। ਲਓ ਹੁਣ ਤੁਸਾਂ ਸਾਨੂੰ ਫੈਲਸੂਫ ਦੀ ਸਾਖੀ ਸੁਣਾਈ ਹੈ, ਅਸੀਂ ਤੁਹਾਨੂੰ ਕੱਲ ਦੀ ਕਹੀ ਹੋਈ ਮਛਿੰਦ੍ਰ ਦੀ ਗੋਸ਼ਟ ਸੁਣਾਉਂਦੇ ਹਾਂ। ਫੈਲਸੂਫ ਨਾਮ ਹੈ ਦਾਰਸ਼ਨਿਕ ਵਿਦਿਆ ਜਾਣਨ ਵਾਲੇ ਦਾ, ਪਰ ਹੁਣ ਉਸ ਨੂੰ ਕਹਿੰਦੇ ਹਨ ਜੋ ਦੋ ਚਾਰ ਗੱਲਾਂ ਸਿੱਖ ਕੇ ਅਕਲੀ ਫਹੁ ਮਾਰਨ ਲਗ ਜਾਂਦਾ ਹੈ ਤੇ ਬਣ ਠਣ ਕੇ ਰਹਿੰਦਾ ਹੈ। ਕਪੜੇ ਆਦਿਕ ਦੀ ਸਫਾਈ ਰਖਦਾ ਹੈ ਤੇ ਫੂਕ ਫੂਕ ਕੇ ਪੈਰ ਧਰਦਾ ਹੈ, ਉਸ ਨੂੰ ਪਏ ਆਖਦੇ ਹਨ ਫੈਲਸੂਫ। ਸੋ ਫੈਲਸੂਫ ਨਿਸ਼ਚੇ ਦੇ ਘਰ ਨਹੀਂ ਵਸਦਾ, ਇਸੇ ਕਰਕੇ ਉਸਨੂੰ ਕਿਹਾ ਸੀ ਕਿ ਸਠੀ ਦੇ ਧਾਨ ਦੇ ਸਿੱਟੇ ਵਾਂਙ ਹੈ। ਬਾਹਰੋਂ ਭਾਵੇਂ ਖੁਰਦਰਾ, ਪਰ ਅੰਦਰੋਂ ਮੁੱਲ ਵਾਲਾ, ਜਿਸ ਪਟੁ ਅੰਦਰਿ ਬਾਹਰਿ ਗੁਦੜੁ। ਲਓ ਹੁਣ ਗੋਸ਼ਟ ਸੁਣੋ, ਆਸ ਹੈ ਇਸ ਨਾਲ ਬਾਕੀ ਦੀ ਗੱਲ ਖੁਲ੍ਹ ਜਾਏਗੀ –

ਜਦੋਂ ਸ੍ਰੀ ਗੁਰੂ ਜੀ ਸੰਗਲਾਦੀਪ ਨੂੰ ਗਏ ਹਨ ਤਾਂ ਕਿਸੇ ਟਾਪੂ ਵਿਚ ਯਾ ਕਿਨਾਰੇ ਦੇ ਕਿਸੇ ਛੋਟੇ ਜਿਹੇ ਪਾਣੀ ਘਿਰੇ ਥ੍ਹੇਤੇ ਵਿਚ ਪੁਜੇ ਤਾਂ ਅੱਗੇ ਗੋਰਖਨਾਥ ਤੇ ਉਸਦਾ ਗੁਰੂ ਮਛਿੰਦ੍ਰ ਬੈਠੇ ਸਨ। ਦੂਰੋਂ ਦੇਖ ਕੇ ਪੁਛਿਓਸੁ, ਗੋਰਖ! ਕੌਣ ਆ ਰਹੇ ਹਨ? ਗੋਰਖ ਨੇ ਕਿਹਾ ਕਿ ਜੀ ਗੁਰੂ ਨਾਨਕ ਹੈ ਨਾਲ ਦੋ ਸਿੱਖ ਹਨ। ਮਛਿੰਦਰ ਖੁਸ਼ ਹੋਇਆ ਤੇ ਆਦਰ ਦੇ ਕੇ ਆਦੇਸ ਕੀਤੀਓਸੁ। ਸੁਖ ਸਾਂਦ ਆਪੋ ਵਿਚ ਪੁਛ ਕੇ ਬਹਿ ਗਏ ਤਾਂ ਮਛਿੰਦ੍ਰ ਨੇ ਪੁਛਿਆ –

ਹੇ ਗੁਰੂ ਨਾਨਕ! ਸਾਗਰ ਵਿਚ ਬੈਠੇ ਹਾਂ, ਦੇਖੋ, ਜੇ ਕੋਈ ਸਾਗਰ ਵਿਚ ਜੀਉਂਦਾ ਪੈ ਜਾਏ ਤਾਂ ਡੁੱਬ ਜਾਂਦਾ ਹੈ, ਜੇ ਮਰ ਕੇ ਪਵੇ ਤਾਂ ਤਰਦਾ ਹੈ, ਪਰ ਐਦਾਂ ਦਾ ਤਰਿਆ

ਭਾਵੇਂ ਡੁੱਬਾ ਮੁਰਦਾ ਹੀ ਹੈ, ਤੂੰ ਦੱਸ ਕਿ ਇਹ ਸਾਗਰ ਕੀਕੂੰ ਤਰੀਏ ਜੋ ਤਰਿਆ ਬੀ ਜਾਏ ਤੇ ਤਾਰੂ ਜੀਉਂਦਾ ਬੀ ਰਹੇ। ਸ੍ਰੀ ਗੁਰੂ ਜੀ ਬੋਲੇ – ਹੇ ਜੋਗੀ ਰਾਜ! ਜਲ ਉਤੇ ਤਰਨਾ ਸਿੱਖੋ। ਪਹਿਲਾਂ ਤਾਰੀ ਪੈਰਾਂ ਦੇ ਜ਼ੋਰ ਨਾਲ ਆਉਂਦੀ ਹੈ। ਜਦੋਂ ਤਾਰੂ ਹੋ ਜਾਏ ਤਾਂ ਫੇਰ ਮੁਰਦਾ ਤਾਰੀ ਸਿੱਖਦਾ ਹੈ। ਇਸ ਤਾਰੀ ਦੇ ਆਇਆਂ ਬਿਨਾਂ ਜਤਨ ਤਰਦਾ ਹੈ ਜਿਵੇਂ ਮੁਰਦਾ ਬਿਨਾਂ ਜਤਨ ਤਰਦਾ ਹੈ ਤੇ ਫੇਰ ਤਰਨਹਾਰ ਜੀਉਂਦਾ ਬੀ ਰਹਿੰਦਾ ਹੈ। ਪਰ ਹੇ ਜੋਗੀ! ਇਹ ਬੀ ਸੋਚੋ ਨਾ, ਕਿ ਤਰਨਾ ਕਿਸ ਵਾਸਤੇ ਹੈ? ਐਵੇਂ ਤਰਨਾ ਤਾਂ ਇਕ ਮਨ ਦਾ ਤਰਨਾ ਕਿਸ ਵਾਸਤੇ ਹੈ? ਐਵੇਂ ਤੁਰਨਾ ਤਾਂ ਇਕ ਮਨ ਦਾ ਚਾਉ ਹੈ, ਸਰੀਰ ਦੀ ਕਸਰਤ ਹੈ, ਕਿਸੇ ਪ੍ਰਯੋਜਨ ਲਈ ਤਰਨਾ ਚਾਹੀਏ।

ਮਛਿੰਦ੍ਰ ਇਸ ਲਈ ਕਿ ਸਰੀਰ ਅਰੋਗ ਰਹੇ, ਉਮਰ ਲੰਮੀ ਹੋਵੇ, ਆਪਣੇ ਸਰੂਪ ਵਿਚ ਟਿਕੇ, ਜਗਤ ਵਿਚ ਭਲੀ ਬੀਤੇ।

ਗੁਰੂ ਜੀ – ਇਸ ਗੱਲ ਲਈ ਤਾਂ ਤੁਸਾਂ ਜਗਤ ਛੱਡ ਦਿਤਾ, ਏਕਾਂਤ ਵਾਸੀ ਹੋ ਕੇ ਜੋਗ ਸਾਧਨਾਂ ਵਿਚ ਲਗ ਗਏ, ਸੋ ਤੁਸੀਂ ਤਾਂ ਗ੍ਰਿਹਸਤ ਦਾ ਮਾਇਆ ਜਾਲ ਛੋੜ ਗਏ, ਤੁਸੀਂ ਹੁਣ ਸੁਕੀਂ ਲੱਤੀਂ ਤੁਰ ਰਹੇ ਹੋ, ਤੁਹਾਨੂੰ ਤਰਨ ਦੀ ਕੀ ਲੋੜ ਹੈ, ਤੁਹਾਨੂੰ ਤਾਂ ਤੁਰਨ ਦੀ ਲੋੜ ਹੈ।

ਮਛਿੰਦ੍ਰ ਤ੍ਰਭ੍ਰਕਿਆ, ਸੋਚੀਂ ਪੈ ਗਿਆ, ਫੇਰ ਬੋਲਿਆ – ਭਲਾ ਤਰਨਾ ਕਿਸ ਨੂੰ ਲੋੜੀਦਾ ਹੈ, ਭਉਜਲ ਕਿਸ ਦੇ ਅੱਗੇ ਹੈ?

ਗੁਰੂ ਜੀ – ਇਹ ਤਾਂ ਅਸਾਂ ਲੋਕਾਂ ਵਾਸਤੇ ਹੈ ਜਿਨ੍ਹਾਂ ਨੇ ਆਪਣੇ ਪ੍ਰੀਤਮ ਪਾਸ ਪਹੁੰਚਣਾ ਹੈ। ਜਿਨ੍ਹਾਂ ਦਾ ਮਨੋਰਥ ਆਪੇ ਦਾ ਸੁਖ ਟੋਲਣਾ ਨਹੀਂ, ਪਰ ਸੁਖਾਂ ਦੇ ਸਵਾਮੀ ਆਪਣੇ ਪ੍ਰੀਤਮ ਪਾਸ ਅੱਪੜਨਾ ਹੈ, ਜਿਨ੍ਹਾਂ ਨੂੰ ਇਹ ਲਲਨਾ ਲਗ ਰਹੀ ਹੈ ਕਿ ਸਾਡੇ ਪਿਆਰੇ ਦਾ ਦਰ ਜੋ ਕਈ ਦਰਾਂ ਨੂੰ ਲੰਘ ਕੇ ਆਉਂਦਾ ਹੈ ਕਿਵੇਂ ਲੱਭੇ, ਉਸ ਅਸਲੀ ਤੇ ਉਸ ਦੇ ਵਸੇਬੇ ਦੇ ਦਰ ਦੀ ਸਾਨੂੰ ਟੋਲ ਹੈ। ਉਸ ਪ੍ਰੀਤਮ ਦੇ ਪਿਆਰ ਕਾਰਨ ਅਸੀਂ ਉਸ ਦੇ ਉਸ ਦਰ ਲਈ ਉਦਾਸ ਫਿਰ ਰਹੇ ਹਾਂ ਤੇ ਪੁੱਛ ਦੱਸ ਰਹੇ ਹਾਂ ਕਿ ਕੋਈ ਆ ਕੇ ਦੱਸੇ ਤੇ ਜਿਸ ਦਰ ਵਿਚ ਉਹ ਪ੍ਰੀਤਮ ਵਸਦਾ ਹੈ ਉਹ ਕਿਹੜਾ ਦਰ ਕਹੀਦਾ ਹੈ?

ਮਛਿੰਦ੍ਰ – ਉਹ ਦਰ ਆਪਣਾ ਸਰੂਪ ਹੈ।

ਗੁਰੂ ਜੀ – ਅਸਾਂ ਤਾਂ ਉਸਨੂੰ ਟੋਲਣਾ ਹੈ ਜੋ ਆਪੇ ਦਾ ਪਰਮ ਆਪਾ ਹੈ, ਜਿਸਨੂੰ ਕਰਤਾ ਪੁਰਖ ਕਰਕੇ ਜਾਤਾ ਤੇ ਪਿਆਰਿਆ ਹੈ। ਉਸ ਦਾ ਅਸਾਂ ਦਰ ਲੱਭਣਾ ਹੈ ਜਿੱਥੇ ਬੈਠ ਕੇ ਪਿਆਰਾ ਸਭ ਦੀ ਸੰਭਾਲ ਕਰਦਾ ਹੈ।

ਮਛਿੰਦ੍ਰ – ਫੇਰ ਤੁਹਾਡੇ ਖਿਆਲ ਵਿਚ ਉਹ ਕਿੱਥੇ ਵਸਦਾ ਹੈ?

ਗੁਰੂ ਜੀ – ਸਾਡਾ ਪ੍ਰੀਤਮ ਪੁਰਖ ਜਿਸ ਆਸਣ ਤੇ ਬਿਰਾਜਮਾਨ ਹੈ ਉਸਦਾ ਨਾਮ ਹੈ 'ਸੱਤ।' ਇਹ ਆਸਣ ਜਿਸ ਘਰ ਵਿਚ ਲਗ ਰਿਹਾ ਹੈ ਉਸ ਦੇ ਦਰਵਾਜ਼ੇ ਦਾ ਨਾਉਂ ਹੈ ਦੁਖ, ਉਸ ਨੂੰ ਦੋ ਤਖਤੇ ਲੱਗੇ ਹੋਏ ਐਸੇ ਹਨ ਕਿ ਮਾਨੋ ਜੜੇ ਹੋਏ ਹਨ, ਉਨ੍ਹਾਂ ਦਾ ਨਾਮ ਹੈ ਆਸ ਤੇ ਅੰਦੇਸਾ। ਫਿਰ ਇਸ ਦਰਵਾਜ਼ੇ ਅੱਗੇ ਜੋ ਪਹਿਰੇਦਾਰ ਹੈ ਉਸ ਦਾ ਨਾਮ ਹੈ, ਮਾਯਾ। ਇਸ ਪਾਣੀ ਦੇ ਵਿਚਾਲੇ ਸਾਡੇ ਪਰੀਤਮ ਨੇ ਆਪਣੇ ਰਹਣੇ ਦਾ ਘਰ ਬਨਾਇਆ ਹੋਇਆ ਹੈ। ਇਸ ਲਈ ਸਾਨੂੰ ਲੋੜ ਹੈ ਤਰਨਾ ਸਿੱਖਣ ਦੀ, ਕਿਉਂਕਿ ਸਾਡਾ ਪ੍ਰਯੋਜਨ ਆਪਾ ਨਿਵਾਰਨ ਤੇ ਬੱਸੇ ਨਹੀਂ, ਪਰ ਅਸਾਂ ਪ੍ਰੀਤਮ ਦੇ ਦੇਸ, ਪ੍ਰੀਤਮ ਦੇ ਘਰ, ਉਸ ਦੇ ਪਾਸ ਪੁੱਜਣਾ ਹੈ।

ਮਛਿੰਦ੍ਰ – ਤਦ ਤੁਸਾਂ ਦਾ ਮਾਰਗ ਜੋਗ ਨਹੀਂ।

ਗੁਰੂ ਜੀ – ਸਾਡਾ ਮਾਰਗ ਪਿਆਰੇ ਨਾਲ ਪ੍ਰੇਮ ਹੈ।

ਮਛੰਦ੍ਰ – ਜਿਸਨੂੰ ਤੁਸਾਂ ਡਿੱਠਾ ਨਹੀਂ ਉਸ ਦੇ ਪ੍ਰੇਮ ਦਾ ਕੀਹ ਸਰੂਪ ਹੈ?

ਗੁਰੂ ਜੀ ਦੇ ਸੁਣਕੇ ਪਿਆਰ ਨਾਲ ਨੈਣ ਭਰ ਗਏ, ਨਜ਼ਰਾਂ ਜੋਗੀਆਂ ਤੋਂ ਉਠ ਕੇ ਉਪਰ ਨੂੰ ਹੋ ਕੇ ਨੈਣ ਅਧਖੁਲ੍ਹੇ ਅਧਮਿਟੇ ਹੁੰਦੇ ਬੰਦ ਹੋ ਗਏ। ਦੋ ਬੂੰਦਾਂ ਕਿਰੀਆਂ ਤੇ ਆਵਾਜ਼ ਆਈ – ਹੇ ਪਿਆਰੇ ਤੇਰੇ ਜਿਹਾ ਤੂੰ ਹੀ ਹੈਂ, ਤੂਈਂ, ਤੂਈਂ, ਤੂਈਂ ਤੇਰੇ ਜੇਹਾ ਹੋਰ ਕੋਈ ਨਹੀਂ, ਤੇਰਾ ਮੈਂ ਅੰਤਰ ਨਹੀਂ ਪਾਯਾ, ਪਰ ਤੇਰਾ ਨਾਮ, ਹਾਂ ਤੇਰਾ ਨਾ – ਤੇਰਾ ਨਾਮ (ਤ੍ਰਬਕ ਕੇ) ਮਨਾਂ, ਉਚੀ ਨਹੀਂ ਬੋਲਣਾ, ਕਿਸਨੂੰ ਬੋਲ ਕੇ ਸੁਨਾਉਣਾ ਹੈਂ? ਮਨ, ਮਨ ਵਿਚ ਹੀ ਰਹੁ। ਪਿਆਰ ਮਨ ਵਿਚ ਹੀ ਰਹੇ, ਉਹ ਜਾਣੀ ਜਾਣ ਹੈ, ਆਪ ਜਾਣਦਾ ਹੈ, ਆਪ ਹੀ ਮਿਹਰਾਂ ਕਰਦਾ ਹੈ। ਇਉਂ ਉਚਾਰਦੇ ਆਪ ਚੁੱਪ ਹੋ ਗਏ, ਅਰ ਕੁਛ ਕਾਲ ਚੁੱਪ ਵਰਤੀ ਰਹੀ। ਜਦ ਆਪ ਦੇ ਫੇਰ ਨੈਣ ਖੁਲ੍ਹੇ ਤਾਂ ਮਛੰਦ੍ਰ ਬੋਲਿਆ – ਅਸੀਂ ਬੀ ਤਾਂ ਆਲਖ ਆਲਖ ਉਸੇ ਇਕ ਨੂੰ ਆਖਦੇ ਹਾਂ, ਫਰਕ ਕਿੱਥੇ ਹੈ?

ਗੁਰੂ ਜੀ – ਜੋਗੀ ਜੀ! ਜਦ ਤਾਂਈ ਇਸਦੇ ਅੰਦਰ ਚਾਹੇ ਇਹ ਮਾਯਾ ਧਾਰੀ ਹੈ ਤੇ ਚਾਹੇ ਜੋਗੀ, ਜਤੀ, ਗਿਆਨੀ ਹੈ, ਆਸਾ ਤੇ ਅੰਦੇਸਾ ਹੈਨ, ਤਦ ਤਕ 'ਇਕ' ਦਾ ਕਹਿਣਾ ਕੀਹ ਅਰਥ ਰਖਦਾ ਹੈ? ਆਸਾ ਤੇ ਅੰਦੇਸੇ ਆਲਖ ਆਲਖ ਕਹਿਣ ਨੂੰ ਯਾ ਵਾਹਦਾਨੀਅਤ ਦੇ ਕੂਕਣ ਨੂੰ ਅੱਗੇ ਨਹੀਂ ਵਧਣ ਦੇਂਦੇ, ਪਰ ਜੇ ਆਸਾ ਵਿਚ ਨਿਰਾਸ ਰਹੇ ਤਾਂ ਉਹ ਪ੍ਰੀਤਮ ਜੋ ਇਕ ਹੈ ਮਿਲ ਪੈਂਦਾ ਹੈ। ਆਸਾ ਇਕ ਪਿਆਰੇ ਦੇ ਮਿਲਣ ਦੀ ਰੱਖੇ, ਬਾਕੀ ਸੰਸਾਰਕ ਲੋੜਾਂ

ਦੀ ਆਸ ਨਾ ਚਿਤਵੇ। ਅੰਦੇਸਾ ਇਸ ਗੱਲ ਦਾ ਕਰੇ ਕਿ ਮੇਰਾ ਮਨ ਹਰਿ ਪ੍ਰੀਤਮ ਦੇ ਪਿਆਰ ਤੋਂ – ਨਾਮ ਸਿਮਰਨ ਤੋਂ – ਮਤੇ ਉਕ ਜਾਵੇ। ਹੋਰ ਜਗਤ ਦੇ ਭੈ, ਤੌਖਲੇ ਦੂਰ ਕਰੇ ਕਿ ਜੋ ਕੁਛ ਸਾਂਈ ਕਰੇਗਾ ਸੋ ਚੰਗਾ ਕਰੇਗਾ। ਐਉਂ ਮਨ ਲਿਵ ਵਿਚ ਜਾਂਦਾ ਹੈ ਤੇ ਤੌਖਲੇ ਸਾਰੇ ਬਿਲਾ ਜਾਂਦੇ ਹਨ।

ਹੇ ਜੋਗੀ! ਸਾਗਰ ਜੋ ਅਸਾਂ ਕਿਹਾ ਹੈ – ਮਾਯਾ ਜਲ ਖਾਈ ਰੂਪ, ਉਹ ਐਉਂ ਤਰੀਦਾ ਹੈ, ਹਾਂ ਐਉਂ ਤਰੀਦਾ ਹੈ ਜੀਉਂਦਿਆਂ ਤੇ ਤਰਦਿਆਂ ਨਾ ਡੁੱਬੀਦਾ ਹੈ, ਨਾ ਮਰੀਦਾ ਹੈ, ਇਸ ਨੂੰ ਆਖਦੇ ਹਨ ਜੀਉਂਦਿਆਂ ਮਰਨਾ।

ਇਹ ਕਹਿ ਕੇ ਗੁਰਮੁਖ ਸੰਤ ਨੂੰ ਕਹਿਣ ਲੱਗੇ, ਸੋ ਸੰਤ ਜੀ ਵਿਚਾਰ ਕਰ ਲਓ।

ਸੰਤ – ਆਪ ਹੀ ਕਿਰਪਾ ਕਰਕੇ ਜ਼ਰਾ ਹੋਰ ਖੁਹਲਕੇ ਸਮਝਾ ਦਿਓ।

ਗੁਰਮੁਖ – 'ਸਤਯ' ਤਾਂ ਹੈ ਆਸਨ ਪਰਮ ਪੁਰਖ ਦਾ। 'ਸਤਯ ਸਦਾ ਸਤਯ। ਸਤਯ ਦੇ ਉਦਾਲੇ ਖਾਈ। ਭਾਵ ਅਸਤਯ ਹੈ। ਇਹ ਖਾਈ ਭਰੀ ਹੈ ਮਾਯਾ ਨਾਲ। ਮਾਯਾ ਹੈ ਸਤ ਦੀ ਅਸਤ ਉਤੇ ਤੇ ਪਰਸਪਰ ਕੋਈ ਅਕਹਿ ਕ੍ਰਿਯਮਾਨਤਾ ਹੈ, ਆਪ ਨੇ ਪੜ੍ਹਿਆ ਹੋਊ ਮਾਯਾ ਹੈ ਭੀ ਤੇ ਨਹੀਂ ਭੀ, ਇਸ ਨੂੰ ਇਸੇ ਕਰਕੇ ਅਨਰਵਚਨੀ ਕਹਿੰਦੇ ਹਨ। ਫਿਰ ਜਗਤ ਹੈ, ਜਿਸ ਵਿਚ ਅਸੀਂ ਬੀ ਹਾਂ। ਸਾਡੇ ਮਨਾਂ ਦੇ ਅੱਗੇ, ਲੈਣ ਦੀ ਇਛਿਆ, ਮਿਲਨ ਦੀ ਆਸ, ਕਾਮਯਾਬੀਆਂ ਦੀਆਂ ਉਮੈਦਾਂ, ਨਾਕਾਮਯਾਬੀਆਂ ਦੇ ਤੌਖਲੇ, ਅੰਦੇਸੇ, ਇਨ੍ਹਾਂ ਭਾਵਾਂ ਦਾ ਜਾਲ ਤਣ ਰਿਹਾ ਹੈ, ਜੋ ਮਨ ਦੀ ਸੇਧ ਨੂੰ ਆਪਣੇ ਉਲਝਾ ਵਿਚ ਰਖਦਾ ਹੈ ਤੇ ਸਦਾ ਸੱਚ ਵੱਲ ਜਾਣ ਨਹੀਂ ਦਿੰਦਾ, ਇਥੋਂ ਤਾਈਂ ਕਿ ਆਸ਼ਾਵਾਂ ਦੇ ਪੂਰਨ ਕਰਨ ਤੇ ਅੰਦਸ਼ਿਆਂ ਦੇ ਦੂਰ ਕਰਨ ਵਿਚ 'ਸਦਾਚਾਰੀ ਸੱਚ' ਨੂੰ ਬੀ ਅਸੀਂ ਲੋੜਾਂ ਵੇਲੇ ਅਕਸਰ ਗੁਆ ਬੈਠਦੇ ਹਾਂ, ਜੇ ਸਾਨੂੰ ਫੇਰ ਬੀ ਨਾਕਾਮਯਾਬੀਆਂ ਹੋਣ ਤਾਂ ਰੋਹ ਚੜ੍ਹਦੇ ਹਨ। ਰੋਹ ਚੜ੍ਹਿਆਂ ਵਿਚ ਬੁੱਧੀ ਬੀ ਕਈ ਵਾਰ ਗੁਆ ਬੈਠੀਦੀ ਹੈ ਤੇ ਉਸ ਵੇਲੇ ਦੇ ਕੀਤੇ ਕੰਮਾਂ ਦੇ ਦੁਖ ਉਪਰ ਪੈਂਦੇ ਹਨ। ਇਹ ਸਾਰੇ ਪਰਦਾ ਹੋ ਹੋ ਕੇ ਸਾਨੂੰ ਸਤਯ ਤੋਂ ਵਿੱਥ ਦੇਈ ਰਖਦੇ ਹਨ। ਹੁਣ ਉਪਰਾਲਾ ਇਹ ਨਹੀਂ ਕਿ ਭੁੱਖੇ ਰਹੀਏ ਕਿ ਸੁਆਸਾਂ ਨੂੰ ਸਾਧੀਏ ਕਿ ਸਰੀਰ ਦੀਆਂ ਅੰਦਰਲੀਆਂ ਕਲਾਂ ਨੂੰ ਵਸੀਭੂਤ ਕਰੀਏ ਕਿ ਗਿਆਨ ਘੋਟੀਏ ਤੇ 'ਅਹੰ ਅਹੰ' ਕੂਕੀਏ, ਪਰ ਇਹ ਕਿ ਉਸ ਮਾਯਾ ਜਲ ਖਾਈ ਨੂੰ ਟੱਪੀਏ। ਸੋ ਜੁਗਤ ਮੇਰੇ ਸੁਣਾਏ ਗੁਰ ਸ਼ਬਦ ਤੋਂ ਇਹ ਪ੍ਰਾਪਤ ਹੋਈ ਕਿ ਅਸੀਂ ਆਪਣੇ ਜੀਵਨ ਵਿਚ ਸਦਾਚਾਰ ਨੂੰ ਮੁੱਖ ਥਾਂ ਦੇਈਏ। ਸਾਡਾ ਕਥਨ, ਕਰਨ, ਵੀਚਾਰ ਐਸਾ ਹੋਵੇ ਜਿਸ ਵਿਚ ਸੱਚ ਦਾ ਵਰਤਾਉ ਪ੍ਰਧਾਨ ਹੋਵੇ, ਪਵਿੱਤਰਤਾ ਤੇ ਮਿੱਠਤ ਸਾਡਾ ਅਸੂਲ ਬਣੇ। ਫੇਰ ਨਾਮ ਸਿਮਰੀਏ, ਇਸ ਨਾਲ ਆਸ ਅੰਦੇਸੇ ਮਿਟਣਗੇ। ਸੋ ਜਦ ਸਾਡੇ ਆਚਾਰ, ਵੀਚਾਰ, ਵਿਹਾਰ ਵਿਚ ਸੱਚ ਦੀ ਵਰਤੋਂ ਆਈ ਤੇ ਆਸ ਅੰਦੇਸ ਤੋਂ ਅਸਾਂ ਆਪ ਨੂੰ ਚਾਯਾ ਤੇ ਉਚਿਆਂ ਕੀਤਾ ਨਾਮ ਸਿਮਰਨ ਨਾਲ, ਤਾਂ ਸਾਡੇ ਅੰਦਰੋਂ ਸੱਚ ਵਲ ਰੁਖ ਬੱਝ ਗਿਆ, ਇਹੋ ਅਭਿਆਸ ਸਾਨੂੰ 'ਸਚਾ ਸੱਚ' ਵਿਚ ਲੈ ਜਾਏਗਾ। ਭਾਵ ਇਹ ਹੈ ਕਿ ਸੱਚ ਦਾ ਆਚਰਣ, ਸਿਫਤ ਸਲਾਹ ਤੇ ਸਿਮਰਨ ਦਾ ਅਭਿਆਸ, ਮਾਯਾ ਜਲ ਖਾਈ ਤੋਂ ਤਾਰ ਕੇ ਲੈ ਜਾਂਦਾ ਹੈ ਪਾਰ ਤੇ ਪਾਰ ਬੈਠਾ ਹੈ, ਸਦਾ ਸੱਤ ਦੇ ਆਸਣ ਉਤੇ ਸਾਡਾ ਪਰੀਤਮ ਜਿਸ ਦੇ ਮਿਲਾਪ ਲਈ ਅਸੀਂ ਯਤਨ ਕਰ ਰਹੇ ਹਾਂ – ਸੱਤਯ ਪੁਰਖ।

ਸੰਤ – ਭਾਵੇਂ ਗੁਰਬਾਣੀ ਦੀ ਕਥਾ ਕਰ ਲਈਦੀ ਹੈ, ਪਰ ਗੁਰਬਾਣੀ ਬੜੀ ਡੂੰਘੀ ਸ਼ੈ ਹੈ। ਕਿੰਞ ਇਹ ਰੂਪਕ ਕਮਾਲ ਦੀ ਕਵਿਤਾ ਨਾਲ ਸਤਿਗੁਰ ਨੇ ਬੰਨ੍ਹਿਆ ਹੈ ਤੇ ਵਿਚ ਕਿੱਕੁਰ ਆਪਣੇ ਉਚੇ ਆਦਰਸ਼ ਦਾ ਦਾਰਸ਼ਨਿਕ ਭਾਵ ਰਖਿਆ ਹੈ, ਫਿਰ ਕਿੱਕੂੰ ਵਰਤੋਂ ਦਾ ਅਰ ਅਸਲ ਦਾ ਉਚਾ ਸਦਾਚਾਰੀ ਪਹਿਲੂ ਦਰਸਾਇਆ ਹੈ ਤੇ ਸਾਧਨ ਪੱਖ ਵਿਚ ਸਾਰਾ ਰਸਤਾ ਕਿ ਕੀਕੂੰ ਟੁਰਨਾ ਹੈ ਦੱਸ ਦਿਤਾ ਹੈ। ਸਾਂਈਂ ਮਿਲਾਪ ਦਾ ਰਹੱਸਯ ਕੀਕੂੰ ਵਿਚ ਵਿਆਪਕ ਰੱਖ ਦਿਤਾ ਹੈ। ਫਿਰ ਕੀਕੂੰ ਇਕੋ ਸ਼ਬਦ ਵਿਚ ਉਹ ਸਾਰੀ ਵਾਰਤਾਲਾਪ ਗੁੰਦ ਕੇ ਰੱਖ ਦਿਤੀ ਹੈ, ਜੋ ਮੰਛਦ੍ਰ ਨਾਥ ਨਾਲ ਕਰਦਿਆਂ ਪਤਾ ਨਹੀਂ ਕਿੰਨੀ ਕੁ ਲੰਮੀ ਤੇ ਵੇਰਵੇ ਨਾਲ ਹੋਈ ਹੋਊ।

ਗੁਰਮੁਖ – ਸਰਵੱਗਯ ਮਹਾਂਪੁਰਖ ਗੁਰ ਨਾਨਕ ਦੇਵ! ਧੰਨਯ ਹੋ, ਆਪ ਧੰਨਯ ਹੋ!

## ੪

ਸੰਤ – ਹੱਛਾ ਜੀਓ ਜੀ! ਫੇਰ ਅੱਗੋਂ ਦੀ ਗੋਸਟ ਜੋ ਹੋਈ ਸੋ ਸੁਣਾਓ।

ਗੁਰਮੁਖ – ਆਪ ਦੇ ਇਹ ਬਚਨ ਹੋਣ ਮਗਰੋਂ ਕੁਛ ਚਿਰ ਤਾਂ ਚੁੱਪ ਰਹੀ, ਪਰ ਫੇਰ ਮਛਿੰਦ੍ਰ ਬੋਲਿਆ – ਹੇ ਸੁਭਾਗ ਤਪੇ! ਜੀਵ ਜਾਂ ਤਾਂ ਆਸਾ ਵਿਚ ਰਹਿ ਸਕਦਾ ਹੈ ਜਾਂ ਨਿਰਾਸ਼ਾ ਵਿਚ, ਆਸਾ ਵਿਚ ਨਿਰਾਸ ਰਹਿਣਾ ਅਣਬਣ ਹੈ। ਜੀਵ ਆਸਾ ਵਿਚ ਜੀਉਂਦਾ ਹੈ, ਇਕ ਦੂਸਰਾ ਇਕ ਦੂਸਰੇ ਦਾ ਆਸਰਾ ਹੈ। ਸਭ ਦੀ ਆਸ ਉਮੈਦ ਟਿਕ ਰਹੈ ਹੀ ਇਕ ਦੂਜੇ ਤੇ। ਮਾਂ ਬੱਚਾ ਪਾਲ ਰਹੀ ਹੈ ਕਿ ਵੱਡੇ ਹੋ ਕੇ ਸੁਖ ਦੇਵੇਗਾ। ਵਪਾਰੀ ਵਪਾਰ ਕਰ ਰਿਹਾ ਹੈ ਕਿ ਕਮਾਇਆ ਧਨ ਸੁਖ ਦੇਵੇਗਾ। ਅਸੀਂ ਜੋਗੀ ਲੋਕ ਨਿਰਾਸਤਾ ਵਿਚ ਹਾਂ ਕਿ ਜਗਤ ਮਿਥਿਆ ਹੈ, ਇਸ ਦੇ ਰਸਾਂ ਕਸਾਂ ਭੋਗਾਂ ਦਾ ਅੰਤ ਪੱਲੇ ਕੁਛ ਨਹੀਂ, ਸੋ ਬਨਾਂ ਵਿਚ ਵਸਦੇ ਹਾਂ ਤੇ ਨਿਰਾਸ ਵਲਾਉਂਦੇ ਹਾਂ, ਇਹ ਤਿਆਗ ਮਾਰਗ ਗ੍ਰਿਹਸਤ ਵਿਚ ਨਹੀਂ ਹੋ ਸਕਦਾ, ਇਸ

ਲਈ ਘਰ ਛੱਡਣਾ ਜ਼ਰੂਰੀ ਹੈ, ਤੁਸਂ ਗੱਲਾਂ ਤਾਂ ਜੁੜੇ ਹੋਏ ਜੋਗੀ ਦੀਆਂ ਕਰਦੇ ਹੋ, ਪਰ ਜੋਗੀ ਦਾ ਭੇਖ ਨਹੀਂ, ਸਿੰਙੀ ਝੋਲੀ ਆਦਿ ਕੋਈ ਜੋਗੀਆਂ ਦਾ ਚਿੰਨ੍ਹ ਨਹੀਂ, ਕਿਸ ਪ੍ਰਕਾਰ ਤੁਸੀਂ ਸੋਧਦੇ ਹੋ ਅਸੋਧ ਮਨ ਨੂੰ? ਮੇਰੀ ਜਾਚੇ ਤੁਸੀਂ ਗੁਰੂ ਕਰੋ ਤੇ ਭੇਖ ਲਓ ਤਾਂ ਨਿਰਾਸਾ ਵਿਚ ਆਓਗੇ।

ਗੁਰੂ ਜੀ – ਯੋਗੀ ਜੀ! ਗ੍ਰਿਹਸਤ ਛੱਡ ਕੇ ਫੇਰ ਉਨ੍ਹਾਂ ਗ੍ਰਿਹਸਤੀਆਂ ਦੇ ਦੁਆਰੇ ਜਾ ਕੇ ਮੰਗਣਾ ਕਿਵੇਂ ਜੋਗ ਹੈ? ਕਿਵੇਂ ਤਿਆਗ ਤੇ ਨਿਰ ਆਸਾ ਹੈ? ਤੁਸੀਂ ਝੋਲੀ ਉਥੇ ਜਾ ਕੇ ਅੱਡਦੇ ਹੋ ਜਿੱਥੇ ਅੱਡਣੀ ਨਹੀਂ ਚਾਹੀਏ, ਕਿਉਂਕਿ ਉਸਨੂੰ ਤਾਂ ਤੁਸੀਂ ਮਾੜਾ ਕਹਿ ਕੇ ਛੱਡ ਆਏ ਹੋ। ਅਸਾਂ ਬੀ ਤੁਸਾਂ ਵਾਂਗੂੰ ਝੋਲੀ ਅੱਡੀ ਹੈ, ਪਰ ਉਹ ਝੋਲੀ ਸਾਂਈ ਦਾਤਾ ਦੇ ਦਰ ਅੱਡੀ ਹੈ ਤੇ ਅਰਦਾਸ ਕਰਦੇ ਹਾਂ ਕਿ ਇਸ ਵਿਚ ਨਾਮ ਦੀ ਖੈਰ ਪਵੇ। ਆਟੇ ਦੀ ਮੰਗ ਵਾਸਤੇ ਯਾ ਆਪਣਾ ਪਤਾ ਦੇਣ ਲਈ ਕਿ ਜੋਗੀ ਆਏ ਹਨ ਤੁਸੀਂ ਸਿੰਙੀ ਵਜਾਉਂਦੇ ਹੋ ਕਿ ਲੋਕ ਇਸਨੂੰ ਸੁਣਨ ਤੇ ਤੁਸਾਂ ਕੋਲ ਆਵਣ। ਮੈਂ ਬੀ ਸਿੰਙੀ ਵਜਾਉਂਦਾ ਹਾਂ ਅਰ ਉਸ ਵਜਦੀ ਨੂੰ ਬੀ ਲੋਕੀਂ ਸੁਣਦੇ ਹਨ ਪਰ ਉਹ ਸਿੰਙ ਯਾ ਨਾਲ ਦੀ ਨਹੀਂ, ਉਹ ਤਾਂ ਉਪਦੇਸ਼ ਹੈ ਜੋ ਮੈਂ ਜਗਤ ਨੂੰ ਦੇ ਰਿਹਾ ਹਾਂ ਕਿ ਸਰੀਰ ਦੀਆਂ ਨਾੜੀਆਂ ਪ੍ਰਮੇਸ਼ਰ ਤਕ ਨਹੀਂ ਜਾਂਦੀਆਂ, ਪਰ ਸੁਰਤ ਜਾਂਦੀ ਹੈ, ਸੋ ਸੁਰਤ ਨੂੰ ਉਸ ਵਲ ਲਾਓ, ਸਬਦ ਕਮਾਓ, ਨਾਮ ਜਪੋ, ਐਉਂ ਉਸਨੂੰ ਜਾ ਮਿਲੋਗੇ। ਅਸਾਂ ਬੀ ਗੁਰੂ ਕੀਤਾ ਹੈ, ਉਹ ਗੋਰਖ ਹੈ, ਪਰ ਮਨੁੱਖ ਗੋਰਖ ਕਦੇ ਜਾਗਦਾ ਹੈ ਕਦੇ ਸੌਂ ਜਾਂਦਾ ਹੈ, ਮੇਰਾ ਗੋਰਖ ਸਦਾ ਜਾਗਦਾ ਹੈ। ਉਹ ਗੋਰਖ ਉਹ ਹੈ ਜਿਸਨੂੰ ਸ੍ਰਿਸ਼ਟੀ ਰਚੀ ਹੈ ਤੇ ਐਸੇ ਮਹਾਨ ਕਾਰਜ ਕਰਦਿਆਂ ਉਸਨੂੰ ਦੇਰ ਨਹੀਂ ਲਗਦੀ। ਫੇਰ ਉਸ ਨਿਰੰਕਾਰ ਗੋਰਖ ਨੇ ਪੌਣ ਪਾਣੀ ਆਦਿ ਤੱਤਾਂ ਦੀ ਦੇਹੀ ਰਚ ਕੇ ਉਸ ਵਿਚ ਪ੍ਰਾਣ ਪਾ ਦਿਤੇ ਹਨ। ਸੋ ਇਉਂ ਤੱਤਾਂ ਦੀ ਦੇਹੀ ਪ੍ਰਾਣਧਾਰੀ ਹੋ ਗਈ ਹੈ। ਇਹ ਪ੍ਰਾਣ ਧਾਰਣਾ ਫਿਰ ਅੰਧ ਜੀਵਨ ਨਹੀਂ, ਦੋ ਨੇਤ੍ਰ ਦੇਖਣੇ ਲਈ ਬੀ ਇਸਨੂੰ ਲਾ ਦਿਤੇ ਹਨ। ਫਿਰ ਇਸ ਦੀ ਪਾਲਣਾ ਲਈ ਧਰਤੀ ਦਿਤੀ ਹੈ ਜੋ ਇਸਨੂੰ ਭੋਜਨ ਦਿੰਦੀ ਹੈ ਤੇ ਮਨ ਗਏ ਸਰੀਰ ਨੂੰ ਆਪਣੇ ਵਿਚ ਫਿਰ ਲੈ ਕਰ ਲੈਂਦੀ ਹੈ। ਸੋ ਹੇ ਜੋਗੀ! ਐਸੇ ਕਰਨਹਾਰ ਤੇ ਦਾਤਾਰ ਪਰਮੇਸ਼ਰ ਨੂੰ ਭੁਲਾ ਕੇ ਲੋਕੀ ਦਾਤਾਂ ਵਿਚ ਲਗ ਰਹੇ ਹਨ ਤੇ ਉਸਦੇ ਗੁਣ ਗਾਯਣ ਨੂੰ ਭੁਲਾ ਦਿਤਾ ਹੈ ਨੇ। ਸਾਡਾ ਭਾਵ ਇਹ ਹੈ ਕਿ ਉਸ ਦਾਤੇ ਦੀ ਸਿਫਤ ਸਲਾਹ ਕਰਨੀ ਤੇ ਉਸਦਾ ਨਾਮ ਸਿਮਰਨਾ ਇਹ ਸਿੱਧਾ ਤੇ ਸੁਖੱਲਾ ਮਾਰਗ ਹੈ। ਹੋਰਨਾਂ ਨਾਲ ਸਾਡਾ ਦ੍ਵੈਖ ਨਹੀਂ, ਹਿੰਦੂ ਮਤ ਦਾ ਸਿੱਧ ਹੋਵੇ, ਜੋਗੀ ਹੋਵੇ, ਜੰਗਮ ਹੋਵੇ, ਮੁਸਲਮਾਨਾਂ ਦਾ ਕੋਈ ਪੀਰ ਹੋਵੇ, ਕਿਸੇ ਪ੍ਰਕਾਰ ਦੀ ਸਾਧਨਾ ਕਰਨ ਵਾਲਾ ਹੋਵੇ, ਐਸੇ ਅਨੇਕਾਂ ਹਨ, ਜੋ ਕੋਈ ਹੋਵੇ ਸੋ ਹੋਵੇ, ਮੈਂ ਉਨ੍ਹਾਂ ਵਿਚੋਂ ਕਿਸੇ ਨੂੰ ਮਿਲਾਂ ਮੇਰਾ ਮਨੋਰਥ ਇਹੋ ਹੁੰਦਾ ਹੈ ਕਿ ਆਪਣੇ ਨਿਰੰਕਾਰ ਦਾ ਕੀਰਤਨ ਕਰਾਂ। ਇਕ ਤਾਂ ਕੀਰਤਨ ਨਾਲ ਮੈਂ ਆਪਣੇ ਪਿਆਰੇ ਦੇ ਰੰਗ ਵਿਚ ਰਹਾਂਗਾ। ਦੂਜੇ ਇਹ ਮਾਨਸਕ ਸੇਵਾ, ਆਪਣੇ ਮਾਲਕ ਦੀ ਹੋ ਜਾਏਗੀ। ਤੀਸਰੇ ਇਹ ਸ੍ਰਿਸਟੀ ਦੀ ਸੇਵਾ ਹੋ ਜਾਏਗੀ ਕਿ ਹਰ ਮਤਾਵਲੰਬੀ ਨੂੰ ਮੈਂ ਅਸਲ ਕੀਮਤ ਵਾਲੀ ਗੱਲ-ਸਿਫਤ ਸਲਾਹ ਦੀ ਛੁਹ ਲਾ ਦਿਆਂਗਾ, ਇਹ ਮਾਨੋਂ ਉਨ੍ਹਾਂ ਦੀ ਭੀ ਸੇਵਾ ਹੋਵੇਗੀ। ਹੇ ਮਛਿੰਦ੍ਰ, ਆਸਾ ਸਾਂਈ ਉਪਰ ਰੱਖਣੀ ਹੈ। ਆਸਾ ਨਹੀਂ ਛੱਡਣੀ, ਪਰ ਜਗਤ ਵਿਚੋਂ ਆਸਾ ਚੁੱਕਣੀ ਹੈ। ਜਗਤ ਜੀਵਾਂ ਕਿ ਪਦਾਰਥਾਂ ਪਰ ਧਰੀਆਂ ਆਸਾਂ ਸਦਾ ਪੂਰਨ ਨਹੀਂ ਹੁੰਦੀਆਂ ਤੇ ਅਪੂਰਨ ਹੋਣ ਵੇਲੇ ਮਨ ਨੂੰ ਤੋਖਲੇ ਤੇ ਰੰਜ ਵਿਚ ਲੈ ਜਾਂਦੀਆਂ ਹਨ। ਇਹ ਸ਼ੈ-ਸਾਂਈ ਤੇ ਆਸਾ – ਹਰੀ ਕੀਰਤਨ ਨਾਲ ਪ੍ਰਾਪਤ ਹੁੰਦੀ ਹੈ। ਜਿਵੇਂ ਕਾਗਜ਼ ਤੇ ਲੂਣ ਨੂੰ ਪਾਣੀ ਝਟ ਗਾਲ ਲੈਂਦਾ ਹੈ, ਤਿਵੇਂ ਮਾਯਾ ਮਨਾਂ ਨੂੰ ਆਪਣੇ ਵਿਚ ਭਰਮਾ ਲੈਂਦੀ ਹੈ। ਜਿਵੇਂ ਕਾਗਜ਼ ਨੂੰ ਘਿਉ ਨਾਲ ਥਿੰਧਾ ਕਰ ਲਓ, ਲੂਣ ਨੂੰ ਚਿਕਨਾਈ ਵਿਚ ਲਪੇਟ ਲਓ, ਫੇਰ ਪਾਣੀ ਉਨ੍ਹਾਂ ਨੂੰ ਆਪਣੇ ਵਿਚ ਛੇਤੀ ਨਾਲ ਨਹੀਂ ਗਾਲ ਸਕਦਾ, ਤਿਵੇਂ ਨਿਰੰਕਾਰ ਦੀ ਸਿਫਤ ਸਲਾਹ ਦਾ ਕੱਜਣ ਜਦ ਮਨ ਨੂੰ ਮਿਲ ਜਾਂਦਾ ਹੈ ਤਾਂ ਮਾਯਾ ਨਹੀਂ ਭਰਮਾ ਸਕਦੀ, ਐਉਂ ਮਾਯਾ ਦੇ ਵਿਚ ਹੀ ਵਸ ਕੇ ਮਾਯਾ ਤੋਂ ਅਲੇਪ ਰਹਿ ਸਕੀਦਾ ਹੈ, ਜੀਕੂੰ ਕਮਲ ਪਾਣੀ ਵਿਚ ਖੜੋਤਾ ਉਸਦੇ ਗਾਲਣਹਾਰ ਅਸਰ ਨਾਲ ਗਲਦਾ ਨਹੀਂ, ਸਗੋਂ ਪਲਦਾ ਹੈ ਤੇ ਉਸ ਮਾਰੂ ਅਸਰ ਤੋਂ ਅਸੰਗ ਰਹਿੰਦਾ ਹੈ, ਤਿਵੇਂ ਐਸੇ ਭਗਤ ਜੋ ਨਾਮ ਤੇ ਸਿਫਤ ਵਾਲੇ ਹਨ, ਜਿਨ੍ਹਾਂ ਪੁਰਖਾਂ ਨੂੰ ਮਿਲ ਪੈਣ, ਉਨ੍ਹਾਂ ਦਾ ਜਮ ਨੇ ਕੀ ਵਿਗਾੜ ਕਰ ਸਕਣਾ ਹੈ। ਉਹ ਤਾਂ ਸਤਿਸੰਗ ਨਾਲ ਨਾਮ-ਬਾਣੀ ਕੀਰਤਨ ਦੇ ਘ੍ਰਿਤ ਨਾਲ ਪਹਿਲੋਂ ਮਾਇਆ ਦੇ ਅਸਰ ਤੋਂ ਤੇ ਫੇਰ ਜਮ ਤਾਨਾਂ ਦੇ ਅਸਰ ਤੋਂ ਪਰ੍ਹੇ ਹੋ ਗਏ ਹਨ। ਸੋ ਉਹ ਜੋਗ ਕ੍ਰਿਆ ਕਰਕੇ ਜਮ ਤੋਂ ਡਰਨ ਕਿਉਂ, ਉਹ ਸਾਂਈ ਦੀ ਸਿਫਤ ਸਲਾਹ ਇਥੇ ਕਰਦੇ ਉਸਦੀ ਸਿਫਤ ਸਲਾਹ ਦੇ ਦੇਸ਼ ਜਾ ਪ੍ਰਾਪਤ ਹੁੰਦੇ ਹਨ।

ਮਛੰਦਰ – ਹੇ ਨਾਨਕ! ਜੋ ਤੁਸਾਂ ਆਖਿਆ ਅਸਾਂ ਦੋਹਾਂ ਸਮਝਿਆ ਹੈ, ਕਿਉਂ ਗੋਰਖ?

ਗੋਰਖ – ਹਾਂ ਜੀ ਸਮਝਿਆ ਹੈ, ਪਰ...

ਮਛੰਦਰ – ਪਰ ਨਾਨਕ! ਜੋ ਤੁਸਾਂ ਮਾਰਗ ਕਿਹਾ ਹੈ ਇਹ ਅਤੀਤ ਮਾਰਗ ਤੋਂ ਕਠਨ ਹੈ। ਨਹੀਂ, ਨਹੀਂ ਗ੍ਰਿਹਸਤ ਵਿਚ ਜੋਗ ਨਹੀਂ ਹੋ ਸਕਦਾ, ਜੋਗ ਬਿਨਾਂ ਪ੍ਰਾਣ ਵਸ ਨਹੀਂ ਹੁੰਦੇ, ਪ੍ਰਾਣ ਵਸਗਤ ਹੋਏ ਬਿਨਾ ਮਨ ਅਡੋਲ ਨਹੀਂ ਹੁੰਦਾ। ਜੋਗ ਜੁਗਤ ਬਿਨਾਂ ਨਹੀਂ ਆਉਂਦਾ। ਜੁਗਤੀ ਅਤੀਤ ਹੋਏ ਬਿਨ ਨਹੀਂ ਕਮਾਈ ਜਾ ਸਕਦੀ, ਅਤੀਤਤਾਈ ਵਿਚ ਭੇਖ

ਲਏ ਬਿਨਾਂ ਪ੍ਰਪੱਕਤਾ ਨਹੀਂ ਹੁੰਦੀ। ਸੋ ਜੋ ਅਤੀਤ ਹੋ ਕੇ ਭੇਖ ਲਵੇ ਤੇ ਫੇਰ ਜੁਗਤੀ ਸਿੱਖ ਕੇ ਜੋਗ ਦੇ ਸਾਰੇ ਅੰਗਾਂ ਨੂੰ ਪਾਲੇ ਉਹੋ ਅਉਧੂ ਅਰਥਾਤ ਅਡੋਲ ਤੇ ਨਾਚਲਾਇਮਾਨ ਬਣਦਾ ਹੈ, ਉਹੋ ਅਉਧੂ ਫਿਰ ਹੋਰ ਚੇਲਿਆਂ ਨੂੰ ਜੁਗਤੀ ਦੱਸ ਕੇ ਨਾਲ ਮਿਲਾ ਸਕਦਾ ਹੈ। ਤੁਸੀਂ ਗ੍ਰਿਹਸਤ ਵਿਚ ਐਸਾ ਅਉਧੂ ਕੀਕੂੰ ਪੈਦਾ ਕਰ ਸਕਦੇ ਹੋ ਜੋ ਤੋਰੇ ਤੇ ਤਾਰੇ ਭਉਜਲ ਤੋਂ? ਹੇ ਨਾਨਕ ਜੀ! ਛੱਡੋ ਏਹ ਗੱਲਾਂ, ਪਹਿਲੋਂ ਜੋਗ ਲਓ।

## ੫

ਇਹ ਸੁਣ ਕੇ ਸ੍ਰੀ ਗੁਰੂ ਜੀ ਬੋਲੇ – ਹੇ ਮਛੰਦਰ! ਸੁਣ ਮੇਰੀ ਗੱਲ, ਪ੍ਰਾਣਾਂ ਨੂੰ ਵਸ ਕਰਕੇ ਬੀ ਜੇ ਮਨ ਡੋਲਦਾ ਰਹੇ ਰਸਾਂ ਕਸਾਂ ਵਲ, ਤਾਂ ਕੀਹ ਬਣਿਆ?ਤੁਸੀਂ ਦੇਖ ਲਓ ਇਹ ਗੱਲਾਂ ਕਰਨ ਵਾਲੇ ਜੋਗੀ ਦਾਰੂ ਪੀ ਪੀ ਕੇ ਬੈਠਦੇ ਹਨ। ਸੋ ਜਿਸ ਚੀਜ਼ ਦੀ ਲੋੜ ਹੈ ਉਹ ਇਹ ਹੈ ਕਿ ਪੰਜਾਂ – ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਆਪਣੇ ਤਾਬੇਦਾਰ ਬਣਾ ਲਵੇ, ਜਦੋਂ ਇਨ੍ਹਾਂ ਦੇ ਵਸ ਪੈ ਕੇ ਡੋਲਣ ਦਾ ਸਮਾਂ ਆ ਬਣੇ ਉਸ ਵੇਲੇ ਅਡੋਲ ਰਹੇ। ਇਹ ਜੁਗਤ ਆਪਾ ਵਸ ਕਰ ਲੈਣ ਦੀ, ਵਾਸ਼ਨਾ ਤੇ ਹੁਕਮ ਧਾਰ ਲੈਣ ਦੀ ਸਿੱਖੋ। ਉਹ ਆਦਮੀ ਆਪ ਤਰੇਗਾ ਤੇ ਸਭ ਕੁਲਾਂ ਤਾਰਨ ਦੇ ਸਮਰੱਥ ਹੋ ਜਾਏਗਾ, ਉਸ ਦਾ ਜੋਗ ਉਸਦੀ ਸਤਿਆ ਤੇ ਬਲ ਨੂੰ ਅਡੋਲ ਰੱਖੇਗਾ, ਕਿਉਂਕਿ ਪੰਜ ਮਹਾਂ ਬਲੀ ਜਿਸ ਨੇ ਬੰਨ੍ਹ ਤੇ ਸੰਵਾਰ ਲਏ ਉਹ ਜੋ ਹੁਣ ਦਿਨ ਰਾਤ ਮਨ ਵਿਚ ਟਿਕਿਆ ਰਹੇ ਤਾਂ ਅਉਧੂ ਹੋ ਗਿਆ। ਜਿੱਥੇ ਜਗਤ ਦੇ ਸਾਮਾਨ ਸੰਕਲਪ ਵਿਚੋਂ ਸੁੰਨ ਹੋ ਗਏ ਹਨ ਤੇ ਉਸ ਸੁੰਨ ਵਿਚ ਜੋ ਏਕਾ ਹੈ ਉਸ ਏਕੇ ਵਿਚ ਜਿਸ ਦਾ ਟਿਕਾਉ ਹੋ ਗਿਆ ਹੈ, ਉਹ ਅਵਧੂਤ ਹੈ। ਸਾਡਾ ਤਾਤਪਰਜ ਇਹ ਹੈ ਕਿ ਉਸਦਾ ਆਚਰਨ ਤਾਂ ਹੋਵੇ ਸ਼ੁੱਧ ਤੇ ਪਵਿੱਤਰ ਤੇ ਮਨ ਦਾ ਟਿਕਾਉ ਹੋਵੇ ਨਿਰੰਕਾਰ ਵਿਚ, ਉਹ ਅਉਧੂਤ ਅਡੋਲ ਹੈ।

ਮਛਿੰਦਰ (ਕਾਹਲਾ ਹੋ ਕੇ) – ਬਿਨਾਂ ਪ੍ਰਾਣਾਯਾਮ ਤਾੜੀ ਕਿਸ ਤਰ੍ਹਾਂ ਲੱਗੇਗੀ?

ਸ੍ਰੀ ਗੁਰੂ ਜੀ – ਨਿਰੰਕਾਰ ਦੇ ਸੱਚੇ ਨਾਮ ਵਿਚ ਜੋ ਮਨ ਜੋੜੇਗਾ ਉਹ ਉਸ ਦੇ ਚਿੱਤ ਦੀ ਤਾੜੀ ਹੋਵੇਗੀ, ਕਿਉਂਕਿ ਉਸ ਦੇ ਅੰਦਰ ਇਸ ਅਭਿਆਸ ਨਾਲ ਉਨਮਨ – ਉਚੇ ਪਾਸੇ ਵਲ ਦਾ ਲਗਾਉ ਹੋ ਜਾਏਗਾ। ਇਸੇ ਨਾਮ ਅਭਿਆਸ ਨਾਲ ਉਹ ਧਿਆਨ ਦਾ ਰੂਪ ਹੋ ਜਾਏਗਾ, ਅਰਥਾਤ ਆਪਣੇ ਪ੍ਰੀਤਮ ਦੇ ਪ੍ਰੇਮ ਵਿਚ ਜੁੜ ਜਾਏਗਾ। ਸਾਈਂ ਦੇ ਧਿਆਨ ਵਿਚ ਧਿਆਨ ਦਾ ਰੂਪ ਹੋ ਜਾਣਾ ਇਹੀ ਆਸਣ ਹੈ ਜੋ ਸਾਡਾ ਅਵਧੂਤ ਲਗਾਵੇਗਾ। ਫਿਰ ਉਹ ਦਰ ਦਰ ਮੰਗਤਾ ਬਣ ਕੇ ਨਹੀਂ ਅੰਨ ਮੰਗੇਗਾ, ਉਹ ਤਾਂ ਗ੍ਰਿਹਸਤੀ ਹੈ, ਕਿਰਤ ਕਰਕੇ ਖਾਏਗਾ ਤੇ ਖੁਲਾਏਗਾ, ਪਰ ਇਕ ਭਿੱਖਿਆ ਉਹ ਬੀ ਮੰਗਦਾ ਹੈ, ਉਹ ਅਰਦਾਸ ਕਰਦਾ ਹੈ ਕਿ ਹੇ ਭਗਵੰਤ! ਮੈਨੂੰ ਆਪਣੀ ਪ੍ਰੇਮਾ ਭਗਤੀ ਦੀ ਖੈਰ ਪਾ। ਇਸ ਤਰ੍ਹਾਂ ਪੰਜਾਂ ਨੂੰ ਵਸਗਤ ਕਰਕੇ ਸਾਂਈ ਵਿਚ ਲਿਵ ਜੋੜ ਕੇ ਫੇਰ ਉਹ ਅਰਦਾਸ ਵਿਚ ਜੀਉਂਦਾ ਹੈ ਤੇ ਵਾਹਿਗੁਰੂ ਦੇ ਭੈ ਵਿਚ ਟੁਰਦਾ ਹੈ, ਅਰਥਾਤ ਉਹ ਆਪਣੇ ਜੀਵਨ ਦੇ ਕੰਮਾਂ ਵਿਚ ਸਾਂਈ ਦਾ ਭੈ ਰਖਦਾ ਹੈ, ਜਿਸ ਕਰਕੇ ਉਸਦੀ ਲਿਵ ਬੀ ਨਹੀਂ ਟੁਟਦੀ ਤੇ ਆਰਚਨ ਬੀ ਅਡੋਲ ਰਹਿੰਦਾ ਹੈ। ਆਸ ਅੰਦੇਸੇ ਤ੍ਰਿਸ਼ਨਾ ਉਸਨੂੰ ਨਹੀਂ ਸਤਾਉਂਦੀਆਂ ਕਿਉਂਕਿ ਉਸਨੂੰ ਅਮੋਲਕ ਪਦਾਰਥ 'ਸੰਤੋਖ' ਪ੍ਰਾਪਤ ਹੁੰਦਾ ਹੈ। ਇਸ ਸੰਤੋਖ ਵਿਚ ਰਹਿਣੇ ਕਰਕੇ ਉਹ ਸਦਾ ਤ੍ਰਿਪਤ ਰਹਿੰਦਾ ਹੈ ਤੇ ਜੋ ਸਾਂਈ ਦੇਵੇ ਉਸ ਪਰ ਖੁਸ਼ ਰਹਿੰਦਾ ਹੈ। ਹੇ ਮਛਿੰਦਰ! ਸੁਣ ਤੂ ਅਵਧੂਤ ਦੀ ਨਿਸ਼ਾਨੀ, ਨਾਨਕ ਗੁੰਝਲਦਾਰ ਭਾਵਾਂ ਵਿਚ ਤੇ ਕਠਨ ਪਦਾਂ ਵਿਚ ਤੇ ਬੇਰਸ ਉਦਾਸੀਆਂ ਵਾਲੀ ਬੋਲੀ ਵਿਚ ਨਹੀਂ, ਪਰ ਸਦਾ ਜੀਉਂਦੀ ਜਾਗਤੀ ਅੰਮ੍ਰਿਤ ਵਰਗੇ ਰਸ ਨਾਲ ਪ੍ਰੇਮ ਭਰੀ ਬਾਣੀ ਦੁਆਰਾ ਅਉਧੂ ਦੇ ਲੱਛਣ ਦਸਦਾ ਹੈ ਕਿ ਜੋ ਆਸਾ ਵਿਚ ਨਿਰਾਸ ਦਿਨ ਗੁਜ਼ਾਰੇਗਾ, ਨਿਸਚੇ ਉਹ ਕਰਤਾਰ ਨੂੰ ਪਾ ਲਵੇਗਾ, ਜੋ ਕਰਤਾਰ ਨੂੰ ਪਾ ਲਵੇਗਾ ਉਹ ਅਵਧੂਤ ਹੈ। ਹੇ ਮਛੰਦ੍ਰ! ਨਾਨਕ ਬੇਨਤੀ ਕਰਦਾ ਹੈ ਕਿ ਚੇਲੇ ਦੇ ਕੰਨ ਪਾੜ ਕੇ ਮੁੰਦਰਾਂ ਪਾ ਕੇ ਗੁਰ ਚੇਲੇ ਦੀ ਮਰਿਯਾਦਾ ਇਹ ਸਾਡਾ ਅਉਧੂ ਨਹੀਂ ਟੋਰਦਾ। ਇਹ ਅਵਧੂਤ, ਜੋ ਅਸਾਂ ਦੱਸਿਆ ਹੈ, ਚੇਲਿਆਂ ਨੂੰ ਐਉਂ ਤਾਰੇਗਾ ਕਿ ਨਿਰੰਕਾਰ ਜੋ ਸਰਬ ਗੰਮਤਾ ਤੋਂ ਪਰ੍ਹੇ ਹੈ, ਉਸ ਅਗੰਮ ਦਾ ਪਤਾ ਚੇਲਿਆਂ ਨੂੰ ਦੱਸੇਗਾ ਕਿ ਹੈ ਤਾਂ ਉਹ ਅਗੰਮ ਪਰ ਉਸ ਦਾ ਨਾਮ ਸਿਮਰਨੇ ਕਰਕੇ ਉਹ ਪ੍ਰਾਪਤ ਹੋ ਜਾਂਦਾ ਹੈ, ਐਉਂ ਉਹ ਅਉਧੂ ਗੁਰ ਚੇਲੇ ਦੇ ਸਨਬੰਧ ਨੂੰ ਤੋਰਦਾ ਹੈ। ਇਹ ਅਉਧੂ ਨਸ਼ੇਦਾਰ ਦਾਰੂ ਨਹੀਂ ਪੀਂਦਾ ਤੇ ਨਾਲ ਨੁਕਲਾਂ ਦੇ ਭੋਜਨ ਨਹੀਂ ਖਾਂਦਾ ਜਿਵੇਂ ਜੋਗੀ ਕਰਦੇ ਹਨ, ਪਰ ਇਹ ਗੁਰ ਦੀਖਜਾ ਗੁਰੂ ਤੋਂ ਪ੍ਰਾਪਤ ਹੋਏ ਨਾਮ ਦੀ ਕਮਾਈ ਨੂੰ ਦਾਰੂ ਵਾਂਙੂ ਆਪ ਪੀਂਦਾ ਹੈ ਤੇ ਇਹੋ ਉਸਦਾ ਭੋਜਨ ਹੈ। ਇਹੋ ਦਾਰੂ ਤੇ ਭੋਜਨ ਉਹ ਚੇਲਿਆਂ ਨੂੰ ਦਿੰਦਾ ਹੈ। ਇਹ ਅਉਧੂਤ ਇਕ ਜੋਗ ਦੀ ਨਹੀਂ ਛਿਆਂ ਦਰਸ਼ਨਾਂ ਦੇ ਸਿਧਾਂਤ ਦੀ ਸੋਝੀ ਨੂੰ ਪ੍ਰਾਪਤ ਕਰ ਲੈਂਦਾ ਹੈ।

ਸੋ ਹੇ ਮਛਿੰਦ੍ਰ! ਹੇ ਗੋਰਖ! ਸਾਡਾ ਮਾਰਗ ਉਦਾਸ ਦਾ ਐਉਂ ਟੁਰਦਾ ਹੈ। ਇਹ ਸੁਣ ਕੇ ਦੁਇ ਅਚਰਜ ਰਹਿ ਗਏ ਤੇ ਝੁਕ ਗਏ।

ਐਉਂ ਮਛਿੰਦ੍ਰ ਨਾਲ ਗੋਸ਼ਟ ਸੰਪੂਰਨ ਹੋਈ, ਜੋਗੀ ਆਪਣੇ ਰਾਹ ਪਏ ਤੇ ਸ੍ਰੀ ਗੁਰੂ ਜੀ ਠੰਢੀ ਠੰਢੀ ਮਿੱਠੀ

ਪਰਉਪਕਾਰੀ ਸਮੀਰ ਵਾਂਗ ਰਾਜੇ ਸ਼ਿਵਨਾਭ ਨੂੰ ਸੁਖੀ ਕਰਨ ਵਾਸਤੇ ਤੇ ਠੰਢਾਂ ਪਾਉਣ ਵਾਸਤੇ ਸੰਗਲਾਦੀਪ ਨੂੰ ਟੁਰ ਪਏ।

ਲਿਖਿਆ ਹੈ ਕਿ ਉਪਰਲੀ ਬਾਤ ਚੀਤ ਜਾਂ ਗੋਸ਼ਟ ਜੋ ਤ੍ਰੈ ਸ਼ਬਦਾਂ ਵਿਚ ਗੁਰੂ ਬਾਬੇ ਨੇ ਉਚਾਰੀ ਸੈਦੋ ਨਾਮੇ ਸਿੱਖ ਨੇ, ਜਿਸਦੀ ਜਾਤ ਜਟ ਘੇਹੋ ਲਿਖੀ ਹੈ, ਲਿਖ ਲੀਤੀ ਤੇ ਇਹ ਬਾਣੀ ਸ਼ਬਦ ਪੰਚਮ ਗੁਰੂ ਜੀ ਨੇ ਬੀੜ ਵਿਚ ਚਾੜ੍ਹੀ ਜੋ ਰਾਮਕਲੀ ਰਾਗ ਵਿਚ ਆਈ ਹੈ। ਆਖੋ –

ਧੰਨ ਗੁਰੂ ਨਾਨਕ ਦੇਵ!

ਸੰਤ ਜੋ ਹੁਣ ਗੁਰਮੁਖ ਜੀ ਤੋਂ ਗੋਸ਼ਟ ਸੁਣਦੇ ਸੁਣਦੇ ਆਪੇ ਵਿਚ ਜੁੜੇ ਹੋਏ ਮਗਨ ਬੈਠੇ ਸਨ, ਬੋਲੇ – ਧੰਨ ਗੁਰੂ ਨਾਨਕ ਦੇਵ! ਇਹ ਕਹਿ ਕੇ ਸੀਸ ਨਿਵਾਇਆ ਤੇ ਫੇਰ ਬੋਲੇ –

ਕਮਾਲ ਹੈ ਜੀਓ ਜੀ – ਸਤਿਗੁਰੂ ਜੀ ਦੇ ਵਾਰਤਾਲਾਪ ਦੇ ਤਰੀਕਾ ਦਾ ਤੇ ਹੋਈਆਂ ਗੋਸ਼ਟਾਂ ਨੂੰ ਐਉਂ ਗੁੰਦ ਕੇ ਸ਼ਬਦਾਂ ਵਿਚ ਰੱਖ ਦੇਣ ਦਾ ਕਿ ਜਿਵੇਂ ਖਜ਼ਾਨੇ ਦੇ ਥੋੜ੍ਹੇ ਥਾਂ ਵਿਚ ਜੁਗਤ ਨਾਲ ਅਮਿਤ ਦੌਲਤ ਸਾਂਭ ਦੇਈਦੀ ਹੈ। ਪਰ ਸੁਆਦ ਤਦੋਂ ਹੀ ਆਉਂਦਾ ਹੈ ਜਦੋਂ ਕੋਈ ਕਰਨੀ ਵਾਲਾ ਇਨ੍ਹਾਂ ਖਜ਼ਾਨਿਆਂ ਨੂੰ ਖੁਹਲੇ ਤੇ ਦਿਖਾਵੇ, ਹਾਂ, ਤਦੋਂ ਹੀ ਮਨ ਸੁਖੀ ਹੋ ਜਾਂਦਾ ਹੈ। ਬਾਨੀ ਲਗਦੀ ਤਾਂ ਸਿੱਧੀ ਸਿੱਧੀ ਹੈ, ਹਮਾਤੜ ਝੱਟ ਅੱਖਰ ਪੂਰੇ ਕਰਕੇ ਦੇਂਦੇ ਹਨ 'ਅਰਥ ਲਾ ਲਏ' ਪਰ ਕਿੰਨਾ ਬਰੀਕ ਉਚਾ ਤੇ ਸੁਖਦਾਈ ਸਾਮਾਨ ਹੈ, ਬਾਨੀ ਵਿਚ।

ਗੁਰਮੁਖ – ਹੁਣ ਸੰਤ ਜੀ ਦੱਸੋ ਕਿ ਆਪ ਦੇ ਅਮਲੀ ਤਜਰਬੇ ਵਿਚ ਅਤੇ ਕਰਨੀ ਦੀਆਂ ਘਾਟੀਆਂ ਤੇ ਚੜ੍ਹ ਰਹੇ ਜਤਨ ਵਿਚ ਜੋ ਮੁਸ਼ਕਲ ਅੱਗੇ ਆਈ ਸੀ ਖੁਲ੍ਹ ਗਈ ਹੈ, ਕਿ ਹੋਰ ਵਿਸਥਾਰਨ ਦੀ ਲੋੜ ਹੈ?

ਸੰਤ – ਸਤਿਗੁਰ ਦੀ ਬਾਨੀ ਤੇ ਆਪ ਦੀ ਵਾਰਤਾਲਾਪ ਦੇ ਢੰਗ ਤੇ ਭਾਵ ਖੁਹਲਵੀਂ ਟੀਕਾ ਨਾਲ ਗੰਢ ਖੁਲ੍ਹ ਗਈ ਹੈ। ਧੰਨ ਸਤਿਗੁਰ, ਧੰਨ ਸਿੱਖੀ, ਧੰਨ ਬਾਨੀ ਜਿਸ ਵਿਚ ਰਤਨ ਭਰੇ ਪਏ ਹਨ। ਆਸਚਰਯ ਹੈ ਕਿ ਸਾਨੂੰ ਗ੍ਰਿਹਸਤ ਦੇ ਕੰਮ ਨਹੀਂ, ਫੇਰ ਆਸਾ ਕਿਉਂ। ਅੱਠੀਂ ਪਹਿਰੀਂ ਮਧੂਕੜੀ ਨਾਲ ਨਿਰਬਾਹ ਤੁਰ ਜਾਂਦਾ ਹੈ, ਫਿਰ ਬੀ ਆਸ਼ਾ! ਧੀ ਟੋਰਨੀ ਨਹੀਂ, ਨੂੰਹ ਲਿਆਉਣੀ ਨਹੀਂ, ਬਰਾਦਰੀ ਦਾ ਭੈ ਨਹੀਂ, ਦੁਸ਼ਮਨ ਦੋਖੀ ਹੈ ਨਹੀਂ, ਰਾਜ ਭੈ ਵਲੋਂ ਬੀ ਆਪਣੇ ਅਟੰਕ ਰਹਿਣ ਕਰਕੇ ਸੁਖ ਹੈ, ਪਰ ਫੇਰ ਅੰਦੇਸੇ ਫੇਰੇ ਮਾਰਦੇ ਹਨ। ਸਭ ਛਡਿਆ, ਭੇਖ ਮਾਤ੍ਰ ਦੀ ਪਕੜ ਰੋਹ ਦੇ ਸਮੇਂ ਬੀ ਲੈ ਆਉਂਦੀ ਹੈ। ਅੱਠ ਪਹਿਰੀ ਮਨ ਦੀ ਆਸ ਸਾਂਈ ਜੀ ਤੇ ਨਹੀਂ ਜਾ ਟਿਕਦੀ।

ਗੁਰਮੁਖ – ਸੰਤ ਜੀ! ਅਸੀਂ ਜੋ ਵਿਦਿਆ ਦੇ ਆਸ਼ੇ ਸਮਝਦੇ ਹਾਂ ਕਿ ਹੋ ਗਿਆ ਉਹ ਸਮਝੇ ਪੈ ਗਿਆ ਹੁੰਦਾ ਹੈ, ਹੋ ਗਿਆ ਨਹੀਂ ਹੁੰਦਾ। ਹੋ ਗਿਆ ਵਾਸਤੇ ਅਮਲ ਦੀ ਲੋੜ ਹੈ। ਸਿਫਤ ਸਲਾਹ ਵਿਚ ਵਸੀਏ, ਕੀਰਤਨ ਦਾ ਪਰਚਾ ਪਾਈਏ, ਨਾਮ ਵਿਚ ਵਸੀਏ, ਫੇਰ ਜੋ ਅਸੀਂ ਪੜ੍ਹਿਆ ਹੈ, ਉਸ ਦੀ ਪ੍ਰਾਪਤੀ ਹੁੰਦੀ ਹੈ। ਫੇਰ ਉਹ ਅਵਸਥਾ ਘਟਦੀ ਹੈ। ਗੁਰੂ ਬਾਬਾ ਚਾਹੁੰਦਾ ਹੈ ਅਸੀਂ ਸਿਫਤ ਸਲਾਹ ਨਾਲ ਸਾਂਈ ਦੇ ਰਾਹ ਟੁਰੀਏ ਜੋ ਮਨ ਖਿੜਿਆ ਰਹੇ। ਸਿਮਰਨ ਨਾਲ ਉਸਦੇ ਪਿਆਰ ਵਿਚ ਰਹੀਏ, ਜੋ ਹੋਰ ਦ੍ਰਿਸ਼ਟਮਾਨ ਦਾ ਕੋਈ ਪਿਆਰ ਆਪਣੇ ਵਲ ਖਿੱਚ ਕੇ ਸਾਨੂੰ ਉਦਾਸੀਆਂ ਤੌਖਲੇ ਤੇ ਦੁਖ ਨਾ ਦੇਵੇ। ਇਹ ਮਾਰਗ ਵਾਹ ਵਾਹ ਹੈ, ਇਸੇ ਕਰਕੇ ਸਾਡੀ ਗੁਰੂ ਦੀਖਿਆ ਵਾਹਿਗੁਰੂ ਹੈ। ਵਾਹ ਵਾਹ ਕਰਦਿਆਂ ਖੇੜੇ, ਖੁਸ਼ੀ ਤੇ ਚਾਉ ਦੇ ਘਰ ਰਹੀਦਾ ਹੈ। ਵਾਹਿਗੁਰੂ ਜੀ ਨੂੰ ਪ੍ਰੀਤਮ ਬਣਾ ਕੇ ਉਸ ਦੇ ਪਿਆਰ ਨਾਲ ਮਨੋਂ ਬਿਰਤੀ ਉਸ ਵਿਚ ਖਿੱਚੀ ਰੱਖ ਕੇ ਉਸਦੇ ਸਿਮਰਨ ਵਿਚ ਉਸਦਾ ਪਿਆਰ ਲਖ ਕੇ ਜੋ ਜੀਵਨ ਬਸਰ ਕਰਨਾ ਹੈ ਤੇ ਜਿਸ ਦੀ ਨੀਂਹ ਸਦਾਚਾਰ ਤੇ ਰੱਖ ਲਈ ਹੈ, ਇਹ ਗ੍ਰਿਹਸਤ ਉਦਾਸ ਮਤ ਤੇ ਪ੍ਰਵਾਨ ਗ੍ਰਿਹਸਤ ਉਦਾਸ ਮਾਰਗ ਨੂੰ ਸੁਗਮਤਾ ਦਿੰਦਾ ਹੈ। ਫੁਰਮਾਇਆ ਹੈ –

***ਨਾਨਕ ਭਗਤਾ ਸਦਾ ਵਿਗਾਸੁ ॥***

ਸਾਡੀ ਜਾਚੇ ਤਾ ਅਤੀਤ ਮਾਰਗ ਵਿਚ ਬੀ ਰਸ ਤੇ ਕਾਮਯਾਬੀ ਸਾਂਈਂ ਨਿਰੰਕਾਰ ਨੂੰ ਪਿਆਰ ਨਾਲ ਹਰ ਵੇਲੇ ਬ੍ਰਿਤੀ ਵਿਚ ਆਰੂੜ ਰਖਿਆਂ ਹੀ ਪ੍ਰਾਪਤ ਹੁੰਦੀ ਹੈ।

ਫੇਰ ਗੁਰੂ ਬਾਬਾ ਸਾਨੂੰ ਭਾਈਚਾਰੇ ਤੋਂ ਕੱਢ ਕੇ ਪਰ੍ਹੇ ਨਹੀਂ ਵਗਾਹ ਮਾਰਦਾ। ਉਹ ਸਰਬੱਤ ਦਾ ਭਲਾ ਲੋਚਦਾ ਹੈ, ਇਸ ਕਰਕੇ ਹੁਕਮ ਦਿੰਦਾ ਹੈ ਕਿ ਭਾਈਚਾਰੇ ਦੇ ਵਿਚੇ ਰਹੋ, ਆਪ ਤਰੋ, ਹੋਰਨਾਂ ਨੂੰ ਤਾਰੋ। ਕਠਨ ਹੈ ਇਹ ਕੁਛ ਕਰਨਾਂ, ਪਰ ਕੀਮਤੀ ਸ਼ੈ ਦੁਰਲਭ ਹੁੰਦੀ ਹੈ। ਅਸੀਂ ਸੰਤ ਜੀ! ਏਸੇ ਕਰਕੇ ਸਾਧ ਸੰਗਤ ਵਿਚ ਗੁਰ ਆਸ਼ੇ ਮੂਜਬ ਜੋ ਸਰੇ ਬਣੇ ਸੇਵਾ ਲਈ ਤਤਪਰ ਰਹਿੰਦੇ ਹਾਂ। ਗੁਰੂ ਬਖਸ਼ੇ, ਆਪਣੀ ਮਿਹਰ ਨਾਲ ਇਸ ਮਾਯਾ ਜਲ ਖਾਈ ਤੋਂ ਤਾਰਦਾ ਆਪਣੇ ਚਰਨਾਂ ਵਿਚ ਲਿਵ ਲੁਵਾਈ ਰੱਖੇ।

ਧੰਨ ਗੁਰੂ ਨਾਨਕ ਦੇਵ!

# ਐਸੋ ਸਹਾਈ ਹਰਿ ਕੋ ਨਾਮ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

(ਲੜੀ ਜੋੜਨ ਲਈ ਦੇਖੋ ਜੂਨ 2006 ਇਸ਼ੂ ਦਾ ਪੰਨਾ 43)

ਐਸੀਆਂ ਬਹੁਤ ਘਟਨਾਵਾਂ ਹੋਇਆ ਕਰਦੀਆਂ ਹਨ। ਇਕ ਮਹਾਤਮਾ ਮਹਾਂਪੁਰਸ਼ ਦਸਿਆ ਕਰਦੇ ਸਨ ਕਿ ਇਕ ਸ਼ਹਿਰ ਵਿਚ ਦੋ ਭਰਾ ਰਿਹਾ ਕਰਦੇ ਸਨ ਇਕ ਭਰਾ ਤਾਂ ਆਸਤਕ ਸੀ; ਆਸਤਕ ਉਸ ਨੂੰ ਕਹਿੰਦੇ ਹਨ, ਜਿਹੜਾ ਹੁੰਦੀ ਚੀਜ਼ ਨੂੰ ਮੰਨ ਲਿਆ ਕਰੇ। ਦੂਜਾ ਨਾਸਤਕ ਸੀ; ਨਾਸਤਕ ਉਹ ਹੁੰਦਾ ਹੈ, ਜਿਸਦੀ ਬੁੱਧੀ ਦੇ ਨੈਣਾਂ ਤੇ ਮੋਤੀਆਬਿੰਦ ਹੋ ਗਿਆ ਹੋਵੇ ਤੇ ਪਰਮੇਸ਼ਰ ਦੀ ਹੋਂਦ ਤੋਂ ਹੀ ਜਵਾਬ ਦੇ ਦੇਵੇ ਕਿ ਰੱਬ ਕੋਈ ਚੀਜ਼ ਨਹੀਂ ਹੈ। ਉਹ ਹਨ੍ਹੇਰੇ ਵਿਚ ਹੋਇਆ ਕਰਦਾ ਹੈ। ਅੰਨ੍ਹਾਪਣ ਹੁੰਦਾ ਹੈ। ਮਨ ਦੇ ਅੰਨ੍ਹੇ ਨੇਤਰ ਹੋਣ ਕਰਕੇ ਉਹ ਹੁੰਦੀ ਚੀਜ਼ ਨੂੰ ਮੰਨਦਾ ਨਹੀਂ। ਸੋ ਉਹ ਸ਼ੁਭ ਕਰਮਾਂ ਵਿਚ ਵਿਸ਼ਵਾਸ ਨਹੀਂ ਸੀ ਰਖਦਾ, ਸ਼ਰਾਬਾਂ ਕਬਾਬਾਂ, ਸਵਾਹ ਖੇਹ ਜਿੰਨੇ ਮਾੜੇ ਕੰਮ ਹਨ, ਸਭ ਕਰਦਾ ਸੀ। ਆਸਤਕ ਭਰਾ ਮਹਾਂਪੁਰਸ਼ਾਂ ਦੀ ਪ੍ਰੇਰਨਾ ਸਦਕਾ ਅਥਿਤੀ ਸੇਵਾ ਕਰਿਆ ਕਰਦਾ ਸੀ, ਇਸ ਦਾ ਪ੍ਰਣ ਸੀ ਕਿ ਪਹਿਲਾਂ ਅਥਿਤੀ ਨੂੰ ਪ੍ਰਸ਼ਾਦਾ ਛਕਾ ਕੇ ਫੇਰ ਛਕਾਂਗਾ, ਅਥਿਤੀ ਸੇਵਾ ਬਹੁਤ ਵੱਡੀ ਮੰਨੀ ਹੈ ਕਿਉਂਕਿ ਜਿਸ ਘਰ ਦੇ ਵਿੱਚੋਂ ਕੋਈ ਅਥਿਤੀ ਭੁੱਖਾ ਚਲਾ ਜਾਵੇ ਤਾਂ ਉਸ ਦੇ ਪੁੰਨ ਕਰਮ ਉਸੇ ਵਕਤ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ। ਅੰਦਰ ਪੰਜ ਅੱਗਾਂ ਹੁੰਦੀਆਂ ਹਨ। ਉਹ ਪੰਜ ਅੱਗਾਂ ਉਸਦੇ ਪੁੰਨਾਂ ਨੂੰ ਜਾਲਣਾ ਸ਼ੁਰੂ ਕਰ ਦਿੰਦੀਆਂ ਹਨ। ਅਥਿਤੀ ਉਹ ਹੁੰਦਾ ਹੈ ਜਿਸ ਨੂੰ ਭੁੱਖ ਲੱਗੀ ਹੋਵੇ। ਜਾਣਦੇ ਨਾ ਹੋਈਏ, ਅਚਾਨਕ ਹੀ ਆ ਗਿਆ ਹੋਵੇ ਉਸ ਨੂੰ ਪੁਛ ਲਿਆ ਤੇ ਮਨ ਵਿਚ ਫੁਰਨਾ ਆ ਗਿਆ ਕਿ ਇਸ ਨੇ ਪ੍ਰਸ਼ਾਦਾ ਛਕਣਾ ਹੈ। ਇਹ ਭੁੱਖਾ ਹੈ। ਉਸ ਨੂੰ ਪ੍ਰਸ਼ਾਦਾ ਛਕਾਉਣ ਵਰਗਾ ਪੁੰਨ ਕੋਈ ਨਹੀਂ ਹੁੰਦਾ। ਅਥਿਤੀ ਸੇਵਾ ਕਰਨ ਵਾਲਿਆਂ ਨੂੰ ਵੱਡੇ ਪੁੰਨ ਪ੍ਰਾਪਤ ਹੋਇਆ ਕਰਦੇ ਹਨ। ਉਹ ਵਿਧੀਪੂਰਵਕ ਅਤਿਥੀ ਸੇਵਾ ਕਰਿਆ ਕਰਦਾ ਸੀ। ਅਖੀਰ ਪਰਮੇਸ਼ਰ ਨੇ ਉਸ ਤੇ ਕਸਵੱਟੀ ਲਾਈ, ਇਕ ਵਾਰੀ ਐਸਾ ਹੋਇਆ ਕਿ ਪੰਜ ਦਿਨ ਕੋਈ ਅਤਿਥੀ ਨਾ ਆਇਆ। ਪੰਜ ਦਿਨ ਦਾ ਉਹ ਭੁਖਾ ਪਿਆ ਰਿਹਾ, ਉਸ ਸੇਠ ਨੇ ਪ੍ਰਣ ਕਰ ਲਿਆ ਕਿ ਜੇਕਰ ਅੱਜ ਅਥਿਤੀ ਨਾ ਆਇਆ ਤਾਂ ਮੈਂ ਜਲ ਕੇ ਮਰ ਜਾਵਾਂਗਾ। ਕਹਿਣ ਲੱਗਾ ਕਿ ਸ਼ਾਇਦ ਮੇਰੇ ਤੇ ਪਰਮੇਸ਼ਰ ਨਰਾਜ਼ ਹੈ ਤਾਂ ਹੀ ਮੇਰੇ ਘਰ ਅਥਿਤੀ ਨਹੀਂ ਆ ਰਿਹਾ। ਇਸ ਕਰਕੇ ਪਰਮੇਸ਼ਰ ਨੂੰ ਅਥਿਤੀ ਬਣ ਕੇ ਉਸਦੇ ਘਰ ਜਾਣਾ ਪਿਆ। ਜਦੋਂ ਅਤਿਥੀ ਨੇ ਪ੍ਰਸ਼ਾਦਾ ਛਕ ਲਿਆ, ਸਾਰਾ ਸ਼ਹਿਰ ਇਕੱਠਾ ਹੋ ਗਿਆ, ਭਰਾ ਵੀ ਆ ਕੇ ਬੈਠ ਗਿਆ। ਕਹਿਣ ਲੱਗਾ, ਭਰਾ! ਜੇਕਰ ਅੱਜ ਇਹ ਬੁੱਢਾ ਨਾ ਆਉਂਦਾ ਤਾਂ ਤੂੰ ਤਾਂ ਜਲ ਕੇ ਮਰ ਜਾਣਾ ਸੀ। ਕੀ ਪਿਆ ਹੈ ਇਹਨਾਂ ਗੱਲਾਂ ਵਿਚ? ਤੂੰ ਵਹਿਮੀ ਹੈਂ। ਉਹ ਕਹਿਣ ਲੱਗਾ, ਮੈਂ ਵਹਿਮੀ ਨਹੀਂ ਹਾਂ ਇਹ ਮੇਰਾ ਪ੍ਰਣ ਹੈ ਕਿ ਮੈਂ ਅਥਿਤੀ ਨੂੰ ਪ੍ਰਸ਼ਾਦਾ ਛਕਾਏ ਬਗੈਰ ਨਹੀਂ ਛਕਣਾ। ਉਹ ਬਿਰਧ ਅਥਿਤੀ ਉਸ ਨਾਸਤਕ ਭਰਾ ਨੂੰ ਕਹਿਣ ਲੱਗਾ ਕਿ ਤੂੰ ਰਾਮ, ਰਾਮ ਜਪਿਆ ਕਰ। ਉਸਦੇ ਭਰਾ ਨੇ ਰਾਮ ਨੂੰ ਗਾਲ ਕੱਢੀ, ਕਹਿੰਦਾ ਮੈਂ ਨਹੀਂ ਉਸ ਨੂੰ ਜਾਣਦਾ ਉਹ ਸਾਲਾ ਰਾਮ ਕੌਣ ਹੁੰਦਾ ਹੈ? ਉਸਦਾ ਇਹ ਪ੍ਰਣ ਸੀ ਕਿ ਜੇਕਰ ਕਿਸੇ ਦਾ ਨਾਮ ਰਾਮ ਚੰਦਰ ਹੋਵੇ, ਚੰਦਰ ਤਾਂ ਕਹਿ ਦੇਣਾ ਹੈ ਪਰ ਰਾਮ ਨਹੀਂ ਕਹਿਣਾ। ਜੇਕਰ ਕ੍ਰਿਸ਼ਨ ਚੰਦਰ ਹੈ ਤਾਂ ਵੀ ਚੰਦਰ ਹੀ ਕਹਿਣਾ ਹੈ, ਕ੍ਰਿਸ਼ਨ ਨਹੀਂ ਕਹਿਣਾ। ਜਿਥੇ ਪਰਮੇਸ਼ਰ ਦਾ ਨਾਮ ਹੋਵੇ, ਉਹ ਲੈਂਦਾ ਨਹੀਂ ਸੀ ਹੁੰਦਾ, ਐਸਾ ਜਿੱਦੀ ਬੰਦਾ ਸੀ। ਗਾਲ ਕੱਢ ਦਿਤੀ। ਕਹਿਣ ਲੱਗਾ ਮੈਂ ਨਹੀਂ ਜਾਣਦਾ ਸਾਲਾ ਰਾਮ ਕੌਣ ਹੈ। ਉਹ ਬ੍ਰਿਧ ਕਹਿਣ ਲੱਗਾ ਕਿ ਹੁਣ ਤੈਨੂੰ ਪਤਾ ਲਗ ਜਾਵੇਗਾ ਕਿ ਰਾਮ ਕੌਣ ਹੈ। ਤੇਰੇ ਮੂੰਹੋ ਇਕ ਵਾਰੀ ਕਢਾਉਣਾ ਸੀ, ਹੁਣ ਦੋ ਘੰਟੇ ਬਾਅਦ ਤੇਰੀ ਮੌਤ ਹੋ ਜਾਣੀ ਹੈ, ਉਸ ਤੋਂ ਬਾਅਦ ਜਮਦੂਤਾਂ ਨੇ ਤੈਨੂੰ ਮਾਰਦਿਆਂ ਕੁਟਦਿਆਂ ਲੈ ਜਾਣਾ ਹੈ। ਜਦੋਂ ਤੈਨੂੰ ਨਰਕ ਵਿਚ ਸੁਟਣ ਲੱਗੇ ਤਾਂ ਤੂੰ ਇੰਜ ਕਰੀਂ, ਉਥੇ ਕਹਿ ਦੇਵੀਂ ਕਿ ਤੂੰ ਇਕ ਵਾਰੀ ਗਾਲ ਕੱਢ ਕੇ ਸਾਲਾ ਰਾਮ ਕਿਹਾ ਸੀ। ਫੇਰ ਤੂੰ ਇਸ ਗੱਲ ਦਾ ਤਜਰਬਾ ਕਰੀਂ ਕਿ ਨਾਮ ਦੀ ਮਹਿਮਾ ਕੀ ਹੈ।

ਸੋ ਇਸੇ ਤਰ੍ਹਾਂ ਹੀ ਹੋਇਆ, ਉਹ ਦੋ ਘੰਟੇ ਬਾਅਦ ਮਰ ਗਿਆ। ਜਮਦੂਤ ਮਾਰਦੇ ਕੁਟਦੇ ਲੈ ਗਏ, ਧਰਮਰਾਜ ਨੇ ਚਿੱਤਰ ਗੁਪਤ ਨੂੰ ਕਿਹਾ ਕਿ ਦੇਖੋ ਇਸਦਾ ਹਿਸਾਬ, ਤਾਂ ਉਹ ਕਹਿਣ ਲੱਗਾ ਕਿ ਹਿਸਾਬ ਕਿਤਾਬ ਕੀ ਦੇਖਣਾ ਹੈ। ਇਸ ਦੀ ਕਾਪੀ ਤਾਂ ਸਾਰੀ ਹੀ ਕਾਲੇ ਲੇਖਾਂ ਨਾਲ ਭਰੀ ਹੋਈ ਹੈ, ਚਿੱਟੇ ਲੇਖ ਤਾਂ ਇਸ ਦੇ ਕੋਈ ਭੀ ਨਹੀਂ ਹਨ। ਇਕ ਵਾਰੀ ਇਸਨੇ ਰਾਮ ਕਿਹਾ ਹੈ, ਉਹ ਵੀ ਗਾਲ ਕੱਢ ਕੇ। ਸਿਰਫ ਕਿਹਾ ਸੀ ਭਾਵਨਾਂ ਨਾਲ ਨਹੀਂ ਕਿਹਾ। ਕ੍ਰਿਸ਼ਨ ਮਹਾਰਾਜ ਨੇ ਗੀਤਾ ਵਿਚ ਕਿਹਾ ਹੈ ਕਿ ਹੇ ਅਰਜਨ! ਭਾਵੇਂ ਕੋਈ ਭੁਲ ਕੇ ਵੀ ਮੇਰਾ ਨਾਮ ਲੈਂਦਾ ਹੈ, ਭਾਵੇਂ ਕਿਸੇ ਤਰੀਕੇ ਨਾਲ ਹੀ ਲੈਂਦਾ ਹੈ ਮੈਂ ਉਹ ਵੀ ਲੇਖੇ ਵਿਚ ਪਾ ਦਿੰਦਾ ਹਾਂ। ਜਿਸ ਤਰ੍ਹਾਂ ਕੋਈ ਸਾਬਣ ਨੂੰ ਬੇ-ਧਿਆਨੇ ਹੀ

ਲਗਾ ਲਵੇ, ਸਾਬਣ ਦਾ ਕੰਮ ਹੈ ਮੈਲ ਨੂੰ ਕੱਟਣਾ, ਉਸ ਨੇ ਮੈਲ ਕੱਟ ਹੀ ਦੇਣੀ ਹੈ। ਭਾਵੇਂ ਕੋਈ ਧਿਆਨ ਨਾਲ ਸਾਬਣ ਲਗਾ ਰਿਹਾ ਹੈ, ਭਾਵੇਂ ਕੋਈ ਬੇ-ਧਿਆਨੇ। ਇਸੇ ਤਰ੍ਹਾਂ ਦੇ ਨਾਲ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥*** ***ਅੰਗ - 4***

ਕੋਈ ਨਾਮ ਭਾਵੇਂ ਕਿਸੇ ਤਰੀਕੇ ਨਾਲ ਲਵੇ, ਉਸਦਾ ਫਲ ਮੈਨੂੰ ਦੇਣਾ ਪੈਂਦਾ ਹੈ। ਸੋ ਚਿੱਤਰ ਗੁਪਤ ਨੇ ਦਸਿਆ ਕਿ ਇਸ ਬੰਦੇ ਨੇ ਕੇਵਲ ਇਕ ਵਾਰੀ ਰਾਮ ਕਿਹਾ ਹੈ, ਉਹ ਵੀ ਸਾਲਾ ਰਾਮ ਕਹਿ ਕੇ। ਕਹਿਣ ਲੱਗੇ ਕਿ ਫੇਰ ਇਸ ਨੂੰ ਇਕ ਵਾਰੀ ਰਾਮ ਕਹਿਣ ਦਾ ਫਲ ਦੇ ਦਿਓ, ਉਹ ਬੰਦਾ ਕਹਿਣ ਲੱਗਾ ਕਿ ਮੈਂ ਫਲ ਨਹੀਂ ਲੈਣਾ, ਮੈਂ ਮੁੱਲ ਲੈਣਾ ਹੈ। ਸੋ ਉਸ ਨੂੰ ਗੱਲ ਯਾਦ ਆ ਗਈ ਕਿ ਉਸ ਬਿਰਧ ਨੇ ਕਿਹਾ ਸੀ ਕਿ ਜਦੋਂ ਤੈਨੂੰ ਪੁਛਣਗੇ ਕਿ ਤੈਨੂੰ ਨਾਮ ਦਾ ਫਲ ਦਿੰਦੇ ਹਾਂ ਪਰ ਤੂੰ ਕਹੀਂ ਕਿ ਮੈਂ ਫਲ ਨਹੀਂ ਲੈਣਾ, ਮੁੱਲ ਲੈਣਾ ਹੈ। ਸੋ ਧਰਮਰਾਜ ਹੈਰਾਨ ਹੋ ਗਿਆ ਕਿ ਪਾਰਬ੍ਰਹਮ ਜੀ ਨੇ ਸਾਨੂੰ ਨਾਮ ਦਾ ਮੁਲ ਤਾਂ ਦਸਿਆ ਹੀ ਨਹੀਂ। ਕਹਿਣ ਲਗੇ ਬ੍ਰਹਮਾ ਜੀ ਕੋਲ ਚਲਦੇ ਹਾਂ। ਜਿਸਨੇ ਸਾਰਾ ਸੰਸਾਰ ਸਾਜਿਆ ਹੈ -

***ਕੋਟਿ ਬ੍ਰਹਮੇ ਜਗੁ ਸਾਜਣ ਲਾਏ॥*** ***ਅੰਗ - 1156***

ਉਸ ਜੀਵ ਨੂੰ ਲੈ ਕੇ ਧਰਮਰਾਜ ਬ੍ਰਹਮਾ ਜੀ ਪਾਸ ਪਹੁੰਚੇ ਅਤੇ ਬੇਨਤੀ ਕੀਤੀ ਕਿ ਮਹਾਰਾਜ! ਇਕ ਸਮੱਸਿਆ ਆ ਗਈ ਇਹ ਜੀਵ ਮ੍ਰਿਤ ਮੰਡਲ 'ਚੋਂ ਆਇਆ ਹੈ, ਜੋ ਮਹਾਂ ਪਾਪੀ ਹੈ, ਇਸ ਨੇ ਇਕ ਵਾਰੀ ਰਾਮ ਕਿਹਾ ਹੈ, ਉਹ ਵੀ ਗਾਲ ਕੱਢ ਕੇ। ਇਹ ਉਸ ਦਾ ਮੁੱਲ ਮੰਗਦਾ ਹੈ। ਬ੍ਰਹਮਾ ਜੀ ਕਹਿਣ ਲੱਗੇ ਹੈਂ? ਰਾਮ ਦੇ ਨਾਮ ਦਾ ਮੁੱਲ? ਫਲ ਦਾ ਤਾਂ ਸਾਨੂੰ ਪਤਾ ਹੈ ਪਰ ਮੁੱਲ ਦਾ ਨਹੀਂ ਪਤਾ। ਸ਼ਿਵ ਜੀ ਮਹਾਰਾਜ ਕੋਲ ਚਲਦੇ ਹਾਂ, ਜਿਹੜੇ ਹਰ ਵਕਤ ਧਿਆਨ ਵਿਚ ਰਹਿੰਦੇ ਹਨ। ਜਦੋਂ ਸ਼ਿਵ ਜੀ ਕੋਲ ਗਏ ਉਹਨਾਂ ਨੇ ਕਿਹਾ ਕਿ ਮੁੱਲ ਦਾ ਤਾਂ ਸਾਨੂੰ ਵੀ ਨਹੀਂ ਪਤਾ, ਚਲੋ ਵਿਸ਼ਨੂੰ ਜੀ ਕੋਲ ਚਲੇ ਗਏ, ਉਹ ਬੜੇ ਹੱਸੇ, ਕਹਿਣ ਲੱਗੇ ਕੀ ਗੱਲ ਸਾਰੇ ਇਕੱਠੇ ਹੋ ਕੇ ਆਏ ਹੋ। ਇਹ ਜੀਵ ਨੂੰ ਨਾਲ ਲਈ ਆਉਂਦੇ ਹੋ। ਕਹਿਣ ਲੱਗੇ ਜੀ ਕਾਹਦਾ ਜੀਵ ਲਈ ਆਉਂਦੇ ਹਾਂ। ਇਸ ਨੇ ਤਾਂ ਸਮੱਸਿਆ ਖੜ੍ਹੀ ਕਰ ਦਿਤੀ। ਆਪ ਦੇ ਵਿਧਾਨ ਦੇ ਵਿਚ ਤਾਂ ਕਿਧਰੇ ਵੀ ਮੁੱਲ ਨਹੀਂ ਲਿਖਿਆ ਹੋਇਆ ਪਰਮੇਸ਼ਰ ਦੇ ਨਾਮ ਦਾ ਅਤੇ ਇਹ ਜੀਵ ਮੁੱਲ ਮੰਗਦਾ ਹੈ ਜਦੋਂ ਕਿ ਇਸਨੇ ਕੇਵਲ ਇਕ ਵਾਰੀ ਰਾਮ ਕਿਹਾ ਸੀ, ਉਹ ਵੀ ਗਾਲ ਕੱਢ ਕੇ। ਜਿਹੜੇ ਦੇਵਗਨ ਸੀ, ਉਹ ਚੁਪ ਕਰ ਗਏ। ਵਿਸ਼ਨੂੰ ਜੀ ਨੇ ਦੇਵਗਣਾਂ ਨੂੰ ਕਿਹਾ ਕਿ ਬਬਾਣ ਲੈ ਕੇ ਆਓ ਅਤੇ ਇਸ ਜੀਵ ਨੂੰ ਸਾਡੇ ਬੈਕੁੰਠ ਧਾਮ ਵਿਚ ਪ੍ਰਵੇਸ਼ ਕਰਾ ਦਿਓ, ਜੀਵ ਬੈਕੁੰਠ ਧਾਮ ਵਿਚ ਚਲਾ ਗਿਆ, ਧਰਮਰਾਜ, ਬ੍ਰਹਮਾ ਜੀ, ਸ਼ਿਵ ਜੀ ਵਾਪਸ ਆਏ ਤਾਂ ਧਰਮਰਾਜ ਨੇ ਕਿਹਾ ਕਿ ਵਿਸ਼ਨੂੰ ਜੀ ਨੇ ਰਾਮ ਕਹਿਣ ਦਾ ਮੁੱਲ ਤਾਂ ਦੱਸਿਆ ਹੀ ਨਹੀਂ। ਗੱਲ ਤਾਂ ਉਥੇ ਹੀ ਰਹਿ ਗਈ। ਫੇਰ ਮੁੜ ਕੇ ਵਿਸ਼ਨੂੰ ਜੀ ਕੋਲ ਚਲੇ ਗਏ, ਕਹਿਣ ਲੱਗੇ ਜੇਕਰ ਕੋਈ ਹੋਰ ਜੀਵ ਆ ਗਿਆ ਤੇ ਮੁੱਲ ਮੰਗਣ ਲੱਗ ਗਿਆ ਕਿ ਮੈਨੂੰ ਰਾਮ, ਵਾਹਿਗੁਰੂ, ਅੱਲਾ ਦੇ ਨਾਮ ਦਾ ਮੁੱਲ ਦਿਓ, ਤਾਂ ਅਸੀਂ ਕੀ ਫਲ ਦਿਆਂਗੇ, ਤੁਸੀਂ ਇਹ ਗੱਲ ਸਾਫ ਨਹੀਂ ਕੀਤੀ। ਵਿਸ਼ਨੂੰ ਜੀ ਨੇ ਕਿਹਾ ਤੁਸੀਂ ਫਿਕਰ ਨਾ ਕਰੋ, ਮੇਰੀ ਮਾਇਆ ਇਤਨੀ ਪ੍ਰਬਲ ਹੈ ਕਿ ਮੈਂ ਜੀਵ ਨੂੰ ਸੋਝੀ ਹੀ ਨਹੀਂ ਆਉਣ ਦੇਣੀ ਕਿ ਉਹ ਨਾਮ ਦਾ ਮੁੱਲ ਮੰਗ ਸਕੇ। ਫਲ ਤਾਂ ਹੁੰਦਾ ਹੈ ਪਰ ਮੁੱਲ ਨਹੀਂ ਕੋਈ ਹੁੰਦਾ। ਪਾਰਬ੍ਰਹਮ ਪਰਮੇਸ਼ਰ ਨੇ ਨਾਮ ਨੂੰ ਅਮੁੱਲ ਆਖਿਆ ਹੈ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ - 81***

ਨਾਮ, ਨਾਮੀ ਤੋਂ ਵੱਡਾ ਹੋਇਆ ਕਰਦਾ ਹੈ।

ਇਕ ਵਾਰੀ ਜਦੋਂ ਗੁਰੂ ਨਾਨਕ ਸਾਹਿਬ ਕਾਸ਼ੀ ਵਿਚ ਗਏ, ਉਥੇ ਬਹੁਤ ਸਾਰੇ ਪੰਡਤ ਬੈਠੇ ਸਨ। ਗੁਰੂ ਨਾਨਕ ਸਾਹਿਬ ਦੀ ਉਹਨਾਂ ਨਾਲ ਬਹੁਤ ਲੰਬੀ ਵਾਰਤਾਲਾਪ ਹੋਈ। ਉਹਨਾਂ ਨੇ ਇਕ ਸਵਾਲ ਕੀਤਾ ਕਿ ਹੇ ਨਾਨਕ! ਸਾਨੂੰ ਇਹ ਦੱਸੋ ਕਿ ਸਭ ਤੋਂ ਵੱਡਾ ਕੌਣ ਹੈ? ਮਹਾਰਾਜ ਨੇ ਜਵਾਬ ਦਿਤਾ ਕਿ ਵਾਹਿਗੁਰੂ ਜੀ, ਪ੍ਰਭੂ ਨਾਰਾਇਣ, ਅਕਾਲਪੁਰਖ, ਬ੍ਰਹਮ। ਸਭ ਚੁਪ ਕਰ ਗਏ, ਪੁੱਛਣ ਲੱਗੇ ਕਿ ਇਹਨਾਂ ਤੋਂ ਵੀ ਕੋਈ ਵੱਡਾ ਹੈ? ਦਸਿਆ ਕਿ ਉਸਦਾ ਨਾਮ ਵੱਡਾ ਹੈ, ਨਿਰਾਕਾਰ ਪਰਮੇਸ਼ਰ ਨੂੰ ਜਿਸ ਰੂਪ ਵਿਚ ਵੀ ਦੇਖਣਾ ਚਾਹੋ, ਉਸ ਰੂਪ ਵਿਚ ਉਸ ਨੂੰ ਬਣਨਾ ਪੈਂਦਾ ਹੈ। ਉਸ ਨੂੰ ਦਰਸ਼ਨ ਦੇਣੇ ਪੈਂਦੇ ਹਨ। ਸੋ ਉਸਦਾ ਨਾਮ ਉੱਚਾ ਹੈ। ਪਰਮੇਸ਼ਰ ਦੇ ਨਾਮ ਦੀ ਮਹਿਮਾ ਕੋਈ ਨਹੀਂ ਜਾਣਦਾ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਅੰਗ - 81***

ਨਾਮ ਦੀ ਮਹਿਮਾ ਤਾਂ ਕੇਵਲ ਪਰਮੇਸ਼ਰ ਦੇ ਪਿਆਰੇ ਹੀ ਜਾਣਦੇ ਹਨ। ਐਸਾ ਫੁਰਮਾਨ ਹੈ -

***ਧਾਰਨਾ - ਮਹਿਮਾ ਹਰਿ ਨਾਮ ਦੀ,***
***ਸੰਤਾਂ ਦੇ ਹਿਰਦੇ ਵਸਦੀ -2, 2.***
***ਸੰਤਾਂ ਦੇ ਹਿਰਦੇ ਵਸਦੀ, -2, 2.***
***ਮਹਿਮਾ ਹਰਿ ਨਾਮ ਦੀ,......... -2.***

***ਨਾਮ ਕੀ ਮਹਿਮਾ ਸੰਤ ਰਿਦ ਵਸੈ॥*** ***ਅੰਗ - 265***

ਸੰਤ, ਜਿਹਨਾਂ ਨੇ ਨਾਮ ਨੂੰ ਜਿੰਦਗੀ ਵਿਚ ਪਰਤਿਆ

ਪਰਤਿਆ ਕੇ ਦੇਖਿਆ ਹੈ, ਉਹਨਾਂ ਨੂੰ ਪਤਾ ਲਗਦਾ ਹੈ ਕਿ ਨਾਮ ਕੀ ਚੀਜ਼ ਹੈ। ਸੰਸਾਰ ਨੂੰ ਤਾਂ ਇਸਦਾ ਪਤਾ ਹੀ ਨਹੀਂ ਲਗਦਾ, ਐਸੇ ਬੇਕਦਰੇ ਹਨ। ਕੀਮਤੀ ਚੀਜ਼ਾਂ ਦੀ ਕਦਰ ਨਹੀਂ ਪਾ ਸਕਦੇ। ਸੰਸਾਰ ਨੂੰ ਪਤਾ ਹੈ - ਜ਼ਮੀਨਾਂ ਦਾ, ਜਾਇਦਾਦਾਂ ਦਾ, ਧੀਆਂ ਦਾ, ਪੁੱਤਰਾਂ ਦਾ, ਮਾਣ ਦਾ, ਇੱਜ਼ਤ ਦਾ, ਸ਼ੋਹਰਤ ਦਾ; ਇਹ ਕੌਡੀ ਤੋਂ ਵੀ ਖੋਟੀਆਂ ਚੀਜ਼ਾਂ ਹਨ। ਕਿਸੇ ਵੀ ਲੇਖੇ ਦੀਆਂ ਚੀਜ਼ਾਂ ਨਹੀਂ ਹਨ। ਸੰਸਾਰ ਇਹਨਾਂ ਦੀ ਕੀਮਤ ਪਾ ਸਕਦਾ ਹੈ ਪਰ ਜੋ ਸੰਗ ਸਹਾਈ ਪਰਮੇਸ਼ਰ ਦਾ ਨਾਮ ਹੈ, ਉਹਦੀ ਕੀਮਤ ਦਾ ਪਤਾ ਨਹੀਂ ਲਗਦਾ। ਸੋ ਸੰਸਾਰ ਦੇ ਸਾਰੇ ਕਾਰਜ, ਵਿਘਨਾਂ, ਸਾਰਿਆਂ ਦੁਖਾਂ, ਮੁਸ਼ਕਲਾਂ, ਬੀਮਾਰੀਆਂ ਦਾ ਇਲਾਜ ਪਰਮੇਸ਼ਰ ਦਾ ਨਾਮ ਹੋਇਆ ਕਰਦਾ ਹੈ। ਇਕ ਸ਼ਬਦ ਵਿਚ ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ-

***ਧਾਰਨਾ - ਸਭ ਕਾਜ ਸਵਾਰੇ ਜੀ,***
***ਜਿਤ ਚਿਤ ਆ ਜਾਏ ਪ੍ਰਭ ਜੀ ਮੇਰਾ - 2.***
***ਜਿਤ ਚਿਤ ਆ ਜਾਏ ਪ੍ਰਭ ਜੀ ਮੇਰਾ - 2.***
***ਸਭ ਕਾਜ ਸਵਾਰੇ ਜੀ, ............ -2.***

ਸ਼ਬਦ ਦੇ ਅੰਦਰ ਮਹਾਰਾਜ ਨੇ ਜਿਸ ਤਰ੍ਹਾਂ ਸੁਖਮਨੀ ਸਾਹਿਬ ਦੇ ਅੰਦਰ ਪਹਿਲੀ ਅਸ਼ਟਪਦੀ ਵਿਚ ਸਿਮਰਨ ਦੀਆਂ ਬਰਕਤਾਂ ਬਹੁਤ ਵਿਸਥਾਰ ਨਾਲ ਦਸੀਆਂ ਹਨ, ਇਸੇ ਤਰ੍ਹਾਂ ਫੁਰਮਾਉਂਦੇ ਹਨ -

***ਜਿਸ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥***
***ਅੰਗ - 960***

ਦੁਖ ਆ ਹੀ ਨਹੀਂ ਸਕਦਾ। ਦੁਖ ਦੀ ਪਰੀਭਾਸ਼ਾ ਉਸ ਵਾਸਤੇ ਖਤਮ ਹੋ ਜਾਂਦੀ ਹੈ। ਸੰਸਾਰ ਨੂੰ ਦੇਖਣ ਵਾਸਤੇ ਦੁਖ ਪ੍ਰਤੀਤ ਦਿੰਦਾ ਹੈ ਪਰ ਉਸਦੇ ਮਨ ਦੇ ਅੰਦਰ ਸੰਤੁਲਨ, ਜਿਹੜੀ ਤਕੜੀ ਲੱਗੀ ਹੋਈ ਹੈ, ਉਸ ਦੁਖ ਦੇ ਵਿਚ ਹੀ ਸੁਖ ਦੇਖ ਰਹੀ ਹੈ -

***ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥***
***ਅੰਗ - 1302***

ਸਾਰਾ ਸੁਖ ਹੀ ਬਣ ਜਾਇਆ ਕਰਦਾ ਹੈ, ਦੁਖ ਨਹੀਂ ਰਹਿੰਦਾ।

ਜਦੋਂ ਗੁਰੂ ਦਸਵੇਂ ਪਾਤਸ਼ਾਹ ਜੀ ਮਹਾਰਾਜ, ਅਨੰਦਪੁਰ ਸਾਹਿਬ ਛੱਡ ਕੇ ਮਹਾਂਭਿਆਨਕ ਯੁੱਧ ਕਰਦੇ ਚਮਕੌਰ ਸਾਹਿਬ ਆ ਕੇ ਯੁੱਧ ਕੀਤਾ, ਓਥੇ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਉਸ ਤੋਂ ਬਾਅਦ ਇਕੱਲੇ ਜਾ ਰਹੇ ਹਨ, ਰਾਏ ਕੱਲੇ ਪਾਸ ਜਾ ਕੇ ਪਤਾ ਲੱਗਿਆ ਕਿ ਛੋਟੇ ਸਾਹਿਬਜ਼ਾਦੇ ਵੀ ਮਾਤਾ ਜੀ ਸਮੇਤ ਸ਼ਹੀਦ ਹੋ ਗਏ ਹਨ। ਉਸ ਤੋਂ ਬਾਅਦ ਆਪ ਜੰਗਲ ਵਿਚ ਚਲੇ ਗਏ, ਫੇਰ ਮਾਲਵੇ ਚਲੇ ਗਏ। ਉਥੇ ਦੋ ਭਰਾ ਰਿਹਾ ਕਰਦੇ ਸਨ - ਧਰਮ ਸਿੰਘ ਤੇ ਪਰਮ ਸਿੰਘ। ਉਹਨਾਂ ਦੇ ਹਿਰਦੇ ਵਿਚ ਮਹਾਰਾਜ ਜੀ ਵਾਸਤੇ ਬਹੁਤ ਹੀ ਪਿਆਰ ਸੀ, ਇਹ ਭਾਈ ਰੂਪੇ ਦੀ ਉਲਾਦ ਵਿਚੋਂ ਸਨ ਜਿਹਨਾਂ ਨੂੰ ਛੇਵੇਂ ਪਾਤਸ਼ਾਹ ਦਾ ਵਰ ਸੀ ਕਿ ਤੁਹਾਡੇ ਲੰਗਰ ਵਿਚ ਗਿੱਲੀਆਂ ਲੱਕੜਾਂ ਵੀ ਸੁੱਕੀਆਂ ਦੀ ਤਰ੍ਹਾਂ ਜਲਿਆ ਕਰਨਗੀਆਂ, ਹੁਣ ਵੀ ਜਲਦੀਆਂ ਹਨ। ਲੰਗਰ ਦਿਨ ਰਾਤ ਚਲਦਾ ਹੈ।

ਸੋ ਧਰਮ ਸਿੰਘ ਤੇ ਪਰਮ ਸਿੰਘ ਨੇ ਬਹੁਤ ਵੈਰਾਗ ਕੀਤਾ, ਬਰਾਏ ਨਾ ਜਾਣ। ਗੁਰੂ ਮਹਾਰਾਜ ਨੇ ਬਹੁਤ ਗਿਆਨ ਦਿਤਾ ਤਾਂ ਵੀ ਉਹ ਚੁੱਪ ਨਾ ਕਰਨ, ਪਿੰਡਾਂ ਵਿਚ ਦੁਧ ਲੈਣ ਜਾਣ ਤਾਂ ਵੀ ਰੋਂਦੇ ਜਾਣ। ਜਦੋਂ ਇਕੱਲੇ ਹੋ ਜਾਣ ਤਾਂ ਹੋਰ ਵੀ ਉੱਚੀ ਉੱਚੀ ਰੋਣ। ਅੱਜ ਚੌਥਾ ਦਿਨ ਹੋ ਗਿਆ, ਬੱਸ ਇਕੋ ਗੱਲ ਕਹੀ ਜਾਣ ਕਿ ਮਹਾਰਾਜ! ਕੀ ਸਿੰਘ ਥੋੜ੍ਹੇ ਸਨ ਜੋ ਤੁਸੀਂ ਸਾਹਿਬਜ਼ਾਦੇ ਸ਼ਹੀਦ ਕਰਵਾ ਦਿਤੇ। ਜੇ ਯੁੱਧ ਕਰਨਾ ਹੀ ਸੀ ਤਾਂ ਉਨ੍ਹਾਂ ਨੂੰ ਤਾਂ ਬਚਾ ਲੈਂਦੇ ਕਿਉਂਕਿ ਇਹਨਾਂ ਨੇ ਬੜੇ ਪਿਆਰ ਨਾਲ ਸਾਹਿਬਜ਼ਾਦਿਆਂ ਦੇ ਦਰਸ਼ਨ ਕੀਤੇ ਹੋਏ ਸਨ।

ਚੌਥਾ ਦਿਨ ਹੋਇਆ ਤਾਂ ਕੀ ਦੇਖਦੇ ਹਨ ਕਿ ਉਹ ਸਿੱਖ ਅਜੇ ਵੀ ਰੋਈ ਜਾਂਦੇ ਹਨ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਤੁਸੀਂ ਅਜੇ ਵੀ ਰੋਈ ਜਾਂਦੇ ਹੋ? ਉਹਨਾਂ ਨੇ ਉਤਰ ਦਿਤਾ ਕਿ ਸਾਡੇ ਕੋਲੋਂ ਸਾਹਿਬਜ਼ਾਦਿਆਂ ਦਾ ਵਿਛੋੜਾ ਨਹੀਂ ਝੱਲਿਆ ਜਾਂਦਾ। ਚਲੋ ਵਿਛੋੜਾ ਤਾਂ ਠੀਕ ਹੈ, ਪਰ ਜੋ ਕੁਝ ਉਹਨਾਂ ਨਾਲ ਹੋਇਆ ਉਹ ਅਸੀਂ ਨਹੀਂ ਭੁੱਲ ਸਕਦੇ, ਕਿਸ ਤਰ੍ਹਾਂ ਉਹ ਨੀਹਾਂ ਵਿੱਚ ਚਿਣੇ ਗਏ। ਅਸੀਂ ਉਹ ਨਹੀਂ ਭੁਲ ਸਕਦੇ ਕਿਵੇਂ ਠੰਡ ਵਿਚ ਰਖੇ ਗਏ, ਕਿਸ ਤਰ੍ਹਾਂ ਬੱਚਿਆਂ ਨੂੰ ਤਕਲੀਫਾਂ ਦਿਤੀਆਂ ਗਈਆਂ ਅਤੇ ਕਿਸ ਤਰ੍ਹਾਂ ਦੇ ਨਾਲ ਉਹ ਸ਼ਹੀਦ ਕੀਤੇ ਗਏ। ਬੜੀ ਦਰਦਨਾਕ ਕਹਾਣੀ ਹੈ ਅਸੀਂ ਸੁਣ ਨਹੀਂ ਸਕਦੇ। ਠੀਕ ਹੈ ਕਿਸੇ ਯੁੱਧ ਵਿਚ ਲੜਦੇ ਸ਼ਹੀਦ ਹੋ ਜਾਂਦੇ ਪਰ ਇਹ ਤਾਂ ਛੋਟੇ ਛੋਟੇ ਬੱਚੇ ਕਿੱਡੇ ਵੱਡੇ ਦੈਂਤਾਂ ਜਲਾਦਾਂ ਨੇ ਕਿਵੇਂ ਛਾਤੀਆਂ ਤੇ ਗੋਡੇ ਰੱਖ ਕੇ ਜਿਸ ਤਰ੍ਹਾਂ ਬਕਰਾ ਜਿਬ੍ਹਾ ਕਰੀਦਾ ਹੈ, ਇਸ ਤਰ੍ਹਾਂ ਛੁਰੀ ਫੇਰ ਫੇਰ ਕੇ ਜਿਬ੍ਹਾ ਕਰੇ। ਇਹ ਗੱਲ ਅਸਾਨੂੰ ਭੁਲਣੀ ਨਹੀਂ। ਇਸ ਗੱਲ ਦਾ ਅਸਾਨੂੰ ਬਹੁਤ ਵੈਰਾਗ ਹੈ। ਗੁਰੂ ਮਹਾਰਾਜ ਕਹਿਣ ਲੱਗੇ, ਇਹ ਤਾਂ ਖੇਡ ਹੋ ਰਹੀ ਹੈ, ਗਿਆਨਵਾਨ ਬੰਦੇ ਹੋ ਕੇ ਐਸੀਆਂ ਗੱਲਾਂ ਕਰਦੇ ਹੋ, ਮੈਨੂੰ ਚੰਗੀਆਂ ਨਹੀਂ ਲਗਦੀਆਂ। ਜੇ ਕੋਈ ਚੜ੍ਹਾਈ ਕਰ ਜਾਵੇ ਉਸ ਨੂੰ ਕਹੋ ਕਿ ਤੂੰ ਰੱਬ ਦਾ ਭਾਣਾ ਮੰਨ, ਸੋਚੇਗਾ ਐਵੇਂ ਹੀ ਗੱਲ ਕਹੀ ਜਾਂਦੇ ਹਨ। ਭਾਣਾ ਮੈਂ ਕਾਹਦਾ ਮੰਨਾ, ਮੈਨੂੰ ਤਾਂ ਵਿਜੋਗ ਆ ਗਿਆ, ਮਨ ਵਿਚ ਬਹੁਤ ਤਕਲੀਫ ਹੈ। ਸੋ ਇਸ ਤਰ੍ਹਾਂ ਬਹੁਤ ਸਮਝਾਇਆ ਕਿ

ਦੇਖੋ ਜੇ ਗੁਰੂ ਸਾਹਿਬ ਨਾ ਚਾਹੁੰਦੇ, ਤਾਂ ਇਹ ਗੱਲ ਨਾ ਹੁੰਦੀ, ਬਾਕੀ ਜਿਹੜੀ ਤੁਸੀਂ ਗੱਲ ਕਰਦੇ ਹੋਂ, ਕਿਸੇ ਨੂੰ ਦੁਖ ਭੀ ਸੁਖ ਲਗਿਆ ਕਰਦਾ ਹੈ। ਦੁਨੀਆਂ ਦੇ ਅੰਦਰ ਦੇਖ, ਇਕ ਕਿਸਾਨ ਹੈ, ਬਿਜਲੀ ਹਨ੍ਹੇਰੀ ਰਾਤ ਨੂੰ ਨੌਂ ਵਜੇ ਮਿਲਦੀ ਹੈ। ਉਸ ਨੇ ਨੱਕੇ ਛੱਡਣੇ ਹਨ। ਧਾਨਾਂ ਦਾ ਖੇਤ ਹੈ, ਵਿਚ ਸੱਪ ਸਪੋਲੇ ਫਿਰਦੇ ਹਨ। ਉਹ ਨੌਂ ਵਜੇ ਜਾ ਕੇ ਘਾਹ, ਹਨ੍ਹੇਰੇ ਵਿਚ ਜਾ ਕੇ ਧਾਨ ਦੇ ਖੇਤ ਵਿਚ ਨੱਕੇ ਛੱਡੇਗਾ। ਉਸ ਵੇਲੇ ਉਸਦੇ ਮਨ ਦਾ ਸੰਤੁਲਨ ਕੀ ਹੋਏਗਾ? ਸੋਚਦਾ ਹੈ ਮੇਰੇ ਦੋ ਏਕੜਾਂ ਨੂੰ ਪਾਣੀ ਮਿਲ ਜਾਏਗਾ, ਫੇਰ ਜਦੋਂ ਕਣਕਾਂ ਵਿਚ ਪਾਣੀ ਛੱਡਦਾ ਹੈ ਇਹੋ ਮਹੀਨਾ (ਜਨਵਰੀ ਦਾ) ਹੁੰਦਾ ਹੈ, ਕਪੜੇ ਤ੍ਰੇਲ ਨਾਲ ਭਿਜ ਜਾਂਦੇ ਹਨ। ਤੂੰ ਉਸ ਨੂੰ ਦੁਖੀ ਸਮਝਦਾ ਹੈਂ, ਪਰ ਉਹ ਤਾਂ ਆਪਣੀ ਫਸਲ ਨੂੰ ਦੇਖ ਦੇਖ ਕੇ ਸੁਖੀ ਹੋ ਰਿਹਾ ਹੈ।

ਇਸੇ ਤਰ੍ਹਾਂ ਇਕ ਪਹਿਲਵਾਨ ਹੈ ਉਹ ਅਖਾੜੇ ਵਿਚ ਵਰਜਿਸ਼ ਕਰ ਰਿਹਾ ਹੈ, ਉਸ ਨੂੰ ਕਈ ਬੰਦੇ ਮਧੋਲ ਰਹੇ ਹਨ ਕੀ ਉਸ ਨੂੰ ਦੁਖ ਹੈ? ਨਹੀਂ, ਉਹ ਖੁਸ਼ ਹੈ ਕਿ ਮੇਰਾ ਸਰੀਰ ਨਰੋਆ ਹੋ ਰਿਹਾ ਹੈ। ਇਸੇ ਤਰ੍ਹਾਂ ਇਕ ਬੱਚਾ ਪੜ੍ਹ ਰਿਹਾ ਹੈ, ਸਭ ਸੁੱਤੇ ਪਏ ਹਨ ਪਰ ਉਹ ਟਿਕੀ ਹੋਈ ਰਾਤ ਵਿਚ ਪੜ੍ਹ ਰਿਹਾ ਹੈ; ਕੀ ਅਸੀਂ ਉਸ ਨੂੰ ਦੁਖੀ ਕਹਾਂਗੇ? ਨਹੀਂ, ਉਸ ਦੇ ਮਨ ਵਿਚ ਤਾਂ ਇਕ ਲਗਨ ਹੈ ਕਿ ਮੈਂ ਪੜ੍ਹ ਕੇ ਫਸਟ ਆਉਣਾ ਹੈ। ਉਸ ਨੂੰ ਦੁਖ, ਦੁਖ ਨਹੀਂ ਲਗਦਾ, ਸੁਖ ਹੋ ਜਾਇਆ ਕਰਦਾ ਹੈ। ਇਕ ਮਾਤਾ ਹੈ, ਉਸ ਨੂੰ ਆਸ ਹੈ ਕਿ ਮੇਰੇ ਪੁੱਤਰ ਨੇ ਜਨਮ ਲੈਣਾ ਹੈ, ਬਹੁਤ ਪੀੜਾ ਆਉਂਦੀ ਹੈ। ਪਰ ਦੁਖ ਨਹੀਂ ਮੰਨਦੀ, ਖੁਸ਼ ਹੋ ਜਾਂਦੀ ਹੈ ਕਿ ਮੇਰੇ ਪੁੱਤਰ ਨੇ ਜਨਮ ਲਿਆ ਹੈ। ਇਸੇ ਤਰ੍ਹਾਂ ਸਾਰੇ ਸੰਸਾਰ ਦੇ ਅੰਦਰ ਜੋ ਦੁਖ ਹੈ, ਮਨ ਦੀ ਭਾਵਨਾ ਨਾਲ ਹੋਇਆ ਕਰਦਾ ਹੈ। ਜੇਕਰ ਉਸ ਦੁਖ ਨੂੰ ਸੁਖ ਬਣਾ ਲਿਆ ਜਾਵੇ ਤਾਂ ਫਿਰ ਦੁਖ, ਦੁਖ ਨਹੀਂ ਰਿਹਾ ਕਰਦਾ।

ਇਕ ਵਾਰੀ ਕਿਸੇ ਨੇ ਦੁਖ ਨੂੰ ਪੁਛਿਆ ਕਿ ਐ ਦੁਖ, ਇਹ ਦਸ ਕਿ ਇਸ ਸੰਸਾਰ ਤੇ ਤੇਰੀ ਕੀ ਲੋੜ ਸੀ? ਉਹ ਹੱਸ ਪਿਆ। ਪੁਛਣ ਵਾਲਾ ਕਹਿਣ ਲੱਗਾ ਕੀ ਗੱਲ? ਤੈਨੂੰ ਤਾਂ ਸੰਸਾਰ ਤੇ ਕੋਈ ਨਹੀਂ ਚਾਹੁੰਦਾ। ਮੈਨੂੰ ਇਕ ਬੰਦਾ ਵੀ ਦਿਖਾ ਦੇ ਜਿਹੜਾ ਕਹਿੰਦਾ ਹੋਵੇ, ਸੱਚੇ ਪਾਤਿਸ਼ਾਹ ਮੈਨੂੰ ਦੁਖ ਦੇ ਦੇ। ਮੈਂ ਜ਼ਿਆਦਾ ਸੁਖੀ ਹਾਂ ਮੈਨੂੰ ਦੁਖੀ ਕਰ ਦੇ। ਹੈ ਕੋਈ ਸੰਸਾਰ ਵਿਚ? ਤੂੰ ਮੱਲੋ-ਮਲੀ uninvited guest (ਬਿਨ-ਬੁਲਾਇਆ ਪ੍ਰਾਹੁਣਾ) ਹੈਂ, ਤੈਨੂੰ ਕੋਈ ਨਹੀਂ ਚਾਹੁੰਦਾ, ਮੱਲੋ ਮੱਲੀ ਆ ਕੇ ਡੇਰੇ ਲਾ ਕੇ ਬਹਿ ਜਾਂਦਾ ਹੈਂ। ਫੇਰ ਤੂੰ ਹਿਲਦਾ ਨਹੀਂ। ਤੈਨੂੰ ਕੱਢਣ ਦੇ ਸਾਰੇ ਸਾਧਨ ਜ਼ੋਰ ਲਗਾਉਂਦੇ ਹਨ। ਪਰ ਤੂੰ ਐਸਾ ਢੀਠ ਹੈਂ ਕਿ ਉਥੋਂ ਨਿਕਲਦਾ ਨਹੀਂ। ਇਕ ਵਾਰੀ ਦੁਖ ਪੈ ਜਾਵੇ ਨਿਕਲਣ ਵਿਚ ਨਹੀਂ ਆਉਂਦਾ। ਬੰਦਾ ਇਸ ਤੋਂ ਛੁਟਕਾਰਾ ਪਾਉਣ ਲਈ ਨਸਦਾ, ਭਜਦਾ ਹੈ, ਪੁੰਨ ਕਰਦਾ ਹੈ, ਦਾਨ ਕਰਦਾ ਹੈ, ਅਖੰਡ ਪਾਠ ਕਰਾਉਂਦਾ ਹੈ। ਹੋਰ ਅਨੇਕਾਂ ਯਤਨ ਕਰਦਾ ਹੈ। ਮਨੁੱਖ ਨੂੰ ਹਰ ਵਿਘਨ ਤੋਂ ਦੁਖ ਤੋਂ ਡਰ ਲਗਦਾ ਹੈ ਪਰ ਤੂੰ ਨਹੀਂ ਜਾਂਦਾ। ਕਹਿਣ ਲੱਗਾ ਹੇ ਦੁੱਖ ਤੂੰ ਬੋਲਦਾ ਕਿਉਂ ਨਹੀਂ, ਜਵਾਬ ਕਿਉਂ ਨਹੀਂ ਦਿੰਦਾ? ਤੂੰ ਸੰਸਾਰ ਵਿਚ ਕਿਉਂ ਆਇਆ ਹੈਂ? ਕਹਿਣ ਲੱਗਾ ਮੈਂ ਸੁਖ ਨੂੰ ਜਨਮ ਦੇਣ ਵਾਸਤੇ ਆਇਆ ਹਾਂ। ਜੇ ਮੈਂ ਨਾ ਹੋਵਾਂ ਤਾਂ ਸੁਖ ਹੋ ਹੀ ਨਹੀਂ ਸਕਦਾ। ਦੁਖ ਨੇ ਬੜੇ ਵਿਸਥਾਰ ਨਾਲ ਸਮਝਾਇਆ। ਕਹਿਣ ਲੱਗਾ, ਭੋਲਿਆ! ਮੈਂ ਬੇਲੋੜਾ ਨਹੀਂ ਹਾਂ। ਜੇਕਰ ਮੈਂ ਨਾ ਆਵਾਂ, ਦੁਨੀਆਂ ਮਸਤ ਜਾਵੇ, ਪਰਮੇਸ਼ਰ ਨੂੰ ਭੁਲ ਜਾਵੇ, ਨਰਕਾਂ ਵਿਚ ਚਲੀ ਜਾਵੇ। ਜਦੋਂ ਮੈਂ ਆਉਂਦਾ ਹਾਂ ਤਾਂ ਮੈਂ ਦਾਰੂ ਬਣ ਜਾਂਦਾ ਹਾਂ, ਉਹਨਾਂ ਦੇ ਰੋਗ ਕੱਟਣ ਵਾਸਤੇ, ਉਹਨਾਂ ਨੂੰ ਸੁਖ ਵਿਚ ਪਹੁੰਚਾਉਣ ਵਾਸਤੇ। ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ-

***ਧਾਰਨਾ - ਤੇਰੇ ਦੁਖਾਂ ਦੀ ਬਣੇਗੀ ਦਾਰੂ,***
***ਸੁਖ ਤੇਰੇ ਰੋਗ ਹੋਣਗੇ- 2***
***ਦੁਖੁ ਦਾਰੂ ਸੁਖੁ ਰੋਗੁ ਭਇਆ***
***ਜਾ ਸੁਖੁ ਤਾਮਿ ਨ ਹੋਈ॥***
***ਤੂੰ ਕਰਤਾ ਕਰਣਾ ਮੈ ਨਾਹੀ***
***ਜਾ ਹਉ ਕਰੀ ਨ ਹੋਈ॥*** ***ਅੰਗ - 469***

ਦੁਖ ਕਹਿਣ ਲੱਗਾ ਮੈਂ ਬੇਲੋੜਾ ਨਹੀਂ ਹਾਂ। ਮੈਂ ਸੁਖ ਨੂੰ ਜਨਮ ਦਿੰਦਾ ਹਾਂ। ਕਿਸੇ ਦੀ ਵੀ ਜ਼ਿੰਦਗੀ ਦਾ ਤਜਰਬਾ ਦੇਖ ਲੈ, ਜਿਸ ਨੇ ਦੁਖ ਕਟਿਆ ਉਹ ਸੁਖ ਮਾਣਦਾ ਹੈ।

ਸੋ ਅੰਮ੍ਰਿਤ ਵੇਲਾ ਹੈ, ਉਠਿਆ ਕਰ ਭਾਈ ਨਾਮ ਜਪਿਆ ਕਰ। ਕਹਿੰਦੈ, ਜੀ, ਔਖਾ ਹੈ, ਪਾਣੀ ਬੜਾ ਠੰਢਾ ਹੈ, ਮੈਂ ਕਿਸ ਤਰ੍ਹਾਂ ਇਸ਼ਨਾਨ ਕਰ ਲਵਾਂ? ਮੈਂ ਬੀਮਾਰ ਹੋ ਜਾਵਾਂਗਾ। ਮਹਾਰਾਜ ਕਹਿੰਦੇ ਹਨ ਤੂੰ ਬੀਮਾਰ ਨਹੀਂ ਹੁੰਦਾ। ਤੂੰ ਬੀਮਾਰ ਹੋਏਂਗਾ ਖਾ ਕੇ-

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥*** ***ਅੰਗ - 1256***

ਨਹਾ ਕੇ ਤਾਂ ਤੂੰ ਸੁਖੀ ਹੋਏਂਗਾ, ਤੇਰੇ ਦੁਖ ਦੂਰ ਹੋਣਗੇ। ਕਹਿਣ ਲੱਗਾ ਜੀ ਉਠਣਾ ਬੜਾ ਔਖਾ ਹੈ, ਰਜਾਈ ਬੜੀ ਪਿਆਰੀ ਲੱਗਦੀ ਹੈ। ਇਹ ਰਜਾਈ ਵਾਲਾ ਸੁਖ ਤਾਂ ਤੂੰ ਲੈ ਲਿਆ ਪਰ ਅੱਗੇ ਜਾ ਕੇ ਜਦੋਂ ਕੋਈ ਪੁੰਨਾਂ ਦਾ ਧਨ ਪੱਲੇ ਹੀ ਨਾ ਹੋਇਆ, ਖਾਤਾ ਹੀ ਖਾਲੀ ਪਿਆ ਹੈ, ਨਾਮ ਜਪਿਆ ਹੀ ਨਹੀਂ। ਰਜਾਈ ਨੇ ਤਾਂ ਨਾਲ ਨਹੀਂ ਜਾਣਾ। ਜਿਹੜੇ ਹੁਣ ਜਾਗਦੇ ਹਨ, ਅੰਮ੍ਰਿਤ ਵੇਲੇ ਉਠਦੇ ਹਨ, ਨਾਮ ਜਪਦੇ ਹਨ, ਬੰਦਗੀ ਕਰਦੇ ਹਨ, ਦੇਖਣ ਵਾਲਿਆਂ ਨੂੰ ਦੁਖ ਲਗਦਾ ਹੈ, ਠੰਢੇ ਪਾਣੀ ਨਾਲ ਨਹਾ

ਰਹੇ ਹਨ, ਸੌਂਦੇ ਨਹੀਂ ਹਨ। ਪਰ ਜਦੋਂ ਨਤੀਜਾ ਨਿਕਲਣੈ, ਉਸ ਵੇਲੇ-

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥***
***ਇਹੁ ਵਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥ ਅੰਗ - 283***

ਸੋ ਦੁਖ ਬੁਰਾ ਨਹੀਂ ਹੋਇਆ ਕਰਦਾ, ਜਿਸ ਕੌਮ ਤੇ ਦੁਖ ਨਾ ਪਿਆ ਹੋਵੇ ਉਹ ਕੌਮ ਦੁਨੀਆਂ ਦੇ ਨਕਸ਼ੇ ਤੋਂ ਮਿਟ ਜਾਇਆ ਕਰਦੀ ਹੈ। ਖਤਮ ਹੋ ਜਾਇਆ ਕਰਦੀ ਹੈ। ਜਿਹੜੀਆਂ ਕੌਮਾਂ ਨੇ ਦੁਖ ਦੇਖੇ ਹਨ, ਉਹ ਉਚਾ ਚੜ੍ਹ ਜਾਇਆ ਕਰਦੀਆਂ ਹਨ। ਸਾਰੇ ਸੰਸਾਰ ਤੇ ਉਹ ਬਾਦਸ਼ਾਹ ਹੋਇਆ ਕਰਦੇ ਹਨ। ਸੋ ਦੁਖ ਮਾੜੀ ਚੀਜ਼ ਨਹੀਂ। ਕਹਿਣ ਲੱਗਾ, ਮੈਨੂੰ ਕੌਣ ਮਾੜਾ ਕਹਿੰਦਾ ਹੈ। ਤੁਸੀਂ ਚਾਹੋ ਨਾ ਚਾਹੋ, ਕੀ ਕਦੀ ਸੁਖ ਆਪਣੇ ਆਪ ਆਉਂਦਾ ਹੈ। ਦੁਖ ਨੇ ਕਿਹਾ, ਜਦੋਂ ਵੀ ਸੁਖ ਆਉਂਦਾ ਹੈ, ਉਸ ਨੂੰ ਮੈਂ ਭੇਜਦਾ ਹਾਂ। ਸੋ ਉਹ ਪ੍ਰੇਮੀ ਕਹਿਣ ਲੱਗਾ ਕਿ ਤੁਸੀਂ ਅਫਸੋਸ ਨਾ ਕਰੋ ਇਹ ਗੁਰੂ ਦਾ ਭਾਣਾ ਸੀ। ਪੁਛਿਆ ਤੂੰ ਕੌਣ ਹੈ? ਕਹਿਣ ਲੱਗਾ ਮੈਂ ਸ਼ਹੀਦੀ ਫੌਜ ਦਾ ਸਿੰਘ ਹਾਂ, ਮੈਨੂੰ ਗੁਰੂ ਨੇ ਹੁਕਮ ਦਿਤਾ ਹੈ ਕਿ ਮੈਂ ਤੈਨੂੰ ਸਮਝਾਵਾਂ। ਪੁੱਛਣ ਲੱਗਾ ਕਿ ਸ਼ਹੀਦ ਕੀ ਹੁੰਦੇ ਹਨ। ਕਹਿਣ ਲੱਗਾ ਕਿ ਜੇਕਰ ਮੈਂ ਚਾਹਵਾਂ ਤਾਂ ਔਰੰਗਜੇਬ ਨੂੰ ਸਣੇ ਫੌਜਾਂ ਦੇ ਹੁਣੇ ਫੜ ਕੇ ਲਿਆ ਸਕਦਾ ਹਾਂ। ਕਹਿਣ ਲੱਗਾ ਕਿ ਭਾਈ ਸਾਹਿਬ ਕੋਈ ਸ਼ਕਤੀ ਵੀ ਹੈ ਕਿ ਐਵੇਂ ਗੱਲਾਂ ਕਰੀ ਜਾਂਦੇ ਹੋ, ਤਾਂ ਦਸਿਆ ਕਿ ਸਾਡੇ ਕੋਲ ਸ਼ਕਤੀ ਤਾਂ ਬਹੁਤ ਹੈ ਪਰ ਸਾਨੂੰ ਸ਼ਕਤੀ ਵਰਤਣ ਦਾ ਹੁਕਮ ਨਹੀਂ ਹੈ। ਕਹਿਣ ਲੱਗਾ ਕਿ ਤੇਰੇ ਵਿੱਚ ਕਿੰਨੀ ਸ਼ਕਤੀ ਹੈ? ਦੇਖਦੇ ਦੇਖਦੇ ਕੀ ਦੇਖਿਆ ਕਿ ਬੱਦਲ ਤੋਂ ਉੱਚਾ ਹੋ ਗਿਆ। ਬਹੁਤ ਗਰਜ ਕੇ ਬੋਲਿਆ ਜਿਵੇਂ ਬਿਜਲੀ ਗਰਜਦੀ ਹੈ ਮੈਂ ਏਥੇ ਖੜਾ ਹੀ ਫੜ ਲਿਆਉਂਦਾ ਹਾਂ ਇਕ ਪੈਰ ਨਾਲ ਹੀ ਸਾਰੀ ਫੌਜ ਨੂੰ ਮਸਲ ਦਿਆਂਗਾ। ਐਨੀਆਂ ਵੱਡੀਆਂ ਸ਼ਕਤੀਆਂ ਦੇ ਮਾਲਕ ਅਸੀਂ ਗੁਰੂ ਦੇ ਹੁਕਮ ਵਿਚ ਬੰਨ੍ਹੇ ਖੜੇ ਹਾਂ। ਤੂੰ ਅਫਸੋਸ ਨਾ ਕਰ ਗੁਰੂ ਮਹਾਰਾਜ ਤਾਂ ਸਾਨੂੰ ਸੋਝੀ ਦੇਣ ਵਾਸਤੇ ਬਚਿਤ੍ਰ ਨਾਟਕ ਕਰਨ ਵਾਸਤੇ ਆਏ ਹਨ। ਕਹਿਣ ਲੱਗਾ, ਭਾਈ ਸਾਹਿਬ! ਆਪਣੇ ਅਸਲੀ ਰੂਪ ਵਿਚ ਆਓ, ਮੈਨੂੰ ਤਾਂ ਦੇਖ ਕੇ ਡਰ ਲਗਦਾ ਹੈ। ਤੁਸੀਂ ਐਡੇ ਵੱਡੇ ਹੋ ਕਿ ਬੱਦਲਾਂ ਤੋਂ ਵੀ ਵੱਡੇ ਬਣ ਗਏ।

ਦੁਖ ਜੋ ਹੋਇਆ ਕਰਦਾ ਹੈ, ਨਾਮ ਜਪਣ ਨਾਲ ਇਸਦੀ ਪਰੀਭਾਸ਼ਾ ਬਦਲ ਜਾਇਆ ਕਰਦੀ ਹੈ -

***ਜਿਸ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥***
***ਅੰਗ - 960***

ਉਸ ਪਾਸੇ ਦੇਖ ਲਿਆ ਕਿ ਦੁਖ ਭੁਗਤਣ ਤੋਂ ਬਾਅਦ ਨਤੀਜਾ ਸੁਖ ਵਿਚ ਨਿਕਲਿਆ -

***ਜਿਸ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥***
***ਅੰਗ - 960***

ਜਮ ਵੀ ਬੰਦਗੀ ਕਰਨ ਵਾਲੇ ਦੀ ਪ੍ਰਸੰਸਾ ਕਰਦਾ ਹੈ -

***ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥***
***ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥***
***ਅੰਗ - 1425***

ਕਹਿੰਦੇ ਹਨ ਕਿ ਧਰਮਰਾਜ ਵੀ ਕਹਿੰਦਾ ਹੈ ਕਿ ਜੇ ਕਿਧਰੇ ਬੰਦਗੀ ਕਰਨ ਵਾਲਾ ਧਰਮਰਾਜ ਦੀ ਪੁਰੀ ਵਿਚ ਆ ਜਾਵੇ ਤਾਂ ਉਸ ਮੇਰਾ ਭਵਨ ਪਵਿੱਤਰ ਕਰ ਦਿਤਾ ਹੈ ਤੇ ਕਹਿੰਦਾ ਹੈ ਕਿ ਤੁਸੀਂ ਮੇਰੇ ਤੇ ਬੜੀ ਕ੍ਰਿਪਾ ਕੀਤੀ ਹੈ, ਮੈਨੂੰ ਵੀ ਪਵਿੱਤਰ ਕਰ ਦਿਤਾ ਤੇ ਮੇਰੇ ਭਵਨ ਨੂੰ ਵੀ -

***ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥***
***ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥***
***ਅੰਗ - 960***

ਜਿਸ ਨੂੰ ਮਿਤ੍ਰ ਹੀ ਬਣਾ ਲਿਆ -

***ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥***
***ਅੰਗ - 1096***

ਜਦੋਂ ਵਾਹਿਗੁਰੂ ਹੀ ਆਪਣੇ ਵੱਲ ਹੋ ਗਿਆ ਤਾਂ ਮੁਛੰਦਗੀ ਕਾਹਦੀ ਰਹਿ ਗਈ, ਸਭ ਮਿਤ੍ਰ ਬਣ ਗਏ।

***ਜਿਸ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥***
***ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ॥***
***ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ॥***
***ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ॥***
***ਅੰਗ - 960***

ਆਪ ਵੀ ਉਧਰਦਾ ਹੈ, ਕੁਲਾਂ ਦਾ ਵੀ ਉਦਾਰ ਕਰ ਦਿੰਦਾ ਹੈ। ਜਿਹੜਾ ਉਸਦਾ ਬਣ ਜਾਂਦਾ ਹੈ ਉਸ ਨੂੰ ਸਾਰਾ ਸੰਸਾਰ, ਧਰਮਰਾਜ, ਸਾਰੀ ਕਾਇਨਾਤ, ਦੇਵੀ ਦੇਵਤੇ, ਧੰਨ ਧੰਨ ਕਹਿੰਦੇ ਹਨ। ਅੱਗੇ ਜਾ ਕੇ ਵੀ ਧੰਨਤਾ ਹੁੰਦੀ ਹੈ।

***ਧਾਰਨਾ - ਧੰਨ ਧੰਨ ਨੇ ਜਣੇਦੀਆਂ ਮਾਵਾਂ,***
***ਜਿਹਨਾਂ ਦੇ ਪੁੱਤਰ ਨਾਮ ਜਪਦੇ -2, 2.***

ਸਾਰੀਆਂ ਕੁਲਾਂ ਦਾ ਉਧਾਰ ਕਰ ਦਿੰਦੇ ਹਨ -

***ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥***
***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥***
***ਅੰਗ - 488***

***ਪਿਤਾ ਸਾਚ ਚੌਬੀਸ ਬੀਸ ਮਾਤਾ ਕੇ ਜਾਨੋ॥***
***ਖੋੜਸ ਤੁਲਾ ਮਹਾਨ, ਦੁਆਦਸ ਸੁਤਾ ਪਛਾਨੋ॥***
***ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ॥***
***ਮਾਤ ਭੈਣ ਕੁਲ ਆਠ, ਸ਼ੜ੍ਹੀ ਸਿੰਮ੍ਰਤੀ ਪੇਖੇ॥***

*(ਕਥਾ ਨਰਾਇਣ ਹਰੀ)*

***ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥***

***ਅੰਗ - 28***

ਜਿਨ੍ਹਾਂ ਨੇ ਸੰਸਾਰ ਦੇ ਅੰਦਰ ਆ ਕੇ ਆਪਣਾ ਵਾਅਦਾ ਪੂਰਾ ਕੀਤਾ, ਬੰਦਗੀ ਕੀਤੀ ਕਿਉਂਕਿ ਮਾਂ ਦੇ ਪੇਟ ਵਿਚ ਬਾਰ-ਬਾਰ ਅਰਦਾਸਾਂ ਕਰਦਾ ਸੀ ਪ੍ਰਭੂ ਮੈਨੂੰ ਇਥੋਂ ਕੁੰਭੀ ਨਰਕ ਵਿਚੋਂ ਕੱਢ, ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਮੈਂ ਤੇਰਾ ਨਾਮ ਜਪਾਂਗਾ, 24 ਘੰਟੇ ਨਾਮ ਜਪਾਂਗਾ। ਅਵਾਜ਼ ਆਉਂਦੀ ਹੈ, ਐ ਜੀਵ! ਸਾਰੀ ਕਾਇਨਾਤ ਵਿਚ ਤੇਰੇ ਵਰਗਾ ਕੋਈ ਅਹਿਸਾਨ ਫਰਾਮੋਸ਼ ਨਹੀਂ ਹੈ। ਇਕ ਤੂੰ ਹੈਂ ਜਿਸ ਨੂੰ ਮੈਂ ਸਾਰੀ ਕਾਇਨਾਤ ਦਾ ਸਰਦਾਰ ਬਣਾਇਆ ਸੀ, ਅਰ ਤੂੰ ਹੀ ਮੇਰੇ ਨਾਲੋਂ ਟੁਟਿਆ ਰਹਿੰਦਾ ਹੈ। ਜਦੋਂ ਤੇਰੇ ਤੇ ਦੁਖ ਪੈ ਜਾਂਦਾ ਹੈ ਉਸ ਵੇਲੇ ਤਾਂ ਇਹ ਗੱਲ ਕਹਿੰਦਾ ਹੈਂ ਜਦੋਂ ਸੁਖ ਵਿਚ ਆ ਜਾਂਦਾ ਹੈ ਉਦੋਂ ਮੈਂ ਵੀ ਕਿਧਰੇ ਗਿਆ, ਮੇਰਾ ਨਾਮ ਵੀ ਕਿਧਰੇ ਗਿਆ, ਨੇਕ ਕਰਮ ਵੀ ਕਿਧਰੇ ਗਏ, ਸਾਰੇ ਵਾਅਦੇ ਭੁਲ ਜਾਂਦਾ ਹੈਂ। ਕਹਿਣ ਲੱਗਾ, ਨਹੀਂ ਮਹਾਰਾਜ ਮੇਰੇ ਤੇ ਕਿਰਪਾ ਕਰੋ। ਮਹਾਰਾਜ ਜੀ ਨੇ ਕਿਹਾ ਕਿ ਕੋਈ ਜ਼ਮਾਨਤ ਦੇਵੋ। ਜੀਵ ਕਹਿਣ ਲੱਗਾ, ਮਹਾਰਾਜ ਏਥੇ ਮਾਤਾ ਦੇ ਗਰਭ ਵਿਚ ਤਾਂ ਪੰਜ ਤੱਤਾਂ ਤੋਂ ਬਗੈਰ ਹੋਰ ਕੋਈ ਨਹੀਂ। ਰੱਬ ਜੀ ਨੇ ਕਿਹਾ ਮੈਨੂੰ ਇਹਨਾਂ ਦੀ ਜ਼ਮਾਨਤ ਹੀ ਪਰਵਾਨ ਹੈ। ਜੀਵ ਨੇ ਆਕਾਸ਼ ਤੋਂ ਪੁਛਿਆ ਤਾਂ ਅਕਾਸ਼ ਕਹਿਣ ਲੱਗਾ ਮੇਰਾ ਤਾਂ ਕੋਈ ਵਜੂਦ ਹੀ ਨਹੀਂ ਹੈ ਮੈਂ ਤੇਰੀ ਜ਼ਮਾਨਤ ਕਿਸ ਤਰ੍ਹਾਂ ਦਿਆਂ, ਨਾਂ ਤੂੰ ਮੇਰਾ ਕਹਿਣਾ ਮੰਨਣਾ ਹੈ। ਮਿੱਟੀ ਤੋਂ ਪੁਛਿਆ, ਹਵਾ ਤੋਂ ਪੁਛਿਆ, ਅੱਗ ਤੋਂ ਪੁਛਿਆ, ਕਹਿਣ ਲੱਗੇ ਕਿ ਨਾ ਪਿਆਰਿਆ ਤੂੰ ਵਾਅਦਾ ਫਰਾਮੋਸ਼ ਹੈਂ ਤੂੰ ਕਦੇ ਵਾਅਦਾ ਪੂਰਾ ਨਹੀਂ ਕਰਦਾ, ਤੂੰ ਤਾਂ ਅਕ੍ਰਿਤਘਣ ਹੈਂ, ਤੇਰਾ ਤਾਂ ਬੋਝ ਧਰਤੀ ਨੂੰ ਲਗਦਾ ਹੈ। ਝੱਲਿਆ ਨਹੀਂ ਜਾਂਦਾ, ਤੇਰੇ ਪਾਪਾਂ ਦਾ ਐਨਾ ਭਾਰ ਹੈ

***ਨਾਮੁ ਨ ਜਪਹਿ ਤੇ ਆਤਮ ਘਾਤੀ॥ ਅੰਗ - 188***

ਤੂੰ ਆਪਣੀ ਆਤਮਾ ਦਾ ਘਾਤ ਕਰਦਾ ਹੈਂ, ਤੇਰੀ ਜਮਾਨਤ ਕੌਣ ਦੇਵੇਗਾ, ਬਦਨਾਮ ਬੰਦਾ, ਜਿਹੜਾ ਜ਼ਮਾਨਤ ਟਪ ਜਾਵੇ, ਉਸ ਦੀ ਕੋਈ ਜ਼ਮਾਨਤ ਨਹੀਂ ਦਿਆ ਕਰਦਾ, ਤੇਰੀ ਜ਼ਮਾਨਤ ਕੋਈ ਇਕ ਵਾਰੀ ਦਿਤੀ ਹੈ? ਬਹੁਤ ਵਾਰੀ ਦਿੱਤੀ ਹੈ। ਤੂੰ ਮਾਨਸ ਜਨਮ ਧਾਰ ਕੇ-

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥***

***ਅੰਗ - 268***

ਤੂੰ ਕੋਈ ਇਕ ਵਾਰੀ ਮਨੁੱਖ ਬਣਿਆ ਹੈਂ? ਸੈਂਕੜੇ ਵਾਰੀ ਬਣਿਆ ਹੈਂ। ਜਦੋਂ ਵੀ ਮਨੁੱਖ ਬਣਦਾ ਹੈਂ, ਉਸੇ ਵੇਲੇ ਆਪਣੇ ਕੀਤੇ ਹੋਏ ਸਾਰੇ ਵਾਅਦੇ ਮੁਕਰ ਜਾਂਦਾ ਹੈ। ਇਥੋਂ ਤੀਕਰ ਤੇਰੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਕਿ ਤੂੰ ਪਰਮੇਸ਼ਰ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦਾ ਹੈਂ। ਸਤਿਸੰਗ ਮਹਾਂਪੁਰਸ਼ ਦੇ ਨੇੜੇ ਭੀ ਨਹੀਂ ਆਉਂਦਾ, ਤਰਕਾਂ ਕਰਦਾ ਹੈਂ। ਮਹਾਂਪੁਰਸ਼ਾਂ ਨੂੰ ਨਫਰਤ ਕਰਦਾ ਹੈਂ।

ਅਖੀਰ ਜੀਵ ਇਹ ਸੁਣ ਕੇ ਬਹੁਤ ਉਦਾਸ ਹੋ ਗਿਆ, ਕੇਵਲ ਪੰਜਾਂ ਤੱਤਾਂ ਵਿਚੋਂ ਪਾਣੀ ਹੀ ਰਹਿ ਗਿਆ। ਕਹਿਣ ਲੱਗਾ 'ਵਰਨ ਦੇਵਤਾ' ਤੁਸੀਂ ਮੇਰੀ ਜ਼ਮਾਨਤ ਦੇ ਦਿਓ, ਉਹ ਵੀ ਕਹਿਣ ਲੱਗਾ ਤੂੰ ਬੇਇਤਬਾਰਾ ਹੈਂ ਪਰ ਦੁਖੀ ਬਹੁਤ ਹੈਂ, ਪਰ ਮੈਂ ਸ਼ਰਤ ਰਖ ਕੇ ਜ਼ਮਾਨਤ ਦਿਆਂਗੇ। ਜੇ ਪ੍ਰਭੂ ਨੂੰ ਮਨਜ਼ੂਰ ਹੋਈ ਤਾਂ ਠੀਕ ਹੈ, ਜੇ ਨਾ ਮਨਜ਼ੂਰ ਹੋਈ ਤਾਂ ਨਹੀਂ। ਜੀਵ ਕਹਿਣ ਲੱਗਾ, ਮਹਾਰਾਜ ਮੇਰਾ ਜ਼ਮਾਨਤੀਆ ਹਾਜ਼ਰ ਹੈ। ਪ੍ਰਭੂ ਨੇ ਕਿਹਾ ਕਿ ਦੇਖ ਲੈ ਇਹ ਬੇਇਤਬਾਰਾ ਜੀਵ ਹੈ ਇਹ ਨਾਮ ਨਹੀਂ ਜਪੇਗਾ, ਇਹ ਬਾਹਰ ਜਾ ਕੇ ਐਸਾ ਵਿਗੜਦਾ ਹੈ, ਸੋ ਇਸਦੀ ਜ਼ਮਾਨਤ ਸੋਚ ਕੇ ਦਈਂ। ਪਾਣੀ ਕਹਿਣ ਲੱਗਾ, ਮਹਾਰਾਜ! ਡਰਦਾ ਤਾਂ ਮੈਂ ਵੀ ਹਾਂ, ਪਰ ਹੁਣ ਹੋਰ ਕੋਈ ਚਾਰਾ ਨਹੀਂ ਰਿਹਾ। ਜੇਕਰ ਮੈਂ ਵੀ ਨਾ ਦਿੱਤੀ ਤਾਂ ਬਿਲਕੁਲ ਕੰਮ ਖਤਮ ਹੋ ਜਾਏਗਾ। ਇਸ ਜੀਵ ਨੇ ਕਿਸੇ ਪੀਰ, ਗੁਰੂ ਔਲੀਏ, ਪੈਗੰਬਰ ਸਾਧੂ, ਸੰਤ ਦੀ ਬਾਤ ਨਹੀਂ ਮੰਨਣੀ। ਜਲ ਨੇ ਕਿਹਾ ਕਿ ਜਦੋਂ ਇਹ ਬੰਦਾ ਇਸ਼ਨਾਨ ਕਰਨ ਵੇਲੇ ਮੈਨੂੰ (ਪਾਣੀ ਨੂੰ) ਆਪਣੇ ਸਰੀਰ ਤੇ ਪਾਏਗਾ, ਮੈਂ ਇਕ ਵਾਰੀ ਤਾਂ ਅੱਲਾ, ਰਾਮ, ਵਾਹਿਗੁਰੂ ਇਸ ਦੇ ਮੂੰਹ ਤੋਂ ਕਢਾ ਦਿਆਂਗਾ। ਅੱਗੋ ਇਹ ਜਾਣੇ ਤੇ ਇਹਦਾ ਕੰਮ ਜਾਣੇ।

ਸੋ ਐਸੀ ਪਤਲੀ ਜਿਹੀ ਛੋਟੀ ਜਿਹੀ ਜਮਾਨਤ ਤੇ ਸਾਨੂੰ ਇਹ ਸਰੀਰ ਮਿਲਿਆ। ਮਹਾਰਾਜ ਕਹਿੰਦੇ -

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥

***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***

***ਅੰਗ - 921***

ਭੁਲ ਗਿਆ, ਵਾਹਿਗੁਰੂ ਯਾਦ ਹੀ ਨਹੀਂ ਆਉਂਦਾ -

***ਧਾਰਨਾ - ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,***
***ਉਹਨੂੰ ਕਿਉਂ ਵਿਸਾਰੇਂ ਗਾਫਲਾਂ -2, 2.***
***ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ***
***ਸੋ ਕਿਉ ਮਨਹੁ ਵਿਸਾਰੀਐ॥***
***ਮਨਹੁ ਕਿਉ ਵਿਸਾਰੀਐ ਏਵਡੁ ਦਾਤਾ***

*ਜਿ ਅਗਨਿ ਮਹਿ ਆਹਾਰੁ ਪਹੁਚਾਵਏ॥  ਅੰਗ - 920*

ਉਥੇ ਵੀ ਤੈਨੂੰ ਰੱਖਿਆ -

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥  ਅੰਗ - 251*

*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥  ਅੰਗ - 251*

ਭੁਲ ਗਿਆ, ਚਿੱਤ ਚੇਤੇ ਹੀ ਨਹੀਂ ਆਉਂਦਾ। ਕਹਿੰਦਾ ਕਿਹੜਾ ਰੱਬ, ਕਿਹੜੇ ਰੱਬ ਦੀ ਗੱਲ ਕਰਦੇ ਹੋ? ਐਸਾ ਅਕ੍ਰਿਤਘਣ ਹੋ ਗਿਆ। ਅਕ੍ਰਿਤਘਣ ਦਾ ਭਾਰ ਇਸ ਧਰਤੀ ਤੇ ਸਭ ਨਾਲੋਂ ਵੱਧ ਹੋਇਆ ਕਰਦਾ ਹੈ। ਸੋ ਐਸਾ ਆਦਮੀ ਨਾਮ ਜਪਣ ਦੀ ਬਜਾਏ ਉਲਟੇ ਕੰਮਾਂ ਵਿਚ ਪੈ ਗਿਆ, ਹਾਲਾਂਕਿ ਨਾਮ ਦੇ ਕਿੰਨੇ ਫਾਇਦੇ ਹਨ -

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਅੰਗ - 70*

ਸੋ ਐਸੇ ਨਾਮ ਦੀ ਜੋ ਮਹਿਮਾ ਹੈ ਉਹ ਕੇਵਲ ਨਾਮ ਜਪਣ ਵਾਲੇ ਹੀ ਜਾਣਦੇ ਹਨ। ਬੰਦਗੀ ਕਰਨ ਵਾਲਿਆਂ ਨੂੰ ਹੀ ਪਤਾ ਲਗਦਾ ਹੈ ਪਰ ਦੱਸ ਨਹੀਂ ਸਕਦੇ।

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ॥  ਅੰਗ - 334*

ਕਿਸੇ ਨੂੰ ਕੀ ਦੱਸੇ ਕਿ ਨਾਮ ਵਿਚ ਕੀ ਹੁੰਦਾ ਹੈ। ਕਿੰਨੀ ਮਹਿਮਾ ਦੱਸੀ ਜਾਓ ਪਰ ਇਹ ਜੀਵ ਐਸਾ ਖੁਟਰ ਹੈ ਇਸਦੇ ਅੰਦਰ ਕੋਈ ਗੱਲ ਵਸਦੀ ਹੀ ਨਹੀਂ। ਜਿਸ ਤਰ੍ਹਾਂ ਮੋਠਾਂ ਵਿਚ ਕੋਈ ਕੋਈ ਦਾਣਾ ਐਸਾ ਹੁੰਦਾ ਹੈ ਜਿਸ ਨੂੰ ਕਿੰਨਾ ਹੀ ਉਬਾਲੀ ਜਾਓ ਉਹ ਦਾਣਾ ਭਿਜਦਾ ਹੀ ਨਹੀਂ। ਸੋ ਸੰਤਾਂ ਨੂੰ ਪਤਾ ਹੁੰਦਾ ਹੈ। ਪਿਛਲੇ ਕਿੰਨੇ ਦਿਨਾਂ ਤੋਂ ਨਾਮ ਦੀ ਹੀ ਗੱਲ ਚਲ ਰਹੀ ਹੈ।

ਕਈ ਸਤਸੰਗਾਂ ਦੇ ਵਿਚ ਨਾਮਦੇਵ ਜੀ ਦਾ ਜ਼ਿਕਰ ਆ ਰਿਹਾ ਹੈ। ਉਹਦੇ ਬਾਰੇ ਵਿਚ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*
*ਅੰਗ - 487*

ਇਕ ਗਰੀਬ ਆਦਮੀ ਨਾਮ ਜਪ ਕੇ ਐਨਾ ਵੱਡਾ ਹੋ ਗਿਆ ਕਿ ਹਿੰਦੋਸਤਾਨ ਦਾ ਚੱਕਰਵਰਤੀ ਰਾਜਾ ਸਲੇਮਸ਼ਾਹ ਗਲ ਵਿਚ ਪੱਲਾ ਪਾ ਕੇ ਆਪਣੀ ਉਹ ਵੀ ਭੁੱਲ ਮੰਨਦਾ ਹੈ ਤੇ ਕਹਿੰਦਾ ਹੈ ਨਾਮਦੇਵ ਮੈਨੂੰ ਬਖਸ਼ ਦੇ -

*ਕਾਜੀ ਮੁਲਾਂ ਬਿਨਤੀ ਫੁਰਮਾਇ॥*
*ਬਖਸੀ ਹਿੰਦੂ ਮੈ ਤੇਰੀ ਗਾਇ॥  ਅੰਗ - 1166*

ਮੈਨੂੰ ਬਖਸ਼ ਦੇ, ਮੈਂ ਤੇਰੀ ਕਾਲੀ ਗਊ ਹਾਂ। ਨਾਮ ਜਪਣ ਵਾਲੇ ਤੋਂ ਹੀ ਮੰਗਿਆ ਕਿ ਮੈਨੂੰ ਬਖਸ਼ ਦੇ, ਮੈਂ ਤੇਰੀ ਕਾਲੀ ਗਊ ਹਾਂ, ਕਿਸੇ ਪੈਸੇ ਵਾਲੇ ਨੂੰ ਤਾਂ ਨਹੀਂ ਕਿਹਾ ਕਿ ਮੈਨੂੰ ਬਖਸ਼ ਦੇਵੋ ਮੈਂ ਗੁਨਾਹ ਕੀਤਾ ਹੈ। ਪੈਸੇ ਵਾਲੇ ਨੂੰ ਤਾਂ ਉਸ ਸਮੇਂ ਵਿਚ ਲੁੱਟ ਹੀ ਲਿਆ ਕਰਦੇ ਹਨ। ਸੋ ਨਾਮਦੇਵ ਦੀ ਮਹਿਮਾ ਸਾਰੇ ਭਾਰਤਵਰਸ਼ ਵਿਚ ਫੈਲ ਗਈ। ਇਧਰ ਪੰਜਾਬ ਵਿਚ ਵੀ ਪਤਾ ਲਗ ਗਿਆ, ਦਿੱਲੀ ਵਿਚ ਵੀ ਪਤਾ ਲੱਗ ਗਿਆ, ਬਨਾਰਸ ਵਿਚ ਵੀ ਪਤਾ ਲੱਗ ਗਿਆ। ਸਾਰੇ ਪਤਾ ਲੱਗ ਗਿਆ। ਫੇਰ ਹਰ ਇਕ ਦੇ ਮਨ ਵਿਚ ਆਉਂਦਾ ਹੈ ਕਿ ਜੇ ਐਸਾ ਸਾਂਈ ਦਾ ਪਿਆਰਾ ਪ੍ਰਗਟ ਹੋਇਆ ਹੈ ਤਾਂ ਮੈਂ ਵੀ ਉਸਦੇ ਦਰਸ਼ਨ ਕਰਾਂ, ਅਸੀਂ ਵੀ ਬੇਨਤੀ ਕਰਦੇ ਹਾਂ -

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ॥  ਅੰਗ - 1424*

ਹੇ ਵਾਹਿਗੁਰੂ! ਕੋਈ ਆਪਣਾ ਬਖਸ਼ਿਆ ਹੋਇਆ ਪਿਆਰਾ ਭੇਜ, ਜਿਹੜਾ ਸਾਡੇ ਵੀ ਭਰਮਾਂ ਦੇ ਛੌੜ ਕੱਟ ਦੇਵੇ, ਅਨੁਭਵ ਦੀਆਂ ਅੱਖਾਂ ਨੂੰ ਹੋਇਆ ਮੋਤੀਆਬਿੰਦ ਦੂਰ ਕਰ ਦੇਵੇ ਅਤੇ ਪਰਮੇਸ਼ਰ ਜਿਹੜਾ ਘਟ ਘਟ ਵਿਚ ਵਿਆਪਕ ਹੈ, ਉਸਦੇ ਦਰਸ਼ਨ ਕਰਵਾ ਦੇਵੇ।

ਸੋ ਉਨ੍ਹਾਂ ਦਿਨਾਂ ਵਿਚ ਸੰਗ ਮਿਲ ਮਿਲ ਕੇ ਤੀਰਥ ਯਾਤਰਾ ਨੂੰ ਜਾਇਆ ਕਰਦੇ ਸਨ। ਉਦੋਂ ਕੋਈ ਸਵਾਰੀਆਂ ਨਹੀਂ ਸਨ ਹੁੰਦੀਆਂ। ਕੋਈ ਸਹੂਲਤਾਂ ਨਹੀਂ ਸੀ ਹੁੰਦੀਆਂ। ਪੰਜੀਰੀਆਂ ਬਣਾ ਕੇ ਪੀਪਿਆਂ ਵਿਚ ਭਰ ਭਰ ਕੇ ਛੇ ਛੇ ਮਹੀਨੇ ਸਾਲ ਸਾਲ ਵਾਸਤੇ ਨਾਲ ਲੈ ਜਾਇਆ ਕਰਦੇ ਸੀ। ਥਾਂ ਥਾਂ ਤੇ ਸਰਾਵਾਂ ਬਣੀਆਂ ਹੁੰਦੀਆਂ ਸਨ। ਉਹਨਾਂ ਸਰਾਵਾਂ ਵਿਚ ਪ੍ਰਸ਼ਾਦ ਪਾਣੀ ਵੀ ਛਕਣਾ ਤੇ ਮਹਾਂਪੁਰਸ਼ਾਂ ਨੇ ਸਤਿਸੰਗ ਵੀ ਕਰਨੇ।

ਅੱਜ ਇਕ ਜੱਥਾ ਪੰਜਾਬ ਤੋਂ ਨਾਮਦੇਵ ਜੀ ਦਾ ਪਤਾ ਲੈ ਕੇ ਦੱਖਣ ਵੱਲ ਨੂੰ ਆ ਗਿਆ। ਨਾਮਦੇਵ ਜੀ ਨਾਲ ਪੰਜ ਸੱਤ ਦਿਨ ਸਤਸੰਗ ਕਰਦੇ ਰਹੇ, ਕਾਫੀ ਜਾਣ ਪਹਿਚਾਣ ਵਧ ਗਈ। ਇਹਨਾਂ ਦੇ ਹਿਰਦੇ ਵਿਚ ਬੜਾ ਪਿਆਰ ਆਇਆ। ਇਕ ਦਿਨ ਮੌਕਾ ਪਾ ਕੇ ਨਾਮਦੇਵ ਜੀ ਨੂੰ ਕਹਿਣ ਲੱਗੇ ਕਿ ਭਗਤ ਜੀ ਤੁਸੀਂ ਦੱਖਣ ਵੱਲ ਹੀ ਰਹਿੰਦੇ ਹੋ, ਬਾਕੀ ਹਿੰਦੁਸਤਾਨ ਵੀ ਪਿਆ ਹੈ। ਕਿਉਂਕਿ ਪਹਿਲੇ ਰੱਬ ਦੇ ਪਿਆਰੇ ਘੁੰਮ ਕੇ ਪ੍ਰਚਾਰ ਕਰਿਆ ਕਰਦੇ ਸਨ। ਲੋੜਾਂ ਬਹੁਤ ਘੱਟ ਹੁੰਦੀਆਂ ਸਨ ਤੇ ਸਮੇਂ ਦੇ ਅਨੁਕੂਲ

ਹੀ ਹੋਇਆ ਕਰਦੇ ਸਨ। ਅੱਜ-ਕੱਲ ਤਾਂ ਜੇ ਕੋਈ ਦਰਖਤਾਂ ਥੱਲੇ ਬੈਠਾ ਹੋਵੇ ਤਾਂ ਲੋਕ ਚੋਰ ਸਮਝ ਕੇ ਵੱਢ ਕੇ ਹੀ ਸੁੱਟ ਦੇਣ। ਸਾਰਾ ਸਮਾਂ ਬਦਲ ਗਿਆ ਹੈ, ਕਲਜੁਗ ਦਾ ਬਹੁਤ ਪ੍ਰਭਾਵ ਪੈ ਗਿਆ। ਉਹ ਮਹਾਤਮਾ ਸਾਰੇ ਚਕ੍ਰਵਰਤੀ ਹੁੰਦੇ ਸਨ, ਉਹਨਾਂ ਨੂੰ ਮੰਡਲੇਸ਼ਵਰ ਕਿਹਾ ਕਰਦੇ ਸਨ, ਮੰਡਲੀਆਂ ਫੇਰਿਆ ਕਰਦੇ ਸਨ। ਕਈ ਕਈ ਦਿਨ ਸ਼ਹਿਰਾਂ ਪਿੰਡਾਂ ਵਿਚ ਰਹਿਣਾ ਤੇ ਧਰਮ ਦਾ ਪ੍ਰਚਾਰ ਕਰਨਾ, ਸਾਰੀ ਸੰਗਤ ਨੇ ਆਉਣਾ ਤੇ ਸਾਰੇ ਸ਼ੰਕੇ ਨਵਿਰਤ ਕਰਨੇ ਤੇ ਨਵਾਂ ਰਾਹ ਹਾਸਲ ਕਰਨਾ। ਸੋ ਕਹਿਣ ਲੱਗੇ, ‘‘ਸੰਤ ਜੀ ਤੁਸੀਂ ਏਥੇ ਹੀ ਬੈਠੇ ਹੋ, ਤੁਹਾਡੀ ਮਹਿਮਾ ਦੂਰ ਦਰਾਜ਼ ਤੱਕ ਫੈਲੀ ਹੋਈ ਹੈ, ਵੱਡੇ ਵੱਡੇ ਮਹਾਂਪੁਰਸ਼ ਤੁਹਾਡੀਆਂ ਸਾਖੀਆਂ ਸੁਣਾਉਂਦੇ ਹਨ। ਅਸੀਂ ਉਸ ਦੇਹੁਰੇ ਦੇ ਦਰਸ਼ਨ ਕੀਤੇ ਹਨ, ਜਿਹੜਾ ਤੁਸੀ ਫੇਰਿਆ ਹੈ, ਅਸੀਂ ਸਭ ਕੁਝ ਸੁਣਿਆ ਹੈ ਤੁਸੀਂ ਕਿਰਪਾ ਕਰਕੇ ਪੰਜਾਬ ਵੱਲ ਆਓ।’’ ਬਾਰ-ਬਾਰ ਬੇਨਤੀਆਂ ਕਰਨ ਤੇ ਨਾਮਦੇਵ ਜੀ ਕਹਿਣ ਲੱਗੇ, ਭਾਈ ਗੁਰਮੁਖੋ! ਸੰਤਾਂ ਨੂੰ ਕੋਈ ਫੁਰਨਾ ਨਹੀਂ ਹੋਇਆ ਕਰਦਾ, ਨਾ ਤਰਨ ਦਾ, ਨਾ ਤਾਰਨ ਦਾ। ਉਹ ਹੁਕਮ ਵਿਚ ਹੋਇਆ ਕਰਦੇ ਹਨ। ਤੁਹਾਡੀ ਜੋ ਪ੍ਰਾਲਬਧ ਹੁੰਦੀ ਹੈ ਉਹ ਖਿਚ ਕੇ ਲੈ ਜਾਇਆ ਕਰਦੀ ਹੈ। ਜੇ ਸੰਗਤ ਵਿਚ ਜਗਿਆਸੂਆਂ ਦੀ ਪ੍ਰਾਲਬਧ ਹੋਵੇ ਫੇਰ ਤਾਂ ਉਹੋ ਜਿਹੇ ਬਚਨ ਨਿਕਲਦੇ ਹਨ ਜਿਸ ਤਰ੍ਹਾਂ ਦੇ ਸ਼ਰਧਾਲੂ ਹੋਣ, ਜੇ ਨਾ ਹੋਵੇ ਤਾਂ ਉਹ ਮਸਤ ਰਹਿੰਦੇ ਹਨ। ਉਹਨਾਂ ਦੀ ਨਿਗਾਹ ਵਿਚ ਕੋਈ ਭੁੱਲਿਆ ਹੋਇਆ ਨਹੀਂ ਹੈ।

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***
***ਅੰਗ - 610***

ਜੇ ਕੋਈ ਕਹੇ ਕਿ ਪ੍ਰਚਾਰ ਕਿਉਂ ਕਰਦੇ ਨੇ। ਸਾਧ ਸੰਗਤ ਜੀ, ਉਹ ਆਪ ਕੁਝ ਨਹੀਂ ਕਰਦੇ। ਜਗਿਆਸੂਆਂ ਦੀ ਪ੍ਰਾਲਬਧ ਉਹਨਾਂ ਦੇ ਮੁਖ ਤੋਂ ਬਚਨ ਕਢਾ ਲਿਆ ਕਰਦੀ ਹੈ। ਪ੍ਰਮੇਸ਼ਰ ਦੇਖ ਰਿਹਾ ਹੁੰਦਾ ਹੈ ਤੇ ਮਹਾਂਪੁਰਸ਼ ਨੂੰ ਪ੍ਰੇਰਿਤ ਕਰ ਦਿੰਦਾ ਹੈ। ਮਹਾਂਪੁਰਸ਼ਾਂ ਨੂੰ ਇਹ ਬਿਲਕੁਲ ਨਹੀਂ ਹੁੰਦਾ ਕਿ ਮੈਂ ਪ੍ਰਚਾਰ ਕੀਤਾ ਹੈ ਜਾਂ ਮੈਂ ਕੁਝ ਕਰਦਾ ਹਾਂ ਕਿਉਂਕਿ ਉਹ ਤਾਂ ਕਿਸੇ ਚੀਜ਼ ਨੂੰ own ਹੀ ਨਹੀਂ ਕਰਦੇ, ਹਰ ਚੀਜ਼ ਆਪਣੇ ਆਪ (automatic) ਜਿਸ ਤਰ੍ਹਾਂ ਚਾਹੁੰਦਾ ਹੈ ਉਸੇ ਤਰ੍ਹਾਂ ਹੀ ਹੋਈ ਜਾਂਦੀ ਹੈ। ਸਭ ਪ੍ਰਭੂ ਹੁਕਮ ਹੀ ਵਰਤ ਰਿਹਾ ਹੈ।




ਭਗਤ ਨਾਮਦੇਵ ਜੀ

ਸੋ ਨਾਮਦੇਵ ਜੀ ਨੇ ਜਥੇ ਨੂੰ ਕਿਹਾ, ਪ੍ਰੇਮੀਓ! ਕੋਈ ਨਾ ਅਸੀਂ ਕਦੇ ਆ ਜਾਵਾਂਗੇ। ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਜਦੋਂ ਤੁਸੀਂ ਆਉਣਾ ਹੋਵੇ ਸਾਨੂੰ ਸੁਨੇਹਾ ਜ਼ਰੂਰ ਭੇਜ ਦੇਣਾ ਤਾਂ ਕਿ ਅਸੀਂ ਸਭ ਇਕੱਠੇ ਹੋ ਕੇ ਆਪ ਦਾ ਸਵਾਗਤ ਚੰਗੀ ਤਰ੍ਹਾਂ ਕਰ ਸਕੀਏ। ਵੈਸੇ ਸਾਧੂ ਨੇ ਜਦੋਂ ਸਾਧੂ ਲਿਬਾਸ ਪਾਇਆ ਹੋਵੇ ਉਹ ਪਛਾਣਿਆ ਜਾਂਦਾ ਹੈ ਪਰ ਤੁਹਾਡਾ ਲਿਬਾਸ ਤਾਂ ਗ੍ਰਹਿਸਤੀਆਂ ਵਾਲਾ ਹੈ। ਇਸ ਤਰ੍ਹਾਂ ਤੁਹਾਨੂੰ ਕਿਸੇ ਨੇ ਪਛਾਨਣਾ ਨਹੀਂ। ਜੇਕਰ ਸਾਧੂ ਨੂੰ ਨਾ ਪਛਾਣਿਆ ਜਾਵੇ ਉਸਦਾ ਪੂਰਾ ਸਤਿਕਾਰ ਨਾ ਕੀਤਾ ਜਾਵੇ ਤਾਂ ਬਹੁਤ ਪਾਪ ਲਗਦਾ ਹੈ ਤੇ ਅੱਧਾ ਪਾਪ ਸਾਧੂ ਦੇ ਸਿਰ ਤੇ ਹੁੰਦਾ ਹੈ ਕਿਉਂਕਿ ਉਸਨੇ ਆਪਣਾ ਰੂਪ ਐਸਾ ਬਣਾਇਆ ਹੁੰਦਾ ਹੈ ਜਿਸ ਤੋਂ ਪਤਾ ਨਾ ਲੱਗੇ ਕਿ ਇਹ ਸਾਧੂ ਹੈ। ਸੋ ਐਸਾ ਨਾ ਹੋਵੇ ਕਿ ਸਾਡੇ ਕੋਲੋਂ ਕੋਈ ਅਵੱਗਿਆ ਹੋ ਜਾਵੇ, ਸੋ ਕ੍ਰਿਪਾ ਕਰਕੇ ਆਪ ਸੰਦੇਸ਼ਾ ਜ਼ਰੂਰ ਭੇਜ ਦੇਣਾ। ਸੋ ਉਹ ਸੰਗ ਵਾਪਸ ਚਲਾ ਗਿਆ।

ਕਾਫੀ ਸਮੇਂ ਤੋਂ ਬਾਅਦ ਨਾਮਦੇਵ ਜੀ ਨੇ ਵੀਚਾਰ ਕੀਤੀ ਕਿ ਸ਼ਰਧਾਲੂਆਂ ਸਮੇਤ ਤੀਰਥ ਯਾਤਰਾ ਕਰੀਏ ਸੰਗਤਾਂ ਦੇ ਦਰਸ਼ਨ ਕਰੀਏ, ਕੋਈ ਬਖਸ਼ਿਆ ਹੋਇਆ ਮਿਲ

ਜਾਵੇ, ਕਿਉਂਕਿ ਸੰਤ ਆਪਣੇ ਆਪ ਨੂੰ ਬਖਸ਼ਿਆ ਹੋਇਆ ਨਹੀਂ ਸਮਝਦੇ। ਸਦਾ ਨਿਮਰਤਾ ਵਿਚ ਰਹਿੰਦੇ ਹਨ। ਸੰਸਾਰ ਵਿਚ ਹੀ ਭਾਲਦੇ ਹਨ ਕਿਉਂਕਿ ਪਰਮੇਸ਼ਰ ਸਭ ਥਾਂ ਤੇ ਹੈ, ਘਟ ਘਟ ਵਿਚ ਵਿਆਪਕ ਹੈ। ਕਹਿਣ ਲੱਗੇ ਕਿ ਵੱਡੇ ਵੱਡੇ ਮਹਾਤਮਾ ਹਨ।

ਏਧਰ ਉਤਰੀ ਭਾਰਤ (northern india) ਨੂੰ ਚਾਲੇ ਪਾ ਲਏ। ਬਹੁਤ ਸਾਰੀ ਸੰਗਤ ਨਾਲ ਲੈ ਲਈ ਮਾਤਾ ਵੀ ਨਾਲ ਲੈ ਲਈ, ਦਿੱਲੀ ਵਿਚ ਆ ਗਏ, ਦਿੱਲੀ ਦੀ ਸੰਗਤ ਨੂੰ ਪਤਾ ਲਗਿਆ ਜਿਹੜੇ ਸ਼ਰਧਾਲੂ ਪੁਰਸ਼ ਸੀ, ਬਹੁਤ ਆਦਰ ਮਾਣ ਸਤਿਕਾਰ ਨਾਲ ਆਪ ਨੂੰ ਲੈ ਆਏ ਤੇ ਆਪ ਦਾ ਨਿਵਾਸ ਜਮਨਾ ਦੇ ਨੇੜੇ ਹੀ ਕਰਵਾ ਦਿਤਾ। ਨਾਮਦੇਵ ਜੀ ਨੇ ਕਿਹਾ ਕਿ ਇਹ ਠੀਕ ਹੈ। ਇਥੇ ਇਸ਼ਨਾਨ ਕਰ ਲਿਆ ਕਰਾਂਗੇ ਤੇ ਨਾਲ ਇਕਾਂਤ ਜਗ੍ਹਾ ਹੈ। ਇਥੇ ਕੁਝ ਦੇਰ ਪਰਮੇਸ਼ਰ ਦੀ ਯਾਦ ਵਿਚ ਬੈਠਿਆ ਕਰਾਂਗੇ। ਸੋ ਨਾਮਦੇਵ ਜੀ ਹਰ ਰੋਜ਼ ਸਤਸੰਗ ਵਿਚ ਪ੍ਰਭੂ ਭਗਤੀ ਦੇ ਬਚਨ ਕਰਦੇ ਸਨ, ਜਿਉਂ ਜਿਉਂ ਦੂਰ ਤੱਕ ਪਤਾ ਲਗਦਾ ਹੈ ਸੰਗਤ ਵਧਦੀ ਜਾ ਰਹੀ ਹੈ। ਸਤਸੰਗ ਵਿਚ ਬਹੁਤ ਕਿਸਮ ਦੇ ਬੰਦੇ ਆਉਂਦੇ ਹਨ ਤਿੰਨਾਂ ਨੂੰ ਅਧਿਕਾਰ ਨਹੀਂ ਹੁੰਦਾ, ਸਿਰਫ ਇਕ ਵਰਗ ਨੂੰ ਅਧਿਕਾਰ ਹੁੰਦਾ ਹੈ।



ਸਮੇਂ ਦੇ ਬਾਦਸ਼ਾਹ ਫੈਰੋਜ਼ ਤੁਗਲਕ ਨੇ ਭਗਤ ਨਾਮ ਦੇਵ ਜੀ ਨੂੰ ਹਾਥੀ ਅੱਗੇ ਸੁਟ ਮਾਰਨ ਦਾ ਇਸ ਲਈ ਹੁਕਮ ਦਿਤਾ ਕਿ ਉਹ ਅਲਹ ਦੀ ਥਾਵੇਂ ਰਾਮ ਰਾਮ ਕਿਉਂ ਜਪਦੇ ਹਨ। ਪਰ ਭਗਤ ਨਾਮ ਦੇਵ ਜੀ ਨੂੰ ਝਰੀਟ ਵੀ ਨਹੀਂ ਆਈ।

ਇਕ ਤਾਂ ਉਹ ਹੁੰਦੇ ਹਨ ਜੋ ਸਤਿਸੰਗ ਵਿਚ ਆ ਜਾਂਦੇ ਹਨ। ਉਹਨਾਂ ਦਾ ਕੋਈ ਚੰਗਾ ਸੰਸਕਾਰ ਉਹਨਾਂ ਨੂੰ ਉਥੇ ਲੈ ਆਉਂਦਾ ਹੈ। ਪਰ ਅੱਗੇ ਉਹਨਾਂ ਦੀ ਪ੍ਰਾਲਬਧ ਵਿਚ ਕੁਝ ਨਹੀਂ ਹੋਇਆ ਕਰਦਾ, ਜਾਂ ਤਾਂ ਉਹ ਅੱਖਾਂ ਮੀਚ ਕੇ ਸੌਂ ਜਾਂਦੇ ਹਨ। ਤੁੰਦਰਾ ਨੀਂਦ ਮੂੜ੍ਹਤਾ ਹੋਇਆ ਕਰਦੀ ਹੈ। ਚਿਤ ਦੀ ਬਿਰਤੀ, ਪ੍ਰਭਾਵ ਹਾਸਲ ਨਾ ਕਰਦੀ ਅਤੇ ਨੇਤਰ ਬੰਦ ਕੀਤੇ ਤੇ ਸੌਂ ਗਏ, ਪਤਾ ਹੀ ਨਹੀਂ ਕਿ ਕੀ ਦਸਿਆ ਹੈ ਜਾਂ ਨਹੀਂ ਦਸਿਆ ਹੈ। ਕਿਤੇ ਜਾਗ ਪਏ ਕਿਤੇ ਸੌਂ ਗਏ, ਅਜਿਹੇ ਪੁਰਸ਼ਾਂ ਨੂੰ ਊਂਘੇ ਕਹਿੰਦੇ ਹਨ। ਦੂਸਰੇ ਹੁੰਦੇ ਹਨ ਉਹ ਖੰਘੀ ਹੀ ਜਾਂਦੇ ਹਨ। ਕਦੀ ਏਧਰ ਦੇਖ ਕਦੀ ਓਧਰ ਦੇਖ, ਐਸੀ ਬਿਰਤੀ ਹੁੰਦੀ ਹੈ। ਉਹ ਨਾ ਹੀ ਆਪ ਸਾਵਧਾਨ ਹੋ ਕੇ ਬਚਨ ਸੁਣਦੇ ਹਨ ਅਤੇ ਆਪ ਦੀ ਚੰਚਲ ਬਿਰਤੀ ਕਾਰਨ ਦੂਸਰਿਆਂ ਵਿਚ ਭੀ ਵਿਖਸ਼ੇਪਤਾ ਪੈਦਾ ਕਰੀ ਰਖਦੇ ਹਨ। ਉਹਨਾਂ ਨੂੰ ਖੂੰਗੇ ਕਹਿੰਦੇ ਹਨ। ਤੀਸਰੇ ਉਹ ਬੰਦੇ ਹੁੰਦੇ ਹਨ ਜੋ ਸਤਸੰਗ ਵਿਚ ਆ ਕੇ ਬਿਰਤੀ ਇਕਾਗਰ ਕਰਕੇ ਸੁਣਨ ਦਾ ਯਤਨ ਕਰਦੇ ਹਨ। ਉਹਨਾਂ ਨੂੰ 'ਚੂੰਘੇ' ਕਹਿੰਦੇ ਹਨ। ਉਹ ਅਧਿਕਾਰੀ ਹੁੰਦੇ ਹਨ। ਇਕ ਹੋਰ ਹੁੰਦੇ ਹਨ ਉਹ ਤਾਂ ਸਤਸੰਗ ਵਿਚ ਆ ਕੇ smell ਕਰਦੇ ਹਨ ਕਿ ਇਹ ਕੀ ਬੋਲਦਾ ਹੈ। ਇਥੇ ਇਕੱਠ ਹੁੰਦਾ ਹੈ, ਕਾਹਦਾ ਇਕੱਠ ਹੁੰਦਾ ਹੈ। ਰੋਜ਼ ਲੋਕ ਇਕੱਠੇ ਹੋ ਜਾਂਦੇ ਹਨ। ਬਹੁਤੇ smell ਕਰਦੇ ਹਨ। ਉਹ ਬੈਠਿਆ ਨਹੀਂ ਕਰਦੇ, ਚਲੇ ਜਾਇਆ ਕਰਦੇ ਹਨ। ਉਹਨਾਂ ਦਾ ਚਿੱਤ ਨਹੀਂ ਲਗਦਾ। ਉਹਨਾਂ ਦਾ ਸਿਰਫ ਐਨਾ ਮਤਲਬ ਹੁੰਦਾ ਹੈ ਕਿ ਇਹ ਕੀ ਦਸਦਾ ਹੈ, ਕੀ ਕਹਿੰਦਾ ਹੈ। ਇਨ੍ਹਾਂ ਨੂੰ ਸੂੰਘੇ ਕਹਿੰਦੇ ਹਨ, ਇਹਨਾਂ ਵਿਚੋਂ ਇਕ ਅਧਿਕਾਰੀ ਉਹ ਹੁੰਦਾ ਹੈ ਜਿਸ ਨੂੰ ਚੂੰਘੇ ਕਹਿੰਦੇ ਹਨ। ਸੋ ਸਤਸੰਗ ਵਿਚ ਐਸੇ ਵੀ ਆਉਂਦੇ ਹਨ, ਦੂਸਰੇ ਵੀ ਆਉਂਦੇ ਹਨ।

ਸੋ ਨਾਮਦੇਵ ਜੀ ਦੀ ਮਹਿਮਾ ਦਿਨ-ਬ-ਦਿਨ ਵਧਦੀ ਜਾ ਰਹੀ ਸੀ। ਅੱਜ ਆਪ ਅੰਮ੍ਰਿਤ ਵੇਲੇ ਜਾਗੇ ਤੇ ਜਮਨਾ ਵਿਚ ਜਾ ਕੇ ਇਸ਼ਨਾਨ ਕੀਤਾ ਤੇ ਚੌਂਕੜਾ ਮਾਰ ਕੇ ਬੈਠ ਗਏ ਕਿਉਂਕਿ ਸਾਧ ਸੰਗਤ ਜੀ, ਜੋ ਅੰਮ੍ਰਿਤ ਵੇਲਾ

ਹੋਇਆ ਕਰਦਾ ਹੈ ਉਸ ਸਮੇਂ ਕੀਤੀ ਸਾਧਨਾ ਵਿਚ ਫਰਕ ਹੁੰਦਾ ਹੈ, ਜਿਹੜਾ ਛੇ ਵਜੇ ਸਵੇਰੇ ਤੋਂ ਲੈ ਕੇ ਦਿਨੇ ਬਾਰਾਂ ਵਜੇ ਤੱਕ ਇਸ਼ਨਾਨ ਕਰਦਾ ਹੈ ਉਹ ਕੇਵਲ ਕਾਇਆ ਦੀ ਪਵਿੱਤਰਤਾ ਵਾਸਤੇ ਹੀ ਕਰਦਾ ਹੈ। ਉਸ ਦਾ ਰੂਹਾਨੀਅਤ ਨਾਲ ਕੋਈ ਸਬੰਧ ਨਹੀਂ ਹੋਇਆ ਕਰਦਾ। ਇਸ ਤੋਂ ਬਾਅਦ ਜਿਹੜਾ ਤੀਜੇ ਜਾਂ ਚੌਥੇ ਪਹਿਰ ਇਸ਼ਨਾਨ ਕਰਦਾ ਹੈ ਉਸ ਨੂੰ ਮਲੇਸ਼ ਇਸ਼ਨਾਨ ਕਹਿੰਦੇ ਹਨ।

ਐਸਾ ਸੌ ਸਾਖੀ ਵਿਚ ਲਿਖਿਆ ਹੋਇਆ ਹੈ, ਦਸਵੇਂ ਪਾਤਸ਼ਾਹ ਜੀ ਭਾਈ ਬਿਸ਼ੰਭਰ ਨਾਥ ਨੂੰ ਸਮਝਾਉਂਦੇ ਹਨ ਕਿ ਜਿਹੜਾ ਤੀਜੇ ਤੇ ਚੌਥੇ ਪਹਿਰ ਇਸ਼ਨਾਨ ਕਰਦਾ ਹੈ ਇਹ ਮਲੇਸ਼ ਇਸ਼ਨਾਨ ਹੋਇਆ ਕਰਦਾ ਹੈ। ਇਸ ਇਸ਼ਨਾਨ ਦਾ ਕੋਈ ਫਲ ਨਹੀਂ ਹੁੰਦਾ। ਇਸ ਨੂੰ ਭੂਤ ਇਸ਼ਨਾਨ ਵੀ ਕਹਿੰਦੇ ਹਨ। ਜਿਹੜਾ ਅੱਧ ਰਾਤ੍ਰੀ ਇਸ਼ਨਾਨ ਹੁੰਦਾ ਹੈ, ਜਿਹੜੇ ਬਾਰਾਂ ਵਜੇ ਨਹਾਉਂਦੇ ਹਨ, ਉਸ ਨੂੰ ਰਾਕਸ਼ੀ ਇਸ਼ਨਾਨ ਕਹਿੰਦੇ ਹਨ। ਜਿਹੜਾ ਅੰਮ੍ਰਿਤ ਵੇਲੇ ਇਸ਼ਨਾਨ ਕਰਦਾ ਹੈ ਪਹਿਰ ਰਾਤ ਰਹਿੰਦੀ, ਮਹਾਰਾਜ ਨੇ ਪਹਿਰ ਰਾਤ ਕਿਹਾ ਹੈ ਉਸ ਵੇਲੇ ਬ੍ਰਹਮ ਮਹੂਰਤ ਹੋਇਆ ਕਰਦੀ ਹੈ ਤੇ ਉਸ ਨੂੰ ਦੇਵ ਇਸ਼ਨਾਨ ਕਹਿੰਦੇ ਹਨ ਦੇਵਤਿਆਂ ਦਾ ਇਸ਼ਨਾਨ ਹੋਇਆ ਕਰਦਾ ਹੈ। ਇਸ ਦੀ scientific research ਵੀ ਹੋ ਚੁਕੀ ਹੈ ਕਿ ਅੰਮ੍ਰਿਤ ਵੇਲਾ, ਜਦੋਂ ਪਹਿਰ ਰਾਤ ਰਹਿੰਦੀ ਹੋਵੇ ਉਸ ਵੇਲੇ ਪਾਣੀ ਵਿਚ ਆਕਸੀਜਨ ਸਭ ਤੋਂ ਵੱਧ ਹੋਇਆ ਕਰਦੀ ਹੈ। ਬਾਕੀ ਸਮਿਆਂ ਵਿਚ ਨਹੀਂ ਹੁੰਦੀ, ਦੂਜਾ 42 ਲੱਖ ਜੀਵ ਜਲ ਵਿਚ ਹੁੰਦੇ ਹਨ, ਉਹ ਜਿਹੜੇ 42 ਲੱਖ ਜੀਵ ਪਾਣੀ ਵਿਚ ਹੁੰਦੇ ਹਨ, ਉਹ ਬਾਕੀ ਸਮੇਂ ਵਿਚ ਪਾਣੀ ਵਿਚ ਉਪਰ ਆ ਜਾਂਦੇ ਹਨ ਉਸ ਵੇਲੇ ਅਸੀਂ ਨਹਾਉਂਦੇ ਹਾਂ ਉਹ 'ਮਲੇਸ਼' ਇਸ਼ਨਾਨ ਬਣ ਜਾਂਦਾ ਹੈ, ਰਾਤ ਨੂੰ ਕਿਤੇ ਬੱਤੀ ਜਗਾ ਕੇ ਦੇਖੋ ਕਿਸ ਤਰ੍ਹਾਂ ਜੀਵ ਤੁਰੇ ਫਿਰਦੇ ਹਨ। ਤੀਜੇ ਚੌਥੇ ਪਹਿਰ ਜਿਹੜੇ ਦਿਨ ਵਿਚ ਕਿਤੇ ਨਜ਼ਰ ਨਹੀਂ ਆਉਂਦੇ। ਉਨ੍ਹਾਂ ਦਿਨਾਂ ਵਿਚ ਇਹ ਨਲਕੇ ਵਗੈਰਾ ਨਹੀਂ ਸਨ ਹੁੰਦੇ ਜੋ ਕਿ ਹੁਣ ਹਨ। ਖੂਹਾਂ ਦਾ ਜਲ ਹੁੰਦਾ ਸੀ, ਖੂਹ ਵਿਚ ਵੀ ਜੀਵ ਹੁੰਦੇ ਸਨ ਜਾਂ ਚਲਦੇ ਪਾਣੀ ਵਿਚ ਬੈਠ ਜਾਂਦੇ ਸਨ, ਡੋਲਾਂ ਨਾਲ ਪਾਣੀ ਖਿਚੀ ਜਾਂਦੇ ਸਨ, ਅੰਮ੍ਰਿਤ ਵੇਲੇ ਕੋਈ ਜੀਵ ਨਹੀਂ ਹੁੰਦਾ। ਸਭ ਥੱਲੇ ਬੈਠ ਜਾਂਦੇ ਹਨ। ਸੋ ਇਹ ਇਸ਼ਨਾਨ 'ਦੇਵ' ਇਸ਼ਨਾਨ ਕਹਾਇਆ ਕਰਦਾ ਹੈ ਉਸ ਨੂੰ ਬ੍ਰਹਮ ਮਹੂਰਤ ਆਖਦੇ ਹਨ। ਬਹੁਤ ਸਾਰੇ ਮਹਾਤਮਾ ਦਾ ਇਹ ਮਤ ਹੈ ਕਿ ਉਸ ਵੇਲੇ ਪ੍ਰਮੇਸ਼ਰ ਦੀ ਬਰਕਤ ਦਾ ਦਰਵਾਜ਼ਾ ਖੁਲ੍ਹਦਾ ਹੈ, ਅਤੇ ਦਾਤਾਂ ਮਿਲਦੀਆਂ ਹਨ - ਬਾਣੀ ਦਾ ਵੀ ਇਸ ਤਰ੍ਹਾਂ ਫੁਰਮਾਨ ਹੈ-


ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਿੰਘਾਂ ਸਮੇਤ

***ਧਾਰਨਾ - ਜਿਹੜੇ ਅੰਮ੍ਰਿਤ ਵੇਲੇ ਜਾਗਦੇ,***
***ਸਾਂਈ ਕੋਲੋਂ ਦਾਤਾਂ ਲੈਣਗੇ - 2, 2.***

ਅੰਮ੍ਰਿਤ ਵੇਲੇ ਜਾਗਦੇ ਹਨ -

***ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥***
***ਜਿੰਨਾ ਨੈਣ ਨੀਦ੍ਰਾਵਲੇ ਤਿੰਨਾ ਮਿਲਣੁ ਕੁਆਉ॥***
***ਅੰਗ - 1382***

***ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥***
***ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥***
***ਅੰਗ - 1383***

***ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥***
***ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥***
***ਅੰਗ - 1384***

***ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥***
***ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥***
***ਅੰਗ - 255***

ਸੋ ਅੰਮ੍ਰਿਤ ਵੇਲੇ ਜਾਗਣ ਵਾਸਤੇ ਇਸ਼ਨਾਨ ਦਾ ਕੀ ਫਲ ਹੈ? ਇਕ ਵਾਰੀ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ

ਸਾਹਿਬ ਜੀ ਕੋਲੋਂ ਪੁਛਿਆ ਕਿ ਹੇ ਪਾਤਸ਼ਾਹ! ਇਸ ਇਸ਼ਨਾਨ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ, ਆਪ ਜੀ ਵਿਸਥਾਰ ਨਾਲ ਦਸੋ ਕਿ ਇਸਦਾ ਫਲ ਕੀ ਹੋਇਆ ਕਰਦਾ ਹੈ? ਮਹਾਰਾਜ ਨੇ ਉਤਰ ਦਿਤਾ, ਪੁਰਖਾ ਤੂੰ ਭਲੀ ਗੱਲ ਪੁੱਛੀ। ਜਿਹੜਾ ਪਹਿਰ ਰਹਿੰਦੇ ਇਸ਼ਨਾਨ ਕਰਦਾ ਹੈ ਵੈਸੇ ਇਸ਼ਨਾਨ ਦੀ ਵਿਧੀ ਹੋਇਆ ਕਰਦੀ ਹੈ ਮੈਂ ਇਕ ਵਾਰੀ ਦੀਵਾਨਾਂ ਵਿਚ ਦੱਸੀ ਸੀ ਸਾਨੂੰ ਹੁਕਮ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥***
***ਅੰਗ – 305***

ਅੰਮ੍ਰਿਤਸਰ ਨਹਾਉਣ ਦੀ ਇਕ ਵਿਧੀ ਹੋਇਆ ਕਰਦੀ ਹੈ। ਇਕ ਬਾਹਰਲੀ ਵਿਧੀ, ਇਕ ਅੰਦਰਲੀ ਵਿਧੀ ਹੋਇਆ ਕਰਦੀ ਹੈ। ਬਾਹਰਲਾ ਫਲ ਲੈਣਾ ਹੈ ਤਾਂ ਉਸ ਦਾ ਵੀ ਤਰੀਕਾ ਹੈ, ਅੰਦਰਲਾ ਫਲ ਲੈਣਾ ਹੈ ਤਾਂ ਉਸ ਦਾ ਵੀ ਤਰੀਕਾ ਹੈ–



ਧੰਨ ਧੰਨ ਸਾਹਿਬ ਸ੍ਰੀ ਗੁਰੂ ਦਸਮੇਸ਼ ਪਿਤਾ ਦੇ ਚਾਰ ਸਾਹਿਬਜ਼ਾਦੇ

ਸੋ ਬਾਹਰਲਾ ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਨੇ ਦਸਿਆ ਸੀ ਕਿ ਜਿਹੜਾ ਅਰਦਾਸ ਕਰਦਾ ਹੈ –

'ਪ੍ਰਿਥਮ ਭਗਉਤੀ ਸਿਮਰ ਕੇ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਤੱਕ' ਇਹ ਅਰਦਾਸ ਤਿੰਨ ਵਾਰੀ ਇਸ਼ਨਾਨ ਕਰਦਾ ਕਰਦਾ ਕਰੀ ਜਾਵੇ। ਫਿਰ ਮੂਲਮੰਤ੍ਰ ਪੜ੍ਹਨਾ ਸ਼ੁਰੂ ਕਰ ਦੇਵੇ– ਇਸ਼ਨਾਨ ਕਰਦੇ ਕਰਦੇ, ਜੋ ਫਲ ਪ੍ਰਾਪਤ ਹੋਇਆ ਕਰਦਾ ਹੈ ਸਵਾ ਮਣ ਸੋਨਾ ਦਾਨ ਕਰਨ ਦਾ ਫਲ ਪ੍ਰਾਪਤ ਹੋਇਆ ਕਰਦਾ ਹੈ। ਉਸ ਤੋਂ ਬਾਅਦ ਡੇਢ ਘੜੀ ਤੋਂ ਬਾਅਦ ਸਵਾ ਮਣ ਚਾਂਦੀ ਦਾ ਫਲ ਹੁੰਦਾ ਹੈ, ਉਸ ਤੋਂ ਬਾਅਦ ਤਾਂਬਾ ਤੇ ਫੇਰ ਅਨਾਜ ਦਾ ਫਲ ਹੋਇਆ ਕਰਦਾ ਹੈ ਤੇ ਜਿਹੜਾ ਛੇ ਵਜੇ ਦੇ ਕਰੀਬ ਅੱਜਕੱਲ ਇਸ਼ਨਾਨ ਕਰਦਾ ਹੈ ਉਸ ਨੂੰ ਕੋਈ ਫਲ ਪ੍ਰਾਪਤ ਨਹੀਂ ਹੋਇਆ ਕਰਦਾ ਕੇਵਲ ਸਰੀਰ ਦੀ ਸੁਧਾਈ, ਸਾਵਧਾਨਤਾ ਵਾਸਤੇ ਇਸ਼ਨਾਨ ਕਰਦਾ ਹੈ। ਮਹਾਂਪੁਰਸ਼ਾਂ ਦਾ ਐਸਾ ਮੱਤ ਹੈ ਕਿ ਅੰਮ੍ਰਿਤ ਵੇਲੇ ਪਹਿਰ ਰਾਤ ਤੋਂ ਬਾਅਦ ਆਦਮੀ ਜਿੰਨੀ ਦੇਰ ਸੌਂਦਾ ਹੈ ਉਸ ਦੇ ਪੁੰਨ ਘਟਣੇ ਸ਼ੁਰੂ ਹੋ ਜਾਂਦੇ ਹਨ ਤੇ ਘਟੀ ਜਾਂਦੇ ਹਨ ਕਿਉਂਕਿ ਬ੍ਰਹਮ ਮਹੂਰਤ ਹੋਇਆ ਕਰਦੀ ਹੈ। ਨਾਮ ਜਪਣ ਦੀ ਵੇਲਾ ਤੇ ਉਹਦੇ ਬਾਰੇ ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ –

***ਧਾਰਨਾ – ਅੰਮ੍ਰਿਤ ਵੇਲੇ ਓ ਕੌਣ ਜਾਗਦੇ –2, 2.***
***ਕੋਈ ਜਾਗਦੇ ਨੇ ਰਾਮ ਪਿਆਰੇ, –2, 2.***
***ਅੰਮ੍ਰਿਤ ਵੇਲੇ ਓ ਕੌਣ ਜਾਗਦੇ......... –2.***
***ਭਿੰਨੀ ਰੈਨੜੀਐ ਚਾਮਕਨਿ ਤਾਰੇ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥***
***ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥***
***ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥***
***ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥***
***ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥***
***ਅੰਗ – 459***

***ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥***
***ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥***
***ਅੰਗ – 146***

ਜਿਨ੍ਹਾਂ ਦੇ ਮੰਨ ਦੇ ਅੰਦਰ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

ਜਿਨ੍ਹਾਂ ਦੇ ਮਨ ਦੇ ਅੰਦਰ ਪ੍ਰਭੂ ਨੂੰ ਮਿਲਣ ਦਾ ਸ਼ੌਕ ਜਾਗ ਪਿਆ, ਜਿਹਨਾਂ ਦੀ ਸੁਰਤੀ ਨੂੰ ਜਾਗ ਆ ਗਈ, ਕਿਸੇ ਮਹਾਂਪੁਰਸ਼ ਨੂੰ ਮਿਲ ਕੇ ਬਾਣੀ ਰਾਹੀਂ ਵੈਰਾਗ ਲੱਗ

(ਬਾਕੀ ਪੰਨਾ ਨੰ. 39 ਤੇ)

# ਸੰਤ ਮਹਾਰਾਜ ਜੀ ਦੇ ਸਰੀਰ ਧਾਰਨ ਦਿਵਸ ਤੇ ਵਿਸ਼ੇਸ

***ਪ੍ਰਭਜੋਤ ਕੌਰ***

ਸਾਰੀ ਕਾਇਨਾਤ ਕਾਲ ਚੱਕਰ ਦੇ ਪ੍ਰਭਾਵ ਅਧੀਨ ਹੈ। ਸਮਾਂ ਨਾਮ ਤਬਦੀਲੀ ਦਾ ਹੈ। ਜੋ ਰੰਗ ਅੱਜ ਹੈ, ਉਹ ਸ਼ਾਇਦ ਕੱਲ ਸਵੇਰੇ ਨਾ ਹੋਏ ਜਾਂ ਸ਼ਾਇਦ ਇਸ ਤੋਂ ਵੀ ਅੱਛਾ ਹੋਵੇ। ਇਹੋ ਜਿਹੇ ਅਨੁਮਾਨ ਲਾਉਂਦਿਆਂ ਹੀ ਇਸ ਜਿੰਦਗੀ ਦਾ ਫਾਨੀ ਸਫ਼ਰ, ਇਨਸਾਨ ਤਹਿ ਕਰਦਾ ਰਹਿੰਦਾ ਹੈ। ਮਨੁੱਖਾ ਜਨਮ ਮਿਲਣ ਦਾ ਕੀ ਕਾਰਣ ਅਤੇ ਮਕਸਦ ਹੈ। ਆਪਣੇ ਮਕਸਦ ਨੂੰ ਬੁੱਲ ਕੇ ਇਸ ਸੰਸਾਰ ਦੇ ਮਨਮੋਹਣੇ ਸੁਫ਼ਨੇ ਵਿਚ ਪਰਚਣਾ ਹੀ ਸਾਡੀ ਸਭ ਤੋਂ ਵੱਡੀ ਗਲਤੀ ਹੈ। ਉਹ ਇਕ ਗਲਤੀ ਸੁਧਾਰਨ ਲਈ ਫਿਰ ਜਨਮਾਂ ਦੇ ਜਨਮ ਲਗ ਜਾਂਦੇ ਹਨ। ਪਰ ਕੁਝ ਕੁ ਰੂਹਾਂ ਦਾ ਸੰਸਾਰ ਤੇ ਆਗਮਨ ਈਸ਼ਵਰੀਹੁਕਮ ਨਾਲ ਵਿਸ਼ੇਸ਼ ਹੀ ਹੁੰਦਾ ਹੈ। ਉਹਨਾਂ ਦੀ ਬਾਬਤ, ਗੁਰਬਾਣੀ ਅੰਦਰ ਐਸਾ ਫੁਰਮਾਨ ਹੈ –

***ਧੰਨੁ ਧੰਨੁ ਧੰਨੁ ਜਨੁ ਆਇਆ॥***
***ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥***
***ਜਨ ਆਵਨ ਕਾ ਇਹੈ ਸੁਆਉ॥***
***ਜਨ ਕੈ ਸੰਗਿ ਚਿਤਿ ਆਵੈ ਨਾਉ॥***
***ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥***
***ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥***

ਅੰਗ – ***295-296***

ਕਿੱਡੀਆਂ ਕੁ ਸ਼ੋਭ ਨੀਕ, ਪਰਵਾਨ ਰੂਹਾਂ ਹੋਣਗੀਆਂ, ਜਿੰਨਾਂ ਨੂੰ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਵੀ ਆਪਣੀ ਗੁਰਬਾਣੀ ਅੰਦਰ ਨਮਸ਼ਕਾਰ ਕਰਦੇ ਹਨ। ਐਸੀ ਹੀ ਇਕ ਬਹੁਤ ਪਿਆਰੀ ਜੋਤ ਨੇ ਸੰਸਾਰ ਦੇ ਰੰਗ ਮੰਚ ਉਪਰ 17 ਜੂਨ 1918 ਨੂੰ ਧਮੋਟ ਤੇ ਆਗਮਨ ਕੀਤਾ। ਮਾਤਾ ਇੰਦ ਕੌਰ ਜੀ ਦੀ ਕੁੱਖ ਸੁਲੱਖਣੀ ਹੋਈ, ਪਰ ਪਿਤਾ ਕਰਤਾਰ ਸਿੰਘ ਜੀ ਦੀਆਂ ਕੁਲਾਂ ਧੰਨ ਹੋ ਗਈਆਂ। ਬਚਪਨ ਤੋਂ ਆਪ ਜੀਦੇ ਅੰਦਰ ਪੂਰਨ ਪੁਰਖਾਂ ਵਾਲੇ ਸਾਰੇ ਲੱਛਣ ਮੌਜੂਦ ਸਨ। ਪੰਜ ਸਾਲ ਦੀ ਬਾਲੀ ਉਮਰੇ ਗੁਰੂ ਦੇ ਜਹਾਜੇ ਚੜ੍ਹ ਗਏ, ਅੰਮ੍ਰਿਤ ਪਾਨ ਕੀਤਾ। ਆਪ ਜੀ ਕਹਿੰਦੇ ਮੈਨੂੰ ਬਹੁਤ ਨਿੱਕੀ ਉਮਰੇ ਇਕ ਵਾਰੀ ਮਾਲਾ ਮਿਲ ਗਈ "ਕਹਿੰਦੇ ਮੈਨੂੰ ਐਂ ਲਗੇ ਬਈ ਪਤਾ ਨੀ ਕਿਹੜ ਖਜ਼ਾਨਾ ਮੇਰੇ ਹੱਥ ਲਗ ਗਿਆ। ਮੈਂ ਸਾਰਾ ਦਿਨ ਮਾਲਾ ਫੇਰੀ ਜਾਇਆ ਕਰਾਂ। ਮੇਰਾ ਜੀਅ ਐਨਾ ਲਗੇ" ਐਸਾ ਆਪ ਜੀ ਫੁਰਮਾਉਂਦੇ ਹੁੰਦੇ। ਖੇਤਾਂ ਵਿਚ ਜਾ ਕੇ ਘਰਦਿਆਂ ਤੋਂ ਚੋਰੀ ਭਜਨ ਕਰਨਾ, ਪਰ ਵੱਡੇ ਭੈਣ ਜੀ ਜਸਵੰਤ ਜੀ ਦੀ ਅੱਖ ਆਪਣੇ ਨਿੱਕੇ ਵੀਰ ਦੇ ਬਾਲ ਸਰੀਰ ਅੰਦਰ ਛੁੱਪੇ ਉਸ ਮਹਾਨ ਸਾਧੂ ਵੀ ਪਹਿਲੀ ਝਲਕੇ ਪਛਾਣ ਚੁੱਕੀ ਸੀ। ਆਪ ਜੀ ਦੱਸਦੇ ਹੁੰਦੇ ਕਿ 'ਭੈਣ ਨੇ ਮੈਨੂੰ ਟੋਲ੍ਹਦੇ ਫਿਰਨਾਂ, ਕਦੇ ਖੇਤਾਂ 'ਚ ਕਦੇ ਕਿਤੇ, ਉਹਨਾਂ ਨੂੰ ਲਗਦਾ ਸੀ ਕਿ ਮੈਨੂੰ ਕੋਈ ਤਕਲੀਫ਼ ਨਾ ਹੋ ਜਾਏ, ਉਹਨਾਂ ਨੇ ਮੈਨੂੰ ਕਹਿਣਾ ਕਿ ਤੁਸੀਂ ਕਹਿਣਾ ਕਿ ਤੁਸੀਂ ਘਰ ਬੈਠ ਕੇ ਭਜਨ ਕਰਿਆ ਕਰੋ" ਇਸ ਤਰ੍ਹਾਂ ਦੇ ਕੌਤਕ ਕਰਦਿਆਂ ਸਰੀਰ ਬਾਲਪਨ ਤੋਂ ਜਵਾਨੀ ਵਲ ਵਧਦਾ ਗਿਆ। ਆਪ ਜੀਦੀ ਮਾਤਾ ਜੀ ਦੀ ਕ੍ਰਿਪਾ, ਆਪ ਜੀ ਦੀ ਭੇਂਟ ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ) ਨਾਲ ਹੋਈ। ਆਪ ਜੀ ਫੁਰਮਾਉਂਦੇ ਹੁੰਦੇ ਕਿ ਪਹਿਲੇ ਦਿਨ ਜਦੋਂ ਪਹਿਲੀ ਵਾਰ ਮੈਂ ਜਾ ਕੇ ਮਹਾਰਾਜ ਜੀ ਨੂੰ ਮਿਲਿ, ਨਮਸ਼ਕਾਰ ਕੀਤੀ ਤਾਂ ਉਹਨਾਂ ਨੇ ਮੇਰੇ ਤੇ ਸਵਾਲ ਕੀਤਾ, ਕਿ ਤੂੰ ਕੌਣ ਹੈ? ਕਹਿਣ ਲਗੇ ਸਾਰੀ ਸੰਗਤ ਦੇਖ ਰਹੀ ਸੀ, ਮੈਂ ਕੋਈ ਜਵਾਬ ਨਾ ਦਿਤਾ, ਤਿੰਨ ਮਿੰਟ ਲੰਘ ਗਏ। ਸੰਗਤ ਹੱਸ ਪਈ। ਮਹਾਰਾਜ ਜੀ ਨੇ ਇਫਰ ਪੁੱਛਿਆ, ਆਪ ਜੀ ਕਹਿੰਣ ਲੱਗੇ ਮੈਂ ਕਿਹਾ ਮਹਾਰਾਜ ਜੀ ਮੈਨੂੰ ਦੱਸਣਾ ਨਹੀਂ ਆ ਰਿਹਾ" ਮਹਾਰਾਜ ਜੀ ਦੀ ਸਮਾਧੀ ਲਗ ਗਈ। ਪੰਤਾਲੀ ਮਿੰਟ ਆਪ ਜੀ ਨੇਤ੍ਰ ਬੰਦ ਕਰਕੇ ਬੈਠੇ ਰਹੇ, ਉਸ ਤੋਂ ਬਾਅਦ ਮੈਨੂੰ ਕਹਿਣ ਲੱਗੇ ਕਿ ਉਸ ਨੂੰ ਜੀਵ ਆਤਮਾ ਕਿਹਾ ਜਾਂਦਾ ਹੈ। ਇਕ ਹੋਰ ਬਹੁਤ ਭਾਰੀ ਬਚਨ ਸੰਤ ਮਹਾਰਾਜ ਜੀ ਨੇ ਕੀਤਾ ਆਪ ਜੀ ਨੇ ਕਿਹਾ ਕਿ ਅੱਜ " ਸੁਹਾਗਣ ਨੂੰ ਸੁਹਾਗਣ ਮਿਲੀ



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਹੈ" ਇਹ ਬਚਨ ਐਨਾ ਗਹਿਰਾ ਸੀ ਕਿ ਇਸ ਦਾ ਪ੍ਰਭਾਵ ਕਰੀਬ ਅੱਧੀ ਸਦੀ ਗੁਜ਼ਰਨ ਤੋਂ ਬਾਅਦ ਖੁਲ੍ਹਿਆ। ਆਪ ਜੀ ਦੀ ਸ਼ਾਦੀ ਬੀਬੀ ਰਣਜੀਤ ਕੌਰ ਜੀ ਨਾਲ ਹੋਈ। ਆਪ ਜੀ ਦਾ ਗ੍ਰਹਿਸਥ ਜੀਵਨ ਬੜਾ ਸੁੰਦਰ ਬੀਤਿਆ। ਆਪ ਜੀ ਨੇ ਸਰਕਾਰੀ ਨੌਕਰੀ ਕੀਤੀ। ਪਰ ਜਿਥੇ ਜਿਥੇ ਵੀ ਆਪ ਜੀ ਦੇ ਚਰਨ ਪਏ, ਕਿਸੇ ਕਾਰਨ ਵਸ ਵੀ ਪਏ, ਉਹ ਲੁਕਾਈ ਦੇ ਅਧਾਰ ਦਾ ਕਾਰਨ ਬਣੇ। ਬੀਜੀ ਦਾ ਸਾਥ ਨਾਲ ਆਪ ਜੀ ਦਾ ਜੀਵਨ ਪੈਂਡੇ ਲਈ ਅਤੇ ਅਧਿਆਤਮਿਕ ਪੈਂਡੇ ਲਈ ਸੋਨੇ ਤੇ ਸੁਹਾਗਾ ਹੋ ਨਿਬੜਿਆ। ਇਹ ਦੋ ਰੂਹਾਂ ਦਾ ਮੇਲ ਹੀ ਨਹੀਂ ਸੀ। ਦੋ ਬੀਤ ਰਾਗ ਅਵਸਥਾ ਦੇ ਸਾਧੂਆਂ ਦਾ ਸੰਜੋਗ ਸੀ, ਐਸਾ ਸੰਜੋਗ ਸੀ ਜਿਸ ਨੇ ਸੰਸਾਰ ਨੂੰ ਗੁਰੂ ਪ੍ਰੇਮ, ਗੁਰੂ ਭਗਤੀ, ਗੁਰੂ ਸੇਵਾ ਦੀ ਉਹ ਦਾਤ ਵੰਡੀ, ਜਿਸ ਦੇ ਬਾਰੇ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਸਿਖ ਨੂੰ ਆਦੇਸ਼ ਕੀਤਾ ਹੈ।

ਗੁਰਮਤਿ ਦੀ ਰਹਿਣੀ ਬਹਿਣੀ ਦੀ ਹਰ ਕਸਵੱਟੀ ਤੇ ਪਿਤਾ ਜੀ ਦਾ ਜੀਵਨ ਪੂਰਾ ਉਤਰਿਆ। ਆਪ ਜੀ ਦੇ ਬਚਨ ਸਨ, "ਸਾਧ ਸੰਗਤ ਜੀ ਮੈਂ ਸੰਸਾਰ ਤੇ ਬੇ ਦਾਗ ਆਇਆ ਸੀ ਤੇ ਬੇ ਦਾਗ ਜਾ ਰਿਹਾ ਹਾਂ" ਐਸੇ ਘੋਰ ਕਲਜੁਗ ਦੇ ਅੰਦਰ ਸੰਸਾਰ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਬਾਰੇ ਜੋ ਸੇਧ ਜੋ ਦੇਣ ਪ੍ਰਦਾਨ ਕੀਤੀ, ਉਸ ਦੇ ਤੁਲ ਕੋਈ ਪਹੁੰਚਦਾ ਨਜ਼ਰ ਨਹੀਂ ਆਉਂਦਾ। ਦੇਗ ਅਤੇ ਤੇਗ ਦੇ ਸੰਕਲਪ ਨੂੰ ਪੂਰਨ ਰੂਪ ਦਿਤਾ। ਐਸੇ ਮਹਾਂਬਲੀ ਅਤਿ ਪੂਜਨੀਯ, ਹਜਾਰਾਂ ਹੀ ਰੂਹਾਂ ਦੇ ਧੇ ਜਿਨ੍ਹਾਂ ਦਾ 88ਵਾਂ ਪ੍ਰਕਾਸ਼ ਦਿਹਾੜਾ ਰਤਵਾੜਾ ਸਾਹਿਬ ਦੀ ਪਵਿੱਤਰ ਧਰਤੀ ਉਪਰ ਮਨਾਇਆ ਗਿਆ। ਬਾਹਰਲੇ ਮੁਲਖਾਂ ਵਿਚ ਵੀ ਜਗ੍ਹਾ ਜਗ੍ਹਾ ਆਪ ਜੀ ਦੀ ਯਾਦ ਵਿਚ ਸ੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਇਸ ਦਿਹਾੜੇ ਨੂੰ ਮੁੱਖ ਰੱਖਦਿਆਂ ਅਨੇਕਾਂ ਪ੍ਰੋਗਰਾਮ ਸ਼ਰਧਾਂਜਲੀ ਰੂਪ ਵਿਚ ਰੱਖੇ ਗਏ। ਰਤਵਾੜਾ ਸਾਹਿਬ ਵਿਖੇ ਇਹ ਪ੍ਰੋਗਰਾਮ ਅਤਿ ਪਰਮ ਪੂਜਨੀਯ, ਪਿਆਰੇ ਬੀਜੀ ਦੇ ਹੁਕਮਾਂ ਅਨੁਸਾਰ ਰੱਖਿਆ ਗਿਆ ਅਤੇ ਬਾਬਾ ਹਰਪਾਲ ਸਿੰਘ ਜੀ ਦੀ ਦੇਖਰੇਖ ਹੇਠ ਮਨਾਇਆ ਗਿਆ। ਕਈ ਹਫਤਿਆਂ ਤੋਂ ਇਸ ਦਿਹਾੜੇ ਨੂੰ ਮਨਾਉਣ ਲਈ ਅਨੇਕਾਂ ਸੇਵਾਵਾਂ ਚਲ ਰਹੀਆਂ ਸਨ। ਪ੍ਰੇਮੀਆਂ ਦੇ ਹਿਰਦੇ ਵਿਚ ਜੋ ਉਤਸ਼ਾਹ ਸੀ, ਉਹ ਉਨ੍ਹਾਂ ਦੇ ਚੇਹਰਿਆਂ ਤੋਂ ਸਾਫ ਝਲਕਦਾ ਸੀ। ਕਿਸੇ ਖਿਚ ਦੇ ਵਸ, ਸਭ ਪ੍ਰੇਮੀ ਦਿਨ ਰਾਤ ਇਕ ਕਰਕੇ ਸੇਵਾ ਕਮਾਉਂਦੇ ਰਹੇ, ਨਾਲੇ ਪਿਆਰੇ ਦੇ ਅਸਥਾਨ ਤੇ ਜਾ ਕੇ ਉਸ ਦੀ ਸੇਵਾ ਅਗਰ ਕਿਸੇ ਨੂੰ ਮਿਲ ਜਾਵੇ, ਇਸ ਤੋਂ ਪਰ੍ਹੇ ਤਾਂ ਹੋਰ ਕੁਝ ਹੈ ਹੀ ਨਹੀਂ। ਆਖਿਰ ਉਹ ਦਿਹਾੜਾ ਆਣ ਬੌਹੜਿਆ, ਅੰਮ੍ਰਿਤ ਵੇਲੇ ਤਿੰਨ ਵਜੇ ਤੋਂ ਹੀ ਨਿਤ ਪ੍ਰਤੀ ਦੇ ਅਨੁਸਾਰ ਪਹਿਲਾਂ ਨਾਮ ਅਭਿਆਸ, ਫਿਰ ਸ਼ਬਦ ਕੀਰਤਨ ਉਪਰੰਤ ਆਪ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਕਰੀਬ 10.00 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਦਿਵਾਨ ਹਾਲ ਵਿਚ ਪ੍ਰਕਾਸ਼ ਕੀਤੇ ਗਏ, ਬੜੇ ਅਦਬ ਨਾਲ ਮਹਾਰਾਜ ਦੀ ਸਵਾਰੀ ਖੁਲ੍ਹੇ ਦਿਵਾਨ ਹਾਲ ਵਿਚ ਪਹੁੰਚੀ। ਅੱਗੇ ਅੱਗੇ ਸਿੰਘ ਸਾਜਾਂ ਨਾਲ ਕੀਰਤਨ ਕਰਦੇ ਆ ਰਹੇ ਸਨ, ਪਿਛੇ ਪਿਛੇ ਮਹਾਰਾਜ ਜੀ ਦੀ ਸਵਾਰੀ ਅਤੇ ਸੰਗਤਾਂ। ਸਰਬੱਤ ਸੰਗਤਾਂ ਨੇ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਲਈ ਸਤਿਗੁਰੂ ਜੀ ਦੀ ਆਗਿਆ ਲਈ ਜੋਧੜੀ ਕੀਤੀ ਅਤੇ ਗੁਰੂ ਮਹਾਰਾਜ ਜੀ ਹੁਕਮਨਾਮਾ ਬਖਸ਼ਿਸ਼ ਕੀਤਾ।



ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਕੇਕ ਕੱਟਦੇ ਹੋਏ ਨਾਲ ਪਰਮ ਸਤਿਕਾਰਯੋਗ ਬੀਜੀ

ਇਸ ਤੋਂ ਬਾਅਦ ਸਭ ਤੋਂ ਪਹਿਲਾਂ ਢਾਡੀ ਜਥਿਆਂ ਨੇ ਹਾਜ਼ਰੀ ਲਗਵਾਈ ਅਤੇ ਸੰਗਤਾਂ ਨੂੰ ਵਾਰਾਂ ਗਾ ਕੇ ਨਿਹਾਲ ਕੀਤਾ। ਭਲੇ ਪੁਰਸ਼ਾਂ ਦੀਆਂ ਯਾਦਾਂ ਦੁਨੀਆਂ ਵਿਚ ਰਹਿਣਗੀਆਂ। ਇਸ ਤੋਂ ਬਾਅਦ ਭਾਈ ਤ੍ਰਿਲੋਚਨ ਸਿੰਘ ਜੀ ਅਤੇ ਭਾਈ ਸੁਰਿੰਦਰ ਸਿੰਘ ਜੀ ਨੇ ਧਾਰਨਾਂ ਸਰਵਣ ਕਰਵਾਈ। ਉਸ ਤੋਂ ਬਾਅਦ ਸਰੂਪ ਸਿੰਘ ਜੀ ਖਮਾਣੋ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਬੱਚਿਆਂ ਨੇ ਰਸਭਿੰਨਾ ਕੀਰਤਨ ਸਰਵਣ ਕਰਵਾਇਆ। ''ਕਾਲੀ ਕੋਇਲ ਤੂੰ ਕਿਤ ਗੁਨ ਕਾਲੀ'' ਉਪਰੰਤ ਗਿਆਨੀ ਸ਼ੇਰ ਸਿੰਘ ਜੀ ਮੁੱਲਾਂਪੁਰ ਵਾਲਿਆਂ ਦੇ ਢਾਡੀ ਜੱਥੇ ਨੇ ਗੁਰੂ ਜਸ ਸਰਵਣ ਕਰਵਾਇਆ। ਭਾਈ ਜਗਜੀਵਨ ਸਿੰਘ ਫਗਵਾੜੇ ਵਾਲਿਆਂ ਨੇ ਦੋ ਸ਼ਬਦਾਂ "ਰਾਮ ਰਾਏ ਤੂੰ ਸੰਤਾਂ ਕਾ ਸੰਤ ਤੇਰੇ" ਅਤੇ "ਮਿਲ ਮੇਰੇ ਪ੍ਰੀਤਮਾਂ ਜੀਓ" ਪੜ੍ਹ ਕੇ ਆਪਣੀ ਹਾਜ਼ਰੀ ਲਗਵਾਈ, ਨਿੱਕੀ ਬੱਚੀ ਮਨਿੰਦਰਜੀਤ ਕੌਰ ਨੇ "ਮੇਰੇ ਲਾਲਨ ਦੀ ਸੋਭਾ" ਪੜ੍ਹ ਕੇ ਸੰਗਤਾਂ ਨੂੰ ਸੁਣਾਇਆ।

ਉਸ ਤੋਂ ਬਾਅਦ ਸੰਤ ਸਿਕੰਦਰ ਸਿੰਘ ਜੀ ਮਾਣਕੁਪਰ (ਬਲਾਕ ਮਾਜਰੀ ਵਾਲਿਆਂ ਨੇ) ''ਧੰਨ ਸੁ ਵੇਲਾ ਜਿਤੁ ਦਰਸ਼ਨ ਕਰਨਾ'' ਆਪਣੀ ਵਿਚਾਰ ਸ਼ੁਰੂ ਕੀਤੀ। ਉਨ੍ਹਾਂ ਨੇ ਕਿਹਾ ਕਿ ਸਾਧੂ ਪ੍ਰਉਪਕਾਰ ਹਿੱਤ ਸੰਸਾਰ ਤੇ ਆਉਂਦੇ ਹਨ ਅਤੇ ਧਾਰਨਾ ਪੜ੍ਹੀ "ਜੀਅ ਦਾਨ ਦੇ ਕੇ ਭਗਤੀ ਕਰਾਉਂਦੇ ਨੇ, ਰੱਬ ਨਾਲ ਮਿਲਾਉਂਦੇ ਜੀਵਾਂ ਨੂੰ"। ਸਮਾਂ ਸੀਮਤ ਹੋਣ ਕਰਕੇ ਸਾਰੇ ਸਾਧੂ ਮਹਾਂਪੁਰਸ਼ ਬਹੁਤ ਥੋੜ੍ਹੇ ਸਮੇਂ ਲਈ ਹੀ ਆਪਣੇ ਵਿਚਾਰ ਰੱਖਦੇ ਰਹੇ। ਇਨ੍ਹਾਂ ਤੋਂ ਬਾਅਦ ਬਾਬਾ ਜਰਨੈਲ ਸਿੰਘ ਜੀ ਹੈਡ ਗ੍ਰੰਥੀ ਰਾੜਾ ਸਾਹਿਬ ਵਾਲੇ ਸੰਗਤਾਂ ਵਿਚਕਾਰ ਪਹੁੰਚੇ। ਜੋ ਸਤਿਕਾਰ ਯੋਗ ਬਾਬਾ ਤੇਜਾ ਸਿੰਘ ਮੌਜੂਦਾ ਮੁਖੀ ਭੌਰਾ ਸਾਹਿਬ ਰਾੜਾ ਸਾਹਿਬ ਜੀ ਦੇ ਪਵਿੱਤਰ ਹੁਕਮਾਂ ਤੇ ਇਥੇ ਪਹੁੰਚੇ ਹਨ। ਉਨ੍ਹਾਂ ਦੇ ਨਾਲ ਪਹੁੰਚੇ ਸਿੰਘਾਂ ਨੇ ਕੀਰਤਨ ਸਰਵਣ ਕਰਵਾਇਆ ਅਤੇ ਇਕ ਧਾਰਨਾਂ ਪੜ੍ਹੀ "ਮੈਂ ਭਾਗਾਂ ਵਾਲਾ ਜੀ ਦਰਸ਼ਨ ਹੋ ਗਏ, ਦਰਸ਼ਨ ਹੋ ਗਏ" ਨਾਲ ਸੰਗਤਾਂ ਵਿਚ ਹਾਜ਼ਰੀ ਲਗਵਾਈ।

ਇਸ ਉਪਰੰਤ ਬਾਬਾ ਨਛੱਤਰ ਸਿੰਘ ਝਾਂਮਪੁਰ ਵਾਲਿਆਂ ਨੇ ਸੰਗਤਾਂ ਨੂੰ ਮੁਖਾਤਬ ਹੁੰਦੇ ਕਿਹਾ ਕਿ ਮਨੁੱਖਾ ਜਨਮ ਤਾਂ ਸਫਲ ਹੈ ਜੇਕਰ ਇਸ ਨੂੰ ਆਤਮ ਗਿਆਨ ਹੋ ਜਾਵੇ। ਅਗਰ ਸਾਨੂੰ ਆਤਮ ਗਿਆਨ ਨਹੀਂ ਹੋਇਆ ਤਾਂ ਜਨਮ ਬੇਅਰਥ ਚਲਾ ਜਾਵੇਗਾ। ਇਨ੍ਹਾਂ ਤੋਂ ਬਾਅਦ ਭਾਈ ਸਾਹਿਬ ਭਾਈ ਕੁਲਤਾਰ ਸਿੰਘ ਜੀ ਨੇ ਆਪਣੀ ਹਾਜ਼ਰੀ ਲਗਵਾਈ।



ਸੱਚਖੰਡਵਾਸੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

ਇਸ ਉਪਰੰਤ ਸੰਤ ਬਾਬਾ ਮਹਿੰਦਰ ਸਿੰਘ ਜੀ ਲੰਬਿਆਂ ਨੇ ਹਰੀ ਜਸ ਸਰਵਣ ਕਰਵਾਇਆ ''ਜਿਨ੍ਹਾਂ ਆਇਆਂ ਤੋਂ ਜਗਤ ਤਰ ਜਾਵੇ ਧੰਨ ਧੰਨ ਆਉਣਾ ਉਨ੍ਹਾਂ ਦਾ'' ਧਾਰਨਾ ਨਾਲ ਉਨ੍ਹਾਂ ਨੇ ਆਪਣੀ ਵਿਚਾਰ ਸ਼ੁਰੂ ਕੀਤੀ। ਉਨ੍ਹਾਂ ਨੇ ਕਿਹਾ ਕਿ ਸਾਧੂ ਜੀਵਾਂ ਨੂੰ ਭਗਤੀ ਦਾ ਦਾਨ ਦੇਣ ਲਈ ਆਉਂਦੇ ਜੋ ਸਾਨੂੰ ਕਲਗੀਧਰ ਪਾਤਸ਼ਾਹ ਜੀ ਨੇ ਬਖਸ਼ਿਸ਼ ਕੀਤਾ ਹੈ। ਉਨ੍ਹਾਂ ਨੇ ਪਿਤਾ ਜੀ (ਸੰਤ ਬਾਬਾ ਵਰਿਆਮ ਸਿੰਘ ਜੀ) ਬਾਰੇ ਕਿਹਾ ਕਿ ਕਿਦਾਂ ਇਨ੍ਹਾਂ ਨੇ ਰੋਪੜ ਦੇ ਇਲਾਕੇ ਵਿਚ ਪ੍ਰਚਾਰ ਕੀਤਾ, ਅੰਮ੍ਰਿਤ ਸੰਚਾਰ ਕਰਵਾਏ ਕਿਉਂਕਿ ਸਾਧੂ ਦਾ ਕੰਮ ਹੁੰਦਾ ਹੈ ਜੋ 'ਆਪ ਜਪੇ ਅਵਰਾ ਨਾਮ ਜਪਾਵੈ' 'ਕੋਈ ਜਨ ਹਰਿ ਸਿਉਂ ਦੇਵੈ ਜੋਰ ਚਰਨ ਗਹੁ ਬਕੋ ਸ਼ੁਭ ਰਸਨਾ ਦੀਜੈ ਪ੍ਰਾਨ ਅਧਾਰੈ' ਐਸਾ ਜੀਵਨ ਸੀ ਸੰਤ ਮਹਾਰਾਜ ਜੀ ਦਾ। ਸੰਤ ਮਹਾਰਾਜ ਜੀ ਨੇ ਸਾਰੀ ਉਮਰ ਇਕ ਮਹਾਂਪੁਰਸ਼ ਵੱਡੇ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਵਾਲਿਆਂ ਦੇ ਬਚਨਾਂ ਉਪਰ ਪਹਿਰਾ ਦਿਤਾ। ਉਨ੍ਹਾਂ ਨੇ ਕਿਹਾ ਕਿ ਸੰਸਾਰ ਅੰਦਰ ਦੋ ਤਰ੍ਹਾਂ ਦੇ ਲੋਕ ਹੁੰਦੇ ਹਨ। ਇਕ



ਪਰਮ ਸਤਿਕਾਰਯੋਗ ਸੰਤ ਮਾਤਾ ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ

ਤਾਂ ਉਹ ਜੋ ਆਪਣੇ ਮਹਾਂਪੁਰਸ਼ਾਂ ਦੀ ਕਮਾਈ ਨੂੰ ਸੰਭਾਲ ਲੈਂਦੇ ਹਨ ਅਤੇ ਦੂਸਰੇ ਉਹ ਜੋ ਮਿਟੀ ਵਿਚ ਰੋਲ ਦਿੰਦੇ ਹਨ। ਬਾਬਾ ਜੀ ਨੇ ਬਹੁਤ ਹੀ ਬਹੁ ਮੁੱਲੇ ਵਿਚਾਰ ਸਰਵਣ ਕਰਵਾਏ।

ਅਗਲਾ ਸਮਾਂ ਰਾੜਾ ਸਾਹਿਬ ਜੀ ਦੀ ਪਵਿੱਤਰ ਤਪੋ ਭੂਮੀ ਤੋਂ ਚਲ ਕੇ ਆਏ ਪਰਮ ਪੂਜਯ ਸਤਿਕਾਰਯੋਗ ਸੰਤ ਬਾਬਾ ਕੁਲਵੰਤ ਸਿੰਘ ਜੀ ਦਾ ਸੀ। ਆਪ ਜੀ ਨੇ ਆਪਣੇ ਪ੍ਰਵਚਨ " ਧੰਨ ਧੰਨ ਨੇ ਜਣੇਦੀਆਂ ਮਾਵਾਂ ਜਿਨ੍ਹਾਂ ਦੇ ਬੱਚੇ ਨਾਮ ਜਪਦੇ" ਧਾਰਨਾਂ ਪੜ੍ਹ ਕੇ ਸ਼ੁਰੂ ਕੀਤੇ ਅਤੇ ਫੁਰਮਾਇਆ ਕਿ ਸਤਿਗੁਰ ਜੀ ਨੇ ਤਿੰਨ ਮਾਵਾਂ ਨੂੰ ਧੰਨਤਾ ਯੋਗ ਕਿਹਾ ਹੈ ਜਿਨ੍ਹਾਂ ਦੇ ਬੱਚੇ ਨਾਮ ਜਪਦੇ ਹਨ ਉਹ ਕੁਲ ਭਲੀ ਹੈ ਉਹ ਕੁਲ ਸਫਲੀ ਹੋ ਜਾਂਦੀ ਹੈ। ਗੁਰੂ ਅਮਰਦਾਸ ਮਹਾਰਾਜ ਜੀ ਦਾ ਹਵਾਲਾ ਦੇ ਕੇ ਫੁਰਮਾਇਆ ਹੈ ਕਿ ਉਨ੍ਹਾਂ ਦੀ ਉਪਮਾਂ ਕਹੀ ਨਹੀਂ ਜਾ ਸਕਦੀ "ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾਂ ਤੋਹਿ ਬਨਿ ਆਵੈ" ਜਿਸ ਕੁਲ ਵਿਚ ਨਾਮ ਜਪਣ ਵਾਲਾ ਅਵਤਾਰ ਪੈਦਾ ਹੁੰਦਾ ਹੈ ਉਹ ਕੁਲ ਸਕਾਰਥ ਹੋ ਜਾਂਦੀ ਹੈ। ਪਰ ਜਿਹੜੀ ਕੁਲ ਵਿਚ ਨਾਮ ਜਪਣ ਵਾਲਾ ਪੈਦਾ ਨਹੀਂ ਹੁੰਦਾ ਉਹ ਕੁੱਲ ਨੂੰ ਤਾਂ ਜਿਵੇਂ ਢਾਕ ਪਲਾਸ ਕਿਹਾ ਜਾਂਦਾ ਹੈ, ਫ਼ਜ਼ੂਲ ਹੋਇਆ ਕਰਦੀ ਹੈ। ਆਪ ਜੀ ਨੇ ਮਹਾਂਪੁਰਖਾਂ ਦੇ ਪ੍ਰਕਾਸ਼ ਦਿਹਾੜੇ ਦੀ ਸਭ ਨੂੰ ਵਧਾਈ ਦਿਤੀ ਅਤੇ ਕਿਹਾ ਕਿ ਐਸੇ ਮਹਾਂਪੁਰਸ਼ ਦਾ ਸੰਸਾਰ ਤੇ ਆਉਣਾ ਮੁਬਾਰਕ ਹੈ ਅਤੇ "ਜੰਮਣ ਮਰਨ ਨਾ ਤਿਨ ਕੋਉ ਜੋ ਹਰ ਲੜ ਲਾਗੇ" ਨਾਲ ਆਪਣੀ ਵਿਚਾਰ ਸੰਕੋਚ ਲਈ।

ਇਸ ਲੜੀ ਨੂੰ ਅੱਗੇ ਤੋਰਦਿਆਂ, ਅਗਲਾ ਸਮਾਂ ਸਵਾਮੀ ਰਾਮ ਚੇਤਨ ਜੀ ਨੇ ਆਪਣੇ ਵਿਚਾਰ ਸੰਗਤਾਂ ਵਿਚ ਰੱਖੇ 'ਸਤਿਨਾਮ ਸਤਿਨਾਮ ਸਤਿਨਾਮ ਜੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ ਦੀ ਮਧੁਰ ਧੁੰਨ ਵਿਚ ਸੰਗਤਾਂ ਨੂੰ ਜਾਪ ਕਰਵਾਇਆ। ਉਨ੍ਹਾਂ ਕਿਹਾ ਕਿ "ਐਸੇ ਮਹਾਂਪੁਰਸ਼ੋਂ ਕੇ ਚਰਨੋਂ ਮੈਂ ਜੋ ਵੀ ਹਮਾਰੀ ਭੇਂਟ ਹੋਗੀ ਵੋ ਤੁਛ ਹੋਗੀ। ਪਹਿਲੇ ਵੋ ਆਪ ਸਭ ਕੇ ਬੀਚ ਥੇ, ਸਾਕਾਰ ਸਰੂਪ ਮੈਂ, ਔਰ ਆਪ ਸਭ ਕੇ ਹਿਰਦੇ ਕੇ ਮਧਿਆ ਮੈਂ ਹੈਂ। ਸਤਿਆ ਕਾ ਕਭੀ ਨਾਸ਼ ਨਹੀਂ ਹੋਤਾ ਯੇ ਉਨ ਮਹਾਂਪੁਰਸ਼ੋਂ ਕੀ ਕ੍ਰਿਪਾ ਹੈ ਕਿ ਉਨ ਕੀ ਛੱਤਰ ਛਾਇਆ ਮੈਂ ਹਮ ਬੈਠੇ ਹੈਂ। ਜੋ ਕੁਛ ਵੈ ਬੋਲਤੇ ਹੈਂ ਵੋ ਗ੍ਰੰਥ ਹੋ ਜਾਤਾ ਹੈ ਔਰ ਮਹਾਂਪੁਰਸ਼ ਤੋ ਕਾਲ ਕੋ ਵੀ ਚੈਲੇਂਜ ਦੇਤੇ ਹੈ। ਉਨ ਕਾ ਜਨਮ ਸਮਾਨਿਆ ਜੀਵਨ ਜੈਸਾ ਨਹੀਂ ਹੋਤਾ। ਉਨੋ ਨੇ ਆਪਣੀ ਸ਼ਰਧਾਂਜਲੀ ਭੇਂਟ ਕਰਦੇ ਹੋਏ ਕਿਹਾ ਕਿ ਮੈਂ ਤੋਂ ਯਹੀ ਕਾਮਨਾ ਕਰਤਾ ਹੂੰ ਕਿ ਮਹਾਰਾਜ ਜੀ ਆਪਣੀ ਕਿਰਪਾ ਆਪਣੇ ਭਗਤ ਜਨੋਂ ਪਰ ਭਣਾਏ ਰਖੇ।

ਸਵਾਮੀ ਰਾਮ ਜੀ ਤੋਂ ਬਾਅਦ ਸੰਤ ਦਲਬੀਰ ਸਿੰਘ ਜੀ ਢਿਡਾ ਸਾਹਿਬ ਵਾਲਿਆਂ ਨੇ ਸੰਗਤਾਂ ਦੇ ਦਰਸ਼ਨ ਕੀਤੇ ਉਨ੍ਹਾਂ ਦੇ ਨਾਲ ਆਏ ਸਿੰਘਾਂ ਨੇ ਕੁਝ ਕੁ ਮਿੰਟ ਆਪਣੇ ਵਿਚਾਰ ਸੰਗਤਾਂ ਵਿਚਕਾਰ ਰੱਖੇ ਅਤੇ ਕਿਹਾ ਕਿ 'ਸਾਧ ਕੇ ਸੰਗ ਨਹੀਂ ਕਿਛ ਘਾਲ ਦਰਸ਼ਨ ਭੇਟਤ ਹੋਏ ਨਿਹਾਲ' ਸਾਧੂ ਦਾ ਸੰਗ ਇਕ ਪਲ ਲਈ ਹੋ ਜਾਵੇ, ਉਸ ਦੇ ਤੁਲ ਕੁਝ ਨਹੀਂ ਹੈ। ਕਈ ਰੂਹਾਂ ਦਰਸ਼ਨ ਕਰਕੇ ਹੀ ਲਾਭ ਉਠਾ ਜਾਂਦੀਆਂ ਹਨ ਕਈਆਂ ਦਾ ਜਨਮਾਂ ਨਾਲ ਵੀ ਕੁਝ ਨਹੀਂ ਬਣਦਾ, ਪਰ ਕਈਆਂ ਲਈ ਇਕ ਪਲ ਹੀ ਬਹੁਤ ਹੁੰਦਾ ਹੈ। 'ਕਰੋ ਜਤਨ ਜੇ ਹੋਏ ਮੇਹਰਵਾਨਾ' ਪਰ ਸਾਧੂ ਵੀ ਪੂਰਾ ਹੋਣਾ ਚਾਹੀਦਾ ਹੈ ਅਤੇ ਇਕ ਧਾਰਨਾਂ ਪੜ੍ਹੀ 'ਮੈਨੂੰ ਉਨ੍ਹਾਂ ਦੇ ਦਿਦਾਰ ਕਰਵਾਓ ਜਿਹੜੇ ਤੇਰਾ ਨਾਮ ਜਪਦੇ'।

ਅਗਲਾ ਸਮਾਂ ਸੰਤ ਬਾਬਾ ਕੁਲਦੀਪ ਸਿੰਘ ਜੀ ਮਜਾਰੀ ਵਾਲੇ ਦਾ ਸੀ। 'ਧੰਨ ਧੰਨ ਧੰਨ ਜਨ ਆਇਆ" ਸ਼ਬਦ ਨਾਲ ਆਪ ਜੀ ਨੇ ਆਪਣੇ ਬਚਨਾਂ ਦੀ ਸ਼ੁਰੂਆਤ



ਪਰਮ ਸਤਿਕਾਰਯੋਗ ਸੰਤ ਮਾਤਾ ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਵਾਲੇ ਕੇਕ ਕੱਟਦੇ ਹੋਏ ਨਾਲ ਹਨ ਸੰਤ ਬਾਬਾ ਹਰਪਾਲ ਸਿੰਘ ਜੀ

ਕੀਤੀ। ਸੰਤ ਮਹਾਰਾਜ ਜੀ ਦੀ ਉਸਤਤ ਕਰਦਿਆਂ ਇਹ ਧਾਰਨਾ ਪੜ੍ਹੀ, "ਮੇਰੇ ਬਾਬਾ ਜੀ ਜਗਤ ਵਿਚ ਆਏ ਅੱਜ ਦਿਨ ਭਾਗਾਂ ਵਾਲਾ ਹੈ"। ਉਨ੍ਹਾਂ ਕਿਹਾ ਕਿ ਪਿਆਰਿਓ ਇਹ ਆਤਮ ਮਾਰਗ ਉਸ ਪਿਆਰੇ ਦੀ ਚਿਠੀ ਹੈ। ਜਿਦਾਂ ਕਿਸੇ ਔਰਤ ਦਾ ਪਤੀ ਕਿਤੇ ਬਾਹਰ ਗਿਆ ਹੋਵੇ ਤੇ ਉਹ ਉਸ ਦੀ ਚਿੱਠੀ, ਟੈਲੀਫੋਨ ਆਦਿ ਦੀ ਉਡੀਕ ਕਰਦੀ ਹੈ ਇਹ ਆਤਮ ਮਾਰਗ ਵੀ ਮਹਾਂਪੁਰਖਾਂ ਦੀ ਚਿਠੀ ਹੀ ਹੈ ਜੋ ਹਰ ਮਹੀਨੇ ਤੁਹਾਡੇ ਕੋਲ ਪਿਆਰੇ ਸੰਦੇਸ਼ ਲੈ ਕੇ ਪਹੁੰਚਦੀ ਰਹਿੰਦੀ ਹੈ। "ਆਤਮ ਮਾਰਗ ਹੈ ਪਿਆਰੇ ਦੀ ਨਿਸ਼ਾਨੀ ਸਾਂਭ ਸਾਭ ਰੱਖਿਓ ਪਿਆਰਿਓ" ਇਸ ਧਾਰਨਾਂ ਨਾਲ ਆਪਣੇ ਪਰਵਚਨ ਸੰਕੋਚੇ।

ਇਨ੍ਹਾਂ ਤੋਂ ਮਗਰੋਂ ਸੰਤ ਬਾਬਾ ਅਵਤਾਰ ਸਿੰਘ ਜੀ ਧੂਲਕੋਟ ਵਾਲਿਆਂ ਨੇ "ਮਨ ਚਾਉ ਭਇ ਪ੍ਰਭ ਆਗਮ ਸੁਣਿਆ" ਸ਼ਬਦ ਨਾਲ ਸੰਗਤਾਂ ਨਾਲ ਗੁਰ ਸ਼ਬਦ ਦੀ ਸਾਂਝ ਪਾਈ। ਦੋ ਧਾਰਨਾਵਾਂ "ਸਾਧੂਆਂ ਨੂੰ ਜੀ ਰੱਬ ਭੇਜਦੈ, ਜੀਵ ਬੰਨੇ ਹੋਏ ਕਰਮਾਂ ਦੇ ਆਉਂਦੇ ਨੇ" ਅਤੇ "ਸਤਿਗੁਰ ਮਹਾਂਪੁਰਸ਼ ਹਨ ਪਾਰਸ ਕੰਚਨ ਕਰਦੇ ਲੋਹੇ ਨੂੰ" ਪੜ੍ਹ ਕੇ ਆਪਣੀ ਹਾਜ਼ਰੀ ਲਗਵਾਈ।

ਫਿਰ ਸੰਤ ਬਾਬਾ ਸੁਰਜਣ ਸਿੰਘ ਜੀ ਫੂਲ ਵਾਲਿਆਂ ਨੇ ਵੀ ਕੁਝ ਕੁ ਮਿੰਟ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਸੰਤ ਮਹਾਰਾਜ ਜੀ ਦੇ ਆਗਮਨ ਪੁਰਵ ਦੇ ਵਧਾਈ ਦਿਤੀ। ਇਨ੍ਹਾਂ ਤੋਂ ਬਾਅਦ ਸੰਤ ਬਾਬਾ ਹਰਜਿੰਦਰ ਸਿੰਘ ਜੀ ਧਬਲਾਨ ਵਾਲਿਆਂ ਨੇ ਭਗਤ ਕਬੀਰ ਜੀ ਦੇ ਸਲੋਕ, 'ਸੋਈ ਕੁਲ ਧੰਨ ਹੈ ਜਿਹ ਹਰਿ ਕੇ ਦਾਸ' ਆਪਣਾ ਵਖਿਆਨ ਸ਼ੁਰੂ ਕੀਤਾ ਸੰਗਤਾਂ ਨੂੰ ਵਧਾਈ ਦਿਤੀ ਅਤੇ 'ਜੀਵ ਬੰਧੇ ਕਰਮਾਂ ਦੇ ਆਉਦੇ ਨੇ, ਸਾਧੂ ਭੇਜੇ ਆਪ ਰੱਬ ਨੇ ਨਾਲ ਸੰਗਤਾਂ ਵਿਦਾ ਲਿਤੀ।

ਰਾੜਾ ਸਾਹਿਬ ਤੋਂ ਆਏ ਸੰਤ ਬਾਬਾ ਅਮਰ ਸਿੰਘ ਜੀ ਨੇ ਵੀ ਆਪਣੇ ਕੀਮਤੀ ਬਚਨ ਸੰਗਤਾਂ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਕਿਦਾਂ ਮਹਾਂਪੁਰਸ਼ਾਂ ਨੇ ਗੁਜਰਾਤ, ਜੰਮੂ ਕਸ਼ਮੀਰ, ਤਾਮਿਲਨਾਡੂ ਵਿਚ ਜਾ ਕੇ ਪੀੜਤ ਪ੍ਰਣੀਆਂ ਦੀ ਸੇਵਾ ਕੀਤੀ ਮਹਾਂਪੁਰਸ਼ ਦੁਖੀਆਂ ਨੂੰ ਦੇਖ ਕੇ ਦੁਖੀ ਹੁੰਦੇ ਸੁਖੀਆਂ ਨੂੰ ਵੇਖ ਕੇ ਸੁਖੀ ਹੁੰਦੇ ਅਤੇ ਸੰਤ ਮਹਾਰਾਜ ਜੀ ਐਸੀ ਹੀ ਪ੍ਰੰਪਰਾ ਚਲਾ ਗਏ ਜੋ 'ਜੋਤਾਂ ਆਉਂਦੀਆਂ ਨੇ ਸੱਚੀ ਦਰਗਾਹ ਤੋਂ ਦੁਨੀਆਂ ਦੇ ਤਾਰਨੇ ਨੂੰ' ਸੰਗਤਾਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਆਪਣੇ ਪ੍ਰਵਚਨ ਸਮਾਪਤ ਕੀਤੇ।

ਇਸ ਤੋਂ ਅਗਲੇ ਸਮੇਂ ਵਿਚ ਸੰਤ ਬਾਬਾ ਪਰਮਿੰਦਰ ਸਿੰਘ ਸੰਧੂਆਂ ਵਾਲਿਆਂ ਨੇ ਸੰਗਤਾਂ ਨੂੰ ਸਬੋਧਨ ਕਰਦਿਆਂ ਕਿਹਾ ਕਿ ਸਭ ਸੰਗਤਾਂ ਨੂੰ ਮਹਾਂਪੁਰਖਾਂ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਹੋਣ। ਉਨ੍ਹਾਂ ਤੋਂ ਬਾਅਦ ਸੰਤ ਸਤਿਨਾਮ ਸਿੰਘ ਜੀ ਪੋਹਲੋ ਮਾਜਰੇ ਵਾਲਿਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਸਮਾਂ ਲੰਘਦਾ ਜਾ ਰਿਹਾ ਸੀ ਐਨੇ ਮਹਾਂਪੁਰਖ ਸਟੇਜ ਤੇ ਘੰਟਿਆਂ ਬੱਧੀ ਮਿਲ ਕੇ ਸਤਿ ਪੁਰਸ਼ਾਂ ਦੀ ਉਸਤਤ ਕਰਦੇ ਰਹੇ। ਸ਼ਾਮ ਦੇ ਚਾਰ ਵੱਜ ਚੁਕੇ ਸਨ, ਪਰ ਸੰਗਤਾਂ ਦੇ ਅੰਦਰ ਜੋ ਉਸ ਪਿਆਰੇ ਲਈ ਪਿਆਰ ਸੀ, ਉਹ ਵੇਖਿਆ ਹੀ ਬਣਦਾ ਸੀ। ਸਭ ਸੰਗਤਾਂ ਦੇ ਅੰਦਰ ਧਾਂਗ ਸੀ ਕਿ ਬਾਬਾ ਹਰਪਾਲ ਸਿੰਘ ਜੀ ਜਰੂਰ ਸੰਗਤਾਂ ਨਾਲ ਕੁਝ ਪਲ ਸਾਂਝੇ ਕਰਨ ਨਾਲੇ ਸੰਤ ਮਹਾਰਾਜ ਜੀ ਦੇ ਸਮੇਂ ਤੋਂ ਹੀ ਆਸ਼ਰਮ ਦੀ ਐਸੀ ਪ੍ਰੰਪਰਾ ਚਲੀ ਆ ਰਹੀ ਹੈ ਕਿ ਅਸਥਾਨ ਦੇ ਮੁੱਖ ਸੇਵਾਦਾਰ ਹੀ ਪ੍ਰੋਗਰਾਮ ਦੀ ਸਮਾਪਤੀ ਕਰਦੇ ਹਨ। ਬਾਬਾ ਹਰਪਾਲ ਸਿੰਘ ਜੀ ਨੇ ਆਈ ਸਾਰੀ ਸੰਗਤ ਅਤੇ ਮਹਾਂਪੁਰਖਾਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਨੂੰ ਮਹਾਂਪੁਰਖਾਂ ਦੀਆਂ ਉਹ ਯਾਦਾਂ ਤਾਜੀਆਂ ਕਰਵਾ ਦਿਤੀਆਂ। ਆਪ ਜੀ ਨੇ ਕਿਹਾ ਕਿ ਕਿਦਾਂ ਪਰਮ ਪਿਆਰੇ ਬੀਜੀ ਦੇ ਆਦੇਸ਼ਾਂ ਤੋਂ ਇਹ ਦੋ ਦਿਹਾੜੇ 17 ਜੂਨ, ਸੰਤ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਅਤੇ 31 ਅਕਤੂਬਰ ਸੰਤ ਮਹਾਰਾਜ ਜੀ ਦਾ ਮਹਾਂਸਮਾਧੀ ਦਿਨ ਅਸਥਾਨ ਤੇ ਹਰ ਸਾਲ ਮਨਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਕਿਦਾਂ ਬੀਜੀ ਅਤੇ ਮਹਾਰਾਜ ਜੀ ਨੇ ਸੰਸਾਰ ਦੇ ਕੋਨੇ ਕੋਨੇ ਵਿਚ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ। 1986 ਵਿਚ ਆਸ਼ਰਮ ਬਣਨਾ ਸ਼ੁਰੂ ਹੋਇਆ। ਬੜੇ ਭਰੇ ਮਨ ਨਾਲ ਆਪ ਜੀ ਨੇ ਕਿਹਾ ਸੰਤ ਮਹਾਰਾਜ ਜੀ ਦੇ ਸਰੀਰ ਦੀ ਗੈਰ ਹਾਜ਼ਰੀ ਵਿਚ ਇਹ ਦਿਹਾੜੇ ਮਨਾਉਣੇ ਕਿੰਨੇ ਆਉਖੇ ਲਗਦੇ ਹਨ। ਉਹ ਵੀ ਸਮਾਂ ਸੀ ਜਦੋਂ ਆਪ ਜੀ ਸਰੀਰ ਕਰਕੇ ਹਾਜਰ ਹੁੰਦੇ ਸਨ। ਸੰਤ ਮਹਾਰਾਜ ਦੇ ਵਿਛੋੜੇ ਵਿਚੋਂ ਉਭਰਨਾ ਕਿਸੇ ਪ੍ਰੇਮੀ ਲਈ ਅਸਾਨ ਨਹੀਂ। ਉਹ ਸਦਮਾਂ ਬਹੁਤ ਡੂੰਘਾ ਹੈ ਉਨ੍ਹਾਂ ਕਿਹਾ ਕਿ ਸਾਡਾ ਇਹ ਫਰਜ ਬਣਦਾ ਹੈ ਜਿਸ ਮਹਾਂਪੁਰਖ ਨੇ ਸਾਨੂੰ ਜੀਅ ਦਾਨ ਸਾਡੇ ਲਈ ਆਪਣਾ ਜੀਵਨ ਲਾਇਆ ਉਸ ਦੀ ਯਾਦ ਮਨਾਈ ਜਾਵੇ।

ਉਸ ਤੋਂ ਬਾਅਦ ਸੰਤ ਬਾਬਾ ਗੁਰਪਾਲ ਸਿੰਘ ਜੀ ਉਨ੍ਹਾਂ ਨੇ 'ਧਰਮ ਰਾਜਾ ਵੀ ਕਰੂਗਾ ਸੇਵਾ ਸਾਧੂਆਂ ਦੇ ਸੰਗੀਆਂ ਦੀ' ਨਾਲ ਪ੍ਰੋਗਰਾਮ ਸ਼ੁਰੂ ਕੀਤਾ ਉਨ੍ਹਾਂ ਦੱਸਿਆ ਕਿ ਕਿਦਾਂ ਸੰਤ ਮਹਾਂਪੁਰਸ਼ਾਂ ਦਾ ਪਿਆਰ ਸੰਗਤਾਂ ਨੇ ਰੱਜ ਰੱਜ ਕੇ ਮਾਣਿਆਂ ਹੈ ਜਿਵੇਂ ਮਹਾਰਾਜ ਜੀ ਕਹਿੰਦੇ ਸਨ ਕਿ ਪਿਆਰਿਓ ਅਸਥਾਨ ਨਾ ਛੱਡਿਓ। ਮਹੀਨੇ ਵਿਚ ਘੱਟੋ ਘੱਟ ਇਕ ਵਾਰੀ ਰਤਵਾੜਾ ਸਾਹਿਬ ਜਰੂਰ ਜਾਇਓ ਕਿਉਂਕਿ ਸ਼ਾਂਝ ਬਣੀ ਰਹਿੰਦੀ ਹੈ ਕਿਉਂਕਿ ਸਾਂਝ ਬਣੀ

ਰਹਿੰਦੀ ਹੈ ਉਨ੍ਹਾਂ ਨੇ ਸੰਤ ਮਹਾਰਾਜ ਜੀ ਦੇ ਬਚਨ ਯਾਦ ਕਰਵਾਏ। ਸੰਤ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਜੋ ਵੀ ਗੁਰਸਿਖੀ ਦੇ ਮਾਰਗ ਤੇ ਚਲਦਾ ਹੈ, ਗੁਰ ਮਰਿਆਦਾ ਨਾਲ ਜੀਵਨ ਬਤੀਤ ਕਰਦਾ ਹੈ, ਉਹ ਗੁਰੂ ਦੇ ਦੇਸ਼ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਿਆਰ ਦੀ ਡੋਰੀ ਹੈ ਦੇਖਿਓ ਬਹੁਤ ਨਾਜ਼ੁਕ ਹੁੰਦਾ ਹੈ। ਗੁਰੂ ਹੀ ਕ੍ਰਿਪਾ ਕਰਨ ਅੰਤ ਤੱਕ ਨਿਭਾਅ ਲੈਣ ਉਨ੍ਹਾਂ ਬੜੇ ਭਰੇ ਮਨ ਨਾਲ ਕਿਹਾ ਕਿ ਮੈਨੂੰ ਸਵੇਰ ਤੋਂ ਪ੍ਰੇਮੀ ਵਧਾਈਆਂ ਦੇ ਰਹੇ ਹਨ ਅਤੇ ਮੈਂ ਕਿਹਾ ਇਹ ਵਧਾਈ ਤਾਂ ਠੀਕ ਹੈ ਪਰ ਉਹ ਸਰੀਰ ਤਾਂ ਹੈ ਨਹੀਂ ਸਭ ਪ੍ਰੇਮੀਆਂ ਦੇ ਨੇਤਰ ਨਮ ਹੋ ਗਏ ਉਹ ਧਿਆਨ ਮੂਰਤੀ ਜਿਸ ਦੀ ਯਾਦ ਜਿਸ ਦਾ ਅਕਾਰ ਦਰਸ਼ਨ ਨਹੀਂ ਹੋ ਰਿਹਾ, ਸਭ ਬਹੁਤ ਗਹਿਰੇ ਆਪਣੇ ਪਿਆਰੇ ਦੇ ਧਿਆਨ ਵਿਚ ਜਾ ਪਹੁੰਚੇ। ਬਾਬਾ ਜੀ ਨੇ ਧਾਰਨਾਂ ਪੜ੍ਹੀ 'ਮਨ ਲੋਚਦਾ ਤਰਸ ਦੀਆਂ ਅੱਖੀਆਂ, ਤੇਰਿਆਂ ਦਿਦਾਰਿਆਂ ਨੂੰ'। ਕੋਈ ਦਿਲ ਐਸਾ ਨਹੀਂ ਸੀ ਜਿਸ ਨੂੰ ਚੋਟ ਨਾ ਪਹੁੰਚੀ ਹੋਵੇ। ਪਿਆਰੇ ਦਾ ਪ੍ਰੇਮ ਹੈ ਹੀ ਐਸਾ, ਉਸ ਦੀ ਯਾਦ ਹੈ ਹੀ ਐਸੀ। ਸਮਝ ਨਹੀਂ ਸੀ ਪੈ ਰਹੀ ਕਿ ਦਿਹਾੜਾ ਖੁਸ਼ੀ ਦਾ ਹੈ ਜਾਂ ਗਮ ਦੇ ਰਿਹਾ ਹੈ ਪ੍ਰੇਮੀਆਂ ਦੀਆਂ ਅੱਖਾਂ ਵਿਚੋਂ ਬਹਿੰਦੇ ਹੰਝੂ ਮਾਨੋ ਆਪਣੇ ਪਿਆਰੇ ਨੂੰ ਬੇਨਤੀਆਂ ਕਰਦੇ ਜਾਪ ਰਹੇ ਸਨ ਕਿ ਜਿਸ ਦੀ ਯਾਦ ਮਨਾਈ ਜਾ ਰਹੀ ਹੈ, ਉਸ ਦੇ ਦਿਦਾਰ ਬਿਨ੍ਹਾਂ ਸਭ ਕੁਝ ਅਧੂਰਾ ਅਧੂਰਾ ਹੀ ਹੈ। ਸਭ ਕੁਝ ਹੈ ਪਰ ਫਿਰ ਇਕ ਕਮੀਂ ਦਿਲ ਨੂੰ ਚੀਰਦੀ ਹੈ। ਪ੍ਰੇਮੀਆਂ ਦੇ ਨੇਤਰਾਂ ਦੀ ਉਦਾਸੀ ਉਨ੍ਹਾਂ ਦੇ ਦਿਲ ਦਾ ਹਾਲ ਉਨ੍ਹਾਂ ਦੀ ਜੁਵਾਨ ਤੋਂ ਬੇਹਤਰ ਬਿਆਨ ਕਰਦੀ ਰਹੀ ਸੂਰਜ ਢਲਣ ਤੇ ਆ ਗਿਆ ਸੀ ਬਾਬਾ ਜੀ ਨੇ ਵਾਹਿਗੁਰੂ ਦਾ ਜਾਪ ਕਰਵਾ ਕੇ ਫਿਰ ਤੋਂ ਨਾਮ ਦੀ ਉਹ ਧੁੰਨ ਦਾ ਧਿਆਨ ਕਰਵਾਇਆ ਜੋ ਪਿਤਾ ਜੀ ਕਰਵਾਉਂਦੇ ਸਨ। ਗੁਰ ਸਤੋਤਰ, ਅਨੰਦ ਸਾਹਿਬ ਜੀ ਦਾ ਪਾਠ ਹੋਇਆ, ਅਰਦਾਸ ਹੋਈ, ਸਤਿਗੁਰ ਜੀ ਨੇ ਪਵਿੱਤਰ ਹੁਕਮਨਾਮੇ ਬਖਸ਼ਿਸ਼ ਕੀਤੇ।

***ਸੋਰਠਿ ਮਹਲਾ ੫***
***ਗੁਰਿ ਪੂਰੈ ਕਿਰਪਾ ਧਾਰੀ॥ ਪ੍ਰਭਿ ਪੂਰੀ ਲੋਚ ਹਮਾਰੀ॥ ਕਰਿ ਇਸਨਾਨੁ ਗ੍ਰਿਹਿ ਆਏ॥ ਅਨਦ ਮੰਗਲ ਸੁਖ ਪਾਏ॥ ਸੰਤਹੁ ਰਾਮ ਨਾਮਿ ਨਿਸਤਰੀਐ॥ ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ॥ ਰਹਾਉ॥ ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥ ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ॥ ਉਸਤਤਿ ਕਰਹ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ॥ ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ॥ ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ॥ ਖੋਏ ਪਾਪ ਭਏ ਪਾਵਨ ਜਨ ਨਾਨਕ ਸੁਖਿ ਘਰਿ ਆਇਆ॥***

ਸਮਾਪਤੀ ਹੋਈ, ਸਤਿ ਗੁਰੂ ਜੀ ਆਪਣੇ ਰਾਜ ਮਹਿਲਾਂ ਨੂੰ ਵਿਦਾ ਹੋਏ ਲੰਗਰਾਂ ਦੇ ਭੰਡਾਰੇ ਸਾਰਾ ਦਿਨ ਅਤੁੱਟ ਵਰਤਦੇ ਰਹੇ। ਸਤਿਕਾਰ ਯੋਗ ਬੀਜੀ ਨੇ ਵੀ ਕਈ ਘੰਟੇ ਸੰਗਤਾਂ ਨੂੰ ਦਰਸ਼ਨ ਦਿਤੇ। ਅਸੀਸਾਂ, ਪਿਆਰ, ਸਭ ਕੁਝ ਸੰਗਤਾਂ ਦੀ ਝੋਲੀ ਪਿਆ। ਮੈਂ ਕਈ ਵਾਰ ਸੰਤ ਮਹਾਰਾਜ ਜੀ ਕੋਲ ਜਾਂਦੀ ਸੀ ਤਾਂ ਅਕਸਰ ਉਹ ਐਨੀਆਂ ਬਖਸ਼ਿਸ਼ਾਂ ਕਰ ਦਿੰਦੇ ਕਿ ਝੋਲੀ ਹੀ ਛੋਟੀ ਰਹਿ ਜਾਂਦੀ ਸੀ। ਬਹੁਤ ਬੇਅੰਤ-ਤਾਈ ਹੈ, ਉਸ ਦੇ ਦਰ ਤੇ, ਉਸ ਦੇ ਦਰ ਵਿਚ ਐਨਾ ਵਿਸ਼ਾਲ ਹਿਰਦਾ ਹੈ। ਉਸ ਸਤਿਗੁਰੂ ਦਾ। ਆਪ ਜੀ ਦੀ ਕ੍ਰਿਪਾ ਨਾਲ ਸਾਰੇ ਕਾਰਜ ਨਿਰਵਿਘਨ ਸਮਾਪਤ ਹੋਏ। ਸ਼ੁਕਰ ਹੈ ਉਸ ਮਾਲਕ ਦਾ ਉਸ ਨੇ ਐਸਾ ਪਿਆਰਾ ਸਮਾਂ ਬਖਸ਼ਿਆ, ਉਸ ਦੀਆਂ ਯਾਦਾਂ ਮਨਾਈਆਂ ਗਈਆਂ। ਉਸ ਪਿਆਰੇ ਦੇ ਆਗਮ ਦੀ ਸਾਰਿਆਂ ਨੂੰ ਲੱਖ ਲੱਖ ਵਧਾਈ ਹੋਵੇ। ਸਤਿਗੁਰੂ ਕ੍ਰਿਪਾ ਕਰਨ, ਉਨ੍ਹਾਂ ਦੇ ਪਿਆਰ ਅੰਦਰ ਹੀ ਇਹ ਜੀਵਨ ਲਗ ਜਾਏ।

*******

## ਜ਼ਰੂਰੀ ਸੂਚਨਾ

**1. ਜਿਨ੍ਹਾਂ ਪ੍ਰੇਮੀਆਂ ਦਾ ਸਾਲ ਦਾ ਚੰਦਾ ਖਤਮ ਹੋ ਚੁਕਾ ਹੈ ਉਹ, ਜਿਹੜਾ ਪ੍ਰੇਮੀ ਆਪ ਜੀ ਕੋਲ ਮੈਗਜ਼ੀਨ ਪਹੁੰਚਾਉਣ ਦੀ ਸੇਵਾ ਕਰਦਾ ਹੈ ਉਸ ਕੋਲ ਚੰਦਾ ਭੇਜਣ ਦੀ ਕ੍ਰਿਪਾਲਤਾ ਕਰਨ ਜਾਂ ਆਤਮ ਮਾਰਗ ਮੈਗਜ਼ੀਨ ਤੇ ਦਿਤੇ ਮੋਬਾਇਲ ਨੰਬਰਾਂ ਤੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰਨ।**

**2. ਜਿਹੜੇ ਪ੍ਰੇਮੀਆਂ ਕੋਲ ਮੈਗਜ਼ੀਨ ਡਾਕ ਰਾਹੀਂ ਨਿਰੰਤਰ ਪਹੁੰਚ ਰਿਹਾ ਹੈ ਉਨ੍ਹਾਂ ਨੂੰ ਬੇਨਤੀ ਹੈ ਕਿ ਮਨੀਆਰਡਰ ਜਾਂ ਡਰਾਫਟ ਰਾਹੀਂ ਆਤਮ ਮਾਰਗ ਦੀ ਰਿਨਿਊਵਲ ਭੇਜ ਸਕਦੇ ਹਨ।**

**3. ਜਿਨ੍ਹਾਂ ਪ੍ਰੇਮੀਆਂ ਕੋਲ ਮੈਗਜ਼ੀਨ ਨਹੀਂ ਪਹੁੰਚ ਰਿਹਾ ਉਹ ਆਤਮ ਮਾਰਗ ਦੇ ਦਿਤੇ ਸੰਪਰਕ ਨੰਬਰਾਂ ਤੇ ਕਿਸੇ ਟਾਈਮ ਵੀ ਸੰਪਰਕ ਕਰਕੇ ਆਪਣਾ ਮੈਗਜ਼ੀਨ ਮੰਗਵਾ ਸਕਦੇ ਹਨ ਵਿਦੇਸ਼ਾਂ ਵਿਚ ਰਹਿਣ ਵਾਲੇ ਪ੍ਰੇਮੀ ਈਮਲ ਰਾਹੀਂ ਮੇਲ ਭੇਜ ਸਕਦੇ ਹਨ।**

**4. ਅੰਮ੍ਰਿਤ ਅਭਿਲਾਖੀ ਪ੍ਰੇਮੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗਰੁਦੁਆਰਾ ਰਤਵਾੜਾ ਸਾਹਿਬ ਵਿਖੇ ਹਰ ਪੂਰਨਮਾਸੀ ਨੂੰ ਅੰਮ੍ਰਿਤਸੰਚਾਰ ਹੁੰਦਾ ਹੈ। ਕ੍ਰਿਪਾ ਕਰਕੇ ਦਿਨ ਦੇ 11.00 ਵਜੇ ਪਹੁੰਚਣ ਦੀ ਕ੍ਰਿਪਾਲਤਾ ਕਰਨ ਜੀ।**

**5. 'ਆਤਮ ਮਾਰਗ ਇਕ ਧਾਰਮਿਕ ਮੈਗਜ਼ੀਨ ਹੈ' ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਛਪੀ ਹੁੰਦੀ ਹੈ। ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਆਪਣੇ ਪੁਰਾਣੇ ਮੈਗਜ਼ੀਨ ਨਹੀਂ ਰੱਖਣਾ ਚਾਹੁੰਦੇ ਤਾਂ, ਤੁਸੀਂ ਆਪਣੇ ਆਤਮ ਮਾਰਗ ਦੇ ਸੇਵਾਦਾਰ ਨੂੰ ਵਾਪਿਸ ਕਰ ਸਕਦੇ ਹੋ ਜਾਂ ਆਤਮ ਮਾਰਗ ਦੇ ਦਫਤਰ ਰਤਵਾੜਾ ਸਾਹਿਬ ਨਾਲ ਇਸ ਫੋਨ ਨੰਬਰ ਤੇ ਸੰਪਰਕ ਕਰੋ ਜੀ।**

**0160-2255002, ਮੋਬਾਇਲ 9417214379-80-91**

(ਪੰਨਾ ਨੰ. 32 ਦਾ ਬਾਕੀ)

ਗਿਆ, ਸੋਝੀ ਆ ਗਈ, ਫਿਰ ਉਹ ਨਹੀਂ ਸੌਂਇਆ ਕਰਦੇ, ਉਹ ਨਹੀਂ ਕਹਿੰਦੇ ਕਿ ਮੈਨੂੰ ਜਾਗ ਨਹੀਂ ਆਉਂਦੀ, ਕਿਉਂਕਿ ਹਿਰਦੇ ਦੇ ਅੰਦਰ ਪਿਆਰ ਹੈ। ਉਹਨਾਂ ਨੂੰ ਤਾਂ ਘਾਟਾ ਮਹਿਸੂਸ ਹੁੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਪਣ ਵਾਲੇ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਦੇ ਹਨ। ਸੋ ਮਹਾਰਾਜ ਇਸ ਦੇ ਹੋਰ ਵੀ ਫਲ ਦਸਦੇ ਹਨ। ਸਰੀਰਿਕ ਤੌਰ ਤੇ ਵੀ ਫਲ ਹੈ, ਦੁਖ ਵੀ ਦੂਰ ਹੋ ਜਾਂਦੇ ਹਨ। ਵਿਘਨ ਵੀ ਦੂਰ ਹੋ ਜਾਂਦੇ ਹਨ। ਮਨ ਵੀ ਅਰੋਗ ਹੋ ਜਾਂਦਾ ਹੈ। ਸਰੀਰ ਵੀ ਅਰੋਗ ਹੋ ਜਾਂਦਾ ਹੈ।

***ਧਾਰਨਾ - ਕਰ ਇਸ਼ਨਾਨ ਸਿਮਰ ਪ੍ਰਭ ਅਪਨਾ,***
***ਮਨ ਤਨ ਭਏ ਅਰੋਗਾ ਜੀ -2, 2.***
***ਮਨ ਤਨ ਭਏ ਅਰੋਗਾ ਜੀ, -4, 2.***
***ਕਰ ਇਸ਼ਨਾਨ ਸਿਮਰ ਪ੍ਰਭ ਅਪਨਾ***

***'ਕਰਿ ਇਸਨਾਨੁ' (ਅੰਗ-611)*** ਇਸ਼ਨਾਨ ਕਰਕੇ ਕੀ ਗੱਪਾਂ ਮਾਰਨੀਆਂ ਹਨ? ਜਾਂ ਕੋਈ ਅਖਬਾਰ ਪੜ੍ਹਨੇ ਹਨ। ਕਹਿੰਦੇ, ਨਹੀਂ ***'ਸਿਮਰਿ ਪ੍ਰਭੁ ਅਪਨਾ' (ਅੰਗ - 611)*** ਇਕ ਸਕਿੰਟ ਦਾ ਵੀ ਵਕਤ ਜਾਇਆ ਨਾ ਕਰ, ਵਾਹਿਗੁਰੂ ਨੂੰ ਯਾਦ ਕਰਨਾ ਸ਼ੁਰੂ ਕਰ ਦੇ, ਨਤੀਜਾ ਕੀ ਹੋਵੇਗਾ ਕਿ ਮਨ ਤੇ ਤਨ ਦੋਨੋਂ ਅਰੋਗ ਹੋ ਜਾਣਗੇ। ਜਦੋਂ ਮਨ ਅਰੋਗ ਹੋ ਗਿਆ ਤਾਂ ਤਨ ਆਪੇ ਹੀ ਅਰੋਗ ਹੋ ਜਾਵੇਗਾ।

***ਕੋਟਿ ਬਿਘਨ ਲਾਥੇ ਪ੍ਰਭ ਸਰਣਾ***
***ਪ੍ਰਗਟੇ ਭਲੇ ਸੰਜੋਗਾ॥ ਅੰਗ - 611***

ਕ੍ਰੋੜਾਂ ਬਿਘਨ ਦੂਰ ਹੋ ਜਾਂਦੇ ਹਨ, ਤੇਰੇ ਭਲੇ ਸੰਜੋਗ ਪ੍ਰਗਟ ਹੋ ਗਏ ਤੂੰ ਅੰਮ੍ਰਿਤ ਵੇਲਾ ਸੰਭਾਲ ਲਿਆ ਜਦੋਂ ਤੂੰ ਇਸ਼ਨਾਨ ਕਰਕੇ ਬੰਦਗੀ ਕਰਨੀ ਸ਼ੁਰੂ ਕਰ ਦਿੰਦਾ ਹੈਂ।

ਕੱਲ ਇਕ ਬੀਬੀ ਆਈ, ਮੈਂ ਪੁਛਿਆ ਤੂੰ ਸਵੇਰੇ ਕਿੰਨੇ ਵਜੇ ਉਠਦੀ ਹੈਂ। ਤਾਂ ਕਹਿਣ ਲੱਗੀ ਕਿ ਮੇਰੇ ਕੋਲੋਂ ਉਠਿਆ ਤਾਂ ਨਹੀਂ ਜਾਂਦਾ, ਮੈਂ ਬਿਮਾਰ ਹੋ ਜਾਂਦੀ ਹਾਂ। ਮੈਂ ਕਿਹਾ ਤੇਰੀ ਬਿਮਾਰੀ ਦੀ ਗਰੰਟੀ ਤਾਂ ਮੈਂ ਲੈ ਲੈਂਦਾ ਹਾਂ, ਮਹਾਰਾਜ ਕਹਿੰਦੇ ਹਨ ਕਿ ਇਸ਼ਨਾਨ ਕਰਕੇ ਤਾਂ ਬਿਮਾਰੀ ਹਟ ਜਾਇਆ ਕਰਦੀ ਹੈ, ਮਨ ਵੀ ਰਾਜ਼ੀ। ਜਦੋਂ ਮਨ ਰਾਜ਼ੀ ਹੋ ਗਿਆ ਤਾਂ ਤਨ ਨੇ ਤਾਂ ਆਪੇ ਹੀ ਰਾਜ਼ੀ ਹੋ ਜਾਣਾ ਹੈ। ਮਨ ਤੋਂ ਹੀ ਤਨ ਬਿਮਾਰ ਹੁੰਦਾ ਹੈ। ਪਹਿਲਾਂ ਮਨ ਬਿਮਾਰ ਹੁੰਦਾ ਹੈ, ਫੇਰ ਤਨ ਬਿਮਾਰ ਹੁੰਦਾ ਹੈ। ਪਹਿਲਾਂ ਚਿੰਤਾ ਜਾਗਦੀ ਹੈ ਖਾਣਾ ਹਜ਼ਮ ਨਹੀਂ ਹੁੰਦਾ ਫਿਰ ਤਨ ਬਿਮਾਰ ਹੋ ਜਾਂਦਾ ਹੈ। ਗੈਸ ਬਣਨੀ ਸ਼ੁਰੂ ਹੋ ਜਾਂਦੀ ਹੈ। ਫੇਰ ਬਲੱਡ ਪਰੈਸ਼ਰ ਹੋ ਜਾਂਦਾ ਹੈ। ਫਿਰ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ ਪਹਿਲਾਂ ਕ੍ਰੋਧ ਆਉਂਦਾ ਹੈ, ਸਾਰਾ ਸਰੀਰ ਕੰਬਦਾ ਹੈ ਨਾ ਰੋਟੀ ਹਜ਼ਮ ਹੋਵੇ, ਨਾ ਕੁਛ ਖਾ ਹੋਵੇ, ਸਾਰੀਆਂ ਬਿਮਾਰੀਆਂ ਮਨ ਤੋਂ ਸ਼ੁਰੂ ਹੁੰਦੀਆਂ ਹਨ।

ਜਦੋਂ ਮਨ ਪ੍ਰਭੂ ਦੇ ਪਿਆਰ ਵਿਚ ਰਾਜ਼ੀ ਹੋ ਗਿਆ ਉਸ ਵੇਲੇ ਬਿਮਾਰੀ ਆਪੇ ਹੀ ਹਟ ਜਾਂਦੀ ਹੈ। ਇਹ ਬੀਮਾਰੀ ਦਾ ਇਲਾਜ ਹੈ। ਪਰ ਇਹ ਆਦਮੀ ਕਰਦਾ ਨਹੀਂ ਕਿਉਂਕਿ ਉਸ ਨੂੰ ਇਸ ਦੀ ਕੀਮਤ ਦਾ ਪਤਾ ਨਹੀਂ, ਕਦਰ ਨਹੀਂ ਕਰਦਾ, ਸੋ ਜਿਹੜੇ ਸੰਤ ਜਨ ਹਨ ਉਹ ਸਵੇਰ ਤੱਕ ਸੁੱਤੇ ਪਏ ਬੰਦੇ ਨੂੰ ਮੁਰਦਾ ਕਹਿੰਦੇ ਹਨ, ਮਰਿਆ ਹੋਇਆ ਬੰਦਾ, ਨਾਲ ਕਹਿੰਦੇ ਹਨ ਜੇ ਤੂੰ ਨਹੀਂ ਉਠਦਾ -

***ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ॥***
***ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ॥***
***ਅੰਗ - 1371***

ਜਿਸ ਨਾਲੋਂ ਤੂੰ ਵਿਛੁੜ ਗਿਆ, ਉਸ ਨਾਲ ਜੁੜ ਜਾ, ਸੁੱਤੇ ਦਾ ਕੁਝ ਨਹੀਂ ਬਣਨਾ, ਸੁੱਤਾ ਤਾਂ ਮੁਰਦੇ ਸਮਾਨ ਹੁੰਦਾ ਹੈ। -

***ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥***
***ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥***
***ਅੰਗ - 1371***

ਜਦੋਂ ਇਕ ਦਿਨ ਪੱਕਾ ਸੌਂ ਗਿਆ, ਤੈਨੂੰ ਕਿਸੇ ਨੇ ਨਹੀਂ ਜਗਾਉਣਾ, ਨਾ ਤੂੰ ਕਿਸੇ ਕੋਲੋਂ ਜਾਗ ਸਕੇਂ, ਕਬਰ ਵਿਚ ਪਿਆ ਰਹੇਂਗਾ। ਫੇਰ ਤੂੰ ਲੰਬੀ ਨੀਂਦ ਸੌਂ ਜਾਏਂਗਾ, ਪਤਾ ਨਹੀਂ ਕਿੰਨੀ ਕੁ ਦੇਰ ਕਬਰ ਵਿਚ ਪਿਆ ਰਹੇਂਗਾ। ਸਰੀਰ ਨੂੰ ਵੀ ਕੀੜੇ ਖਾ ਜਾਣਗੇ, ਮਿੱਟੀ ਖਾ ਜਾਏਗੀ, ਜਲ ਜਾਏਗਾ, ਨਾਮ ਨਿਸ਼ਾਨ ਵੀ ਖਤਮ ਹੋ ਜਾਵੇਗਾ, ਫੇਰ ਸੁੱਤਾ ਰਹੀਂ।

ਜਿਹੜਾ ਮਾਨਸ ਜਨਮ ਹੈ, ਸੌਂਣ ਵਾਸਤੇ ਨਹੀਂ ਮਿਲਿਆ, ਜਾਗਣ ਵਾਸਤੇ ਮਿਲਿਆ ਹੈ। ਜਿਹੜਾ ਸੌਂ ਗਿਆ ਉਹ ਤਾਂ ਲੁਟਿਆ ਗਿਆ, ਜਿਹੜਾ ਜਾਗ ਗਿਆ ਉਸਨੇ ਆਪਣੀ ਰਾਸਿ ਸਾਬਤ ਬਚਾ ਲਈ।

ਨਾਮਦੇਵ ਜੀ ਤੇ ਬਾਕੀ ਵੀ ਸਾਰੀ ਸਾਧੂ ਮੰਡਲੀ ਜਿਹੜੀ ਨਾਲ ਸੀ, ਉਹ ਉਠੇ ਅੰਮ੍ਰਿਤ ਵੇਲੇ ਸਭ ਨੇ ਆਪਣੀ ਕਿਰਿਆ ਕੀਤੀ, ਕੁਰਲਾ ਕੀਤਾ, ਇਸ ਨੂੰ ਕਾਇਕ ਕਰਮ ਕਹਿੰਦੇ ਹਨ, ਇਹ ਕਰਮ ਕੀਤੇ, ਫੇਰ ਇਸ਼ਨਾਨ ਕੀਤਾ। ਇਹਨਾਂ ਦਰਿਆਵਾਂ ਵਿਚ ਅੱਜਕੱਲ ਵਾਂਗ ਗੰਦੇ ਨਾਲੇ ਨਹੀਂ ਸਨ ਸੁੱਟੇ ਜਾਂਦੇ, ਇਹ ਪਵਿੱਤਰ ਹੋਇਆ ਕਰਦੇ ਸਨ, ਪਾਣੀ ਵਿਚ ਐਸੀ ਤਾਸੀਰ ਹੋਇਆ ਕਰਦੀ ਸੀ ਕਿ ਕਈ ਬਿਮਾਰੀਆਂ ਹਟ ਜਾਇਆ ਕਰਦੀਆਂ ਸਨ।

ਮੈਂ ਬਚਪਨ ਵਿਚ ਇਕ ਵਾਰੀ ਪਾਉਂਟੇ ਸਾਹਿਬ ਚਲਾ

ਗਿਆ। ਉਸ ਵੇਲੇ ਉਥੇ ਸ਼ਹਿਰ ਹੀ ਨਹੀਂ ਸੀ ਹੁੰਦਾ। ਗੁਰਦਵਾਰੇ ਸਾਹਿਬ ਵਿਚ ਥੋੜ੍ਹੇ ਜਿਹੇ ਬੰਦੇ ਰਹਿੰਦੇ ਸਨ, ਕਿਸੇ ਨੇ ਥੋੜ੍ਹੀਆਂ ਜਿਹੀਆਂ ਦੁਕਾਨਾਂ ਸੜਕ ਦੇ ਨਾਲ ਨਾਲ ਪਾਈਆਂ ਹੋਈਆਂ ਸਨ। ਉਥੇ ਇਸ਼ਨਾਨ ਕਰਨਾ, ਜਿਥੇ ਕਵੀ ਦਰਬਾਰ ਲਗਦਾ ਸੀ ਹੁਣ ਤਾਂ ਓਥੇ ਕੁਝ ਹੋਰ ਹੀ ਬਣਾ ਦਿੱਤਾ ਹੈ। ਉਥੇ ਜਦੋਂ ਬੈਠਣਾ, ਚਿਤ ਬਹੁਤ ਹੀ ਇਕਾਗਰ ਹੁੰਦਾ ਸੀ ਸੁਰਤੀ ਐਨੀ ਖਿੜਨੀ ਚਿਤ ਵੀ ਬਹੁਤ ਹੀ ਖਿੜਨਾ, ਪਹਿਲਾਂ ਪਾਣੀ ਵਿਚੋਂ ਹੀ ਬਾਹਰ ਨਿਕਲਣ ਨੂੰ ਜੀਅ ਨਹੀਂ ਸੀ ਕਰਦਾ, ਐਨਾ ਪਿਆਰਾ ਲਗਦਾ ਸੀ। ਸੋ ਇਸੇ ਕਰਕੇ ਸਾਰੇ ਦਰਿਆਵਾਂ ਨਾਲ ਦੋਸਤੀ ਕਹਿੰਦੇ ਸਨ। ਸਰੀਰ ਵਿਚ ਜਿਤਨੇ ਵੀ ਸੈਲ ਹੁੰਦੇ ਹਨ ਪਾਣੀ ਕੁਦਰਤੀ ਤੌਰ ਤੇ ਸਭ ਨੂੰ ਸੈਟ ਕਰ ਦਿੰਦਾ ਹੈ। ਸੋ ਨਾਮਦੇਵ ਜੀ ਤੇ ਉਹਨਾਂ ਦੀ ਮੰਡਲੀ ਨੇ ਸਭ ਨੇ ਜਮਨਾ ਨਦੀ ਵਿਚ ਇਸ਼ਨਾਨ ਕੀਤਾ, ਕੋਈ ਏਥੇ ਬੈਠ ਗਿਆ, ਕੋਈ ਹੋਰ ਥਾਂ ਤੇ ਬੈਠ ਗਿਆ। ਸਾਰੇ ਬੈਠ ਕੇ ਭਜਨ ਵਿਚ ਲੀਨ ਹੋ ਗਏ, ਕਿਉਂਕਿ ਭਜਨ ਵਿਚ ਕਈ ਗੱਲਾਂ ਹੁੰਦੀਆਂ ਹਨ ਜਿਹਨਾਂ ਦਾ ਪਾਲਣ ਕਰਨਾ ਪੈਂਦਾ ਹੈ, ਜਿਹਨਾਂ ਵਿਚੋਂ ਸਭ ਤੋਂ ਜ਼ਰੂਰੀ ਇਕਾਂਤ ਦੀ ਲੋੜ ਹੈ, ਕੋਈ ਖੜਕਾ ਦੜਕਾ ਨਾ ਹੋਵੇ, ਕਿਸੇ ਦੇ ਸਾਹ ਦਾ ਵੀ ਖੜਕਾ ਸੁਣਾਈ ਨਾ ਦੇਵੇ, ਨਾ ਕੋਈ ਰੌਲਾ ਗੌਲਾ ਸੁਣੇ, ਕਿਉਂਕਿ ਫੁਰਨਾ ਬਣ ਜਾਂਦਾ ਹੈ, ਚੜ੍ਹਦੀ ਚੜ੍ਹਦੀ ਸੁਰਤ ਬਾਹਰ ਨੂੰ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਇਕਾਗਰਤਾ ਸਹਿਤ ਸਾਰੇ ਨਾਮ ਜਪਦੇ ਹਨ।

ਸੋ ਨਾਮਦੇਵ ਜੀ ਹੌਲੀ-ਹੌਲੀ ਸਾਰੀਆਂ ਮੰਜਲਾਂ ਵਿਚੋਂ ਪਾਰ ਹੋ ਕੇ ਸਾਰੀਆਂ ਸਮਾਧੀਆਂ ਵਿਚੋਂ ਲੰਘੇ, ਸਰੀਰ ਵਿਚੋਂ ਲੰਘੇ, ਪੰਜਾਂ ਤੱਤਾਂ ਵਿਚੋਂ ਲੰਘੇ, ਅਸਥੂਲ ਸਰੀਰ ਵਿਚੋਂ ਲੰਘੇ, ਸੂਖਸ਼ਮ ਸਰੀਰ ਵਿਚੋਂ ਲੰਘੇ, ਕਾਰਨ ਸਰੀਰ ਵਿਚੋਂ ਲੰਘੇ, ਅੰਤਸ਼ਕਰਣ ਵਿਚੋਂ ਲੰਘ ਕੇ, ਨਿਜ ਸਰੂਪ ਵਿਚ ਲੀਨ ਹੋ ਗਏ ਤੇ ਆਤਮ ਪਦ ਵਿਚ ਪਹੁੰਚ ਗਏ, ਆਤਮ ਪਦ ਵਿਚ ਲੀਨ ਹੋ ਕੇ ਪਰਮੇਸ਼ਰ ਵਿਚ ਲੀਨ ਹੋ ਕੇ, ਸੰਸਾਰ ਨੂੰ ਭੁਲੇ ਹੋਏ ਹਨ ਤੇ ਕੇਵਲ ਬ੍ਰਹਮ ਹੀ ਬ੍ਰਹਮ ਇਕੋ ਹੀ ਨਜ਼ਰ ਆ ਰਿਹਾ ਹੈ, ਦੂਜਾ ਕੋਈ ਨਜ਼ਰ ਨਹੀਂ ਆਉਂਦਾ। ਪਤਾ ਹੀ ਨਹੀਂ ਲਗ ਰਿਹਾ। ਸੋ ਐਸੀ ਫੁਰਨੇ ਰਹਿਤ ਸਮਾਧੀ ਵਿਚ ਲੀਨ ਹਨ। ਮਹਾਰਾਜ ਕਹਿੰਦੇ ਹਨ ਕਿ ਇਸ ਦੇ ਰਸ ਨੂੰ ਕੌਣ ਦਸ ਸਕਦਾ ਹੈ। ਕੋਈ ਵੀ ਨਹੀਂ ਦੱਸ ਸਕਦਾ। ਅਗਰ ਕਿਸੇ ਦੀ ਐਸੀ ਸਮਾਧੀ ਲਗਦੀ ਵੀ ਹੋਵੇ ਉਹ ਵੀ ਨਹੀਂ ਦਸ ਸਕਦਾ, ਕਿਉਂਕਿ ਉਹ ਚੀਜ਼ ਹੀ ਐਸੀ ਹੈ, ਅਨੰਦ ਵਰਣਨ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਇਕ ਬੱਚੇ ਨੂੰ ਪੁਛੋ ਕਿ ਤੈਨੂੰ ਕਿੰਨਾ ਪਿਆਰ ਆਉਂਦਾ ਹੈ ਉਹਦੇ ਕੋਲ ਦੱਸਣ ਵਾਸਤੇ ਕੋਈ language ਹੀ ਨਹੀਂ ਹੁੰਦੀ, ਸਾਡੇ ਕੋਲ ਵੀ ਨਹੀਂ ਹੁੰਦੀ, ਅਸੀਂ ਬਸ ਇਹੀ ਕਹਿ ਸਕਦੇ ਹਾਂ ਕਿ ਬਹੁਤ ਪਿਆਰ ਆਉਂਦਾ ਹੈ। ਜਿਹੜਾ ਹੋਰ ਵੀ ਵੱਧ ਸੋਝੀ ਵਾਲਾ ਹੈ ਉਹ ਇਹ ਦੱਸ ਦੇਵੇਗਾ ਕਿ ਮੈਨੂੰ ਇਤਨਾ ਪਿਆਰ ਆਉਂਦਾ ਹੈ ਜਿਸ ਤਰ੍ਹਾਂ ਦੁਧ ਤੇ ਪਾਣੀ ਦਾ ਹੁੰਦਾ ਹੈ, ਪਾਣੀ ਆਪ ਜਲ ਜਾਇਆ ਕਰਦਾ ਹੈ ਪਰ ਦੁਧ ਨੂੰ ਜਲਣ ਨਹੀਂ ਦਿੰਦਾ। ਜਿਸ ਤਰ੍ਹਾਂ ਮੱਛੀ ਤੇ ਪਾਣੀ ਦਾ ਪਿਆਰ ਹੁੰਦਾ ਹੈ, ਸੋ ਮੈਨੂੰ ਐਨਾ ਪਿਆਰ ਹੈ। ਬੱਚਾ ਨਹੀਂ ਦੱਸ ਸਕਦਾ ਕਿਉਂਕਿ ਉਸ ਕੋਲ ਕੋਈ ਅੱਖਰ ਨਹੀਂ ਹੈ। ਬੱਚਾ ਦੋਨੋਂ ਬਾਹਾਂ ਪੂਰੀਆਂ ਖੋਲ੍ਹ ਕੇ ਕਹਿ ਦੇਵੇਗਾ ਕਿ ਮੈਨੂੰ ਐਨਾ ਪਿਆਰ ਆਉਂਦਾ ਹੈ। ਸੋ ਸਮਾਧੀ ਦਾ ਵੀ ਏਹੋ ਹਾਲ ਹੈ, ਮਹਾਰਾਜ ਕਹਿੰਦੇ ਇਸ ਬਾਰੇ ਕੋਈ ਦੱਸ ਨਹੀਂ ਸਕਦਾ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਸਹਿਜ ਸਮਾਜ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੇ -2, 2.***
***ਸੋ ਰਸ ਸੋਈ ਜਾਣੇ, ਸੋ ਰਸ ਸੋਈ ਜਾਣੇ -2.***
***ਸਹਿਜ ਸਮਾਧ ਲਗੀ ਲਿਵ ਅੰਤਰ,***
***... -2.***

***ਸਭੇ ਸੁਖ ਭਏ ਪ੍ਰਭ ਤੁਠੇ॥***
***ਗੁਰ ਪੂਰੇ ਕੇ ਚਰਣ ਮਨਿ ਵੁਠੇ॥***
***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥ ਅੰਗ - 106***

ਜਿਸ ਨੇ ਕਦੀ ਐਸਾ ਅਨੰਦ ਦੇਖਿਆ ਹੋਵੇ ਉਸੇ ਨੂੰ ਹੀ ਪਤਾ ਹੁੰਦਾ ਹੈ ਕਿ ਸਹਿਜ ਸਮਾਧ ਕੀ ਹੈ। ਕਹਿਣ ਵਾਸਤੇ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸਹਿਜ ਸਮਾਧ ਤਾਂ ਲਗੀ ਹੋਈ ਹੈ। ਪਹਿਲਾਂ ਤਾਂ ਸਮਾਧ ਦਾ ਹੀ ਨਹੀਂ ਪਤਾ ਕਿ ਸਮਾਧ ਕਿਸ ਨੂੰ ਆਖਦੇ ਹਨ। ਸੋ ਮੈਂ ਇਸ ਵਾਰ ਥੋੜੀ ਜਿਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗੱਲ ਸਮਝ ਆ ਜਾਵੇ ਕਿ ਸਮਾਧ ਕੀ ਚੀਜ਼ ਹੁੰਦੀ ਹੈ। ਪਹਿਲਾਂ ਕੁਝ ਤਿਆਰੀ ਹੋਇਆ ਕਰਦੀ ਹੈ। ਉਹ ਤਿਆਰੀ ਇਸ ਤਰ੍ਹਾਂ ਹੁੰਦੀ ਹੈ, ਸਮਾਧ ਓਨੀ ਦੇਰ ਤਕ ਨਹੀਂ ਲਗਦੀ ਜਿੰਨੀ ਦੇਰ ਤੱਕ ਆਦਮੀ ਦਾ ਮਨ ਖਿੰਡਿਆ ਰਹਿੰਦਾ ਹੈ। ਮਨ ਨੂੰ ਇਕੱਠਾ ਕਰਨ ਵਾਸਤੇ ਪਹਿਲਾਂ ਵਿਵੇਕ ਦੀ ਲੋੜ ਹੈ, ਇਹ ਨਿਰਣਾ ਕਰਨ ਦੀ ਲੋੜ ਹੈ ਕਿ ਸੱਤ ਕੀ ਹੈ ਤੇ ਅਸੱਤ ਕੀ ਹੈ, ਜਿਹੜੀ ਚੀਜ਼ ਦਾ ਨਾਮ ਤੇ ਰੂਪ ਹੈ, ਉਹ ਅਸੱਤ ਹੈ, ਝੂਠ ਹੈ, ਉਸ ਨੇ ਬਿਨਸ ਜਾਣਾ ਹੈ, ਜਿਹੜੀ ਚੀਜ਼ ਦਾ ਨਾਮ ਤੇ ਰੂਪ ਨਹੀਂ ਹੈ, ਪਰ ਹੈਗੀ ਉਹ ਸੱਤ ਹੈ, ਉਹ ਪਰਮੇਸ਼ਰ ਹੈ, ਉਸ ਨੂੰ ਜਾਨਣ ਵਾਲੀ ਸੂਝ ਨੂੰ ਵਿਵੇਕ ਕਹਿੰਦੇ ਹਨ। ਜਿਸ ਦੀ ਬੁੱਧੀ ਵਿਚ ਇਹ ਪੱਕਾ ਨਿਸ਼ਚਾ ਹੋ ਜਾਵੇ ਕਿ ਵਾਹਿਗੁਰੂ ਸੱਤ ਹੈ ਤੇ ਬਾਕੀ ਅਸੱਤ ਹੈ ਉਹ ਵਿਵੇਕ ਬੁੱਧੀ ਵਿਚ ਚਲਾ ਜਾਂਦਾ ਹੈ।

ਦੂਸਰਾ ਹੈ ਵੈਰਾਗ, ਰਾਗ ਲਗਾਉ, ਪਕੜ ਨੂੰ ਕਹਿੰਦੇ ਹਨ, attachment ਨੂੰ ਕਹਿੰਦੇ ਹਨ, ਚੀਜ਼ਾਂ ਨਾਲ ਲਗਾਵ ਹੋਣਾ, ਮੇਰਾ ਘਰ ਮੇਰਾ ਪੁੱਤਰ, ਮੇਰੀ ਜਮੀਨ, ਮੇਰੀ ਜਾਇਦਾਦ, ਮੇਰੀ ਇਜ਼ਤ, ਮੇਰਾ ਅਹੁਦਾ, ਮੇਰਾ ਪਰਵਾਰ; ਕੋਈ ਅੰਤ ਹੈ, ਮੇਰਾ ਕਦੇ ਮੁਕਦਾ ਹੈ? ਸਾਰੀ ਜ਼ਿੰਦਗੀ ਮੇਰਾ ਮੇਰਾ ਕਰਦਾ ਰਹਿੰਦਾ ਹੈ।

***ਜਬ ਲਗੁ ਮੇਰੀ ਮੇਰੀ ਕਰੈ॥***
***ਤਬ ਲਗੁ ਕਾਜੁ ਏਕੁ ਨਹੀ ਸਰੈ॥***
***ਅੰਗ - 1160***

ਇਸ ਨੂੰ ਰਾਗ ਆਖਦੇ ਹਨ ਜਦੋਂ ਮੇਰੀ ਮੇਰੀ ਮਿਟ ਜਾਂਦੀ ਹੈ ਤਾਂ ਵੈਰਾਗ ਹੋ ਜਾਂਦਾ ਹੈ। ਚੀਜ਼ਾਂ ਨਾਲੋਂ detach (ਵੈਰਾਗ) ਹੋ ਜਾਂਦਾ ਹੈ। ਰਾਗ ਵਾਲੀਆਂ ਚੀਜ਼ਾਂ ਤੋਂ ਆਪਣੇ ਆਪ ਨੂੰ ਖਿਚ ਲੈਣਾ ਭਾਵੇਂ ਰਹਿਣਾ ਵਿਚੇ ਹੀ ਹੈ, ਪਰ ਕਿਸੇ ਚੀਜ਼ ਨਾਲ ਮੋਹ ਨਹੀਂ ਧਾਰਨਾ, ਰਾਗ ਨਹੀਂ ਧਾਰਨਾ, ਮੁਸਾਫਿਰ ਵਾਂਗਣ ਦਿਨ ਕੱਟ ਜਾਣੇ, ਕਿਸੇ ਚੀਜ਼ ਦੀ ਵਾਸ਼ਨਾ ਨਾ ਕਰਨੀ, ਕਿਸੇ ਭੋਗ ਦੀ ਇੱਛਾ ਨਾ ਕਰਨੀ, ਇਸ ਲੋਕ ਦੇ ਸਾਰੇ ਭੋਗਾਂ ਤੋਂ ਲੈ ਕੇ ਬ੍ਰਹਮ ਲੋਕ ਤੱਕ ਜਿਤਨੇ ਵੀ ਭੋਗ ਹਨ ਜਿਹਨਾਂ ਦੀ ਗਿਣਤੀ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ। ਇਕ ਵਾਰੀ ਮੈਂ ਬੇਨਤੀ ਕੀਤੀ ਸੀ ਕਿ ਕਿੰਨੇ ਭੋਗ ਹਨ ਤੇ ਕਿੰਨਾ ਸੁਖ ਵੱਧ ਤੋਂ ਵੱਧ ਹੁੰਦਾ ਤੁਰਿਆ ਜਾਂਦਾ ਹੈ, ਇਹਨਾਂ ਸਾਰਿਆਂ ਨੂੰ ਕਾਗ ਦੀ ਵਿਸ਼ਟ (ਵਿਠ) ਵਾਂਗੂੰ ਜਾਣ ਕੇ ਨਾਮ ਵਾਸਤੇ ਬਿਰਤੀ ਸੋਧਣੀ, ਬਾਕੀ ਸਭ ਚੀਜ਼ਾਂ ਨੂੰ ਛੱਡ ਦੇਣਾ।

ਤੀਸਰਾ ਹੋਇਆ ਕਰਦਾ ਹੈ ਮਨ ਦੇ ਵਿਚ ਔਖ ਸੌਖ ਸਹਿਣ ਵਾਸਤੇ, ਇਸ ਲਕਸ਼ ਨੂੰ ਪੂਰਾ ਕਰਨ ਵਾਸਤੇ ਦ੍ਰਿੜ੍ਹ ਫੁਰਨਾ। ਉਸ ਵਿਚ ਪਹਿਲਾ 'ਯਮ', ਦੂਜਾ 'ਨੇਮ' ਤੀਜਾ 'ਆਸਣ' ਹੁੰਦਾ ਹੈ। ਚੌਥਾ 'ਪ੍ਰਾਣਾਯਾਮ' ਹੁੰਦਾ ਹੈ ਪੰਜਵਾ 'ਪ੍ਰਤਿਹਾਰ' ਹੋਇਆ ਕਰਦਾ ਹੈ, ਕਿਸੇ ਚੀਜ਼ ਵਿਚ ਮੋਹ ਨਾ ਪਉਣਾ ਤੇ ਹਰ ਚੀਜ਼ ਤੋਂ ਮਨ ਖਿਚ ਕੇ ਰਖਣਾ। ਪਿਛਲੇ ਦੀਵਾਨ ਦੇ ਅੰਦਰ ਬਹੁਤ ਵਿਸਥਾਰ ਨਾਲ ਇਸ ਦੇ ਬਾਰੇ ਬੇਨਤੀ ਕੀਤੀ ਗਈ ਸੀ ਕਿ ਇਹ ਚੀਜ਼ਾਂ ਕੀ ਹੁੰਦੀਆਂ ਹਨ। ਸੋ ਇਨ੍ਹਾਂ ਤੋਂ ਬਾਅਦ ਮਨ ਵਿਚ ਸ਼ਰਧਾ ਹੋਣੀ ਚਾਹੀਦੀ ਹੈ। ਗੁਰੂ ਦੇ ਵਾਕ ਤੇ। ਇਹ ਸਮਝ ਲਓ ਕਿ ਇਹ ਸਾਰੀਆਂ commandments ਹਨ। ਕੋਈ ਚੀਜ਼ ਐਸੀ ਨਹੀਂ ਜਿਸ ਨੂੰ ਮੈਂ ignore ਕਰ ਦਿਆਂ, ਉਸ ਨੂੰ ਕਮਾਉਣ ਵਾਸਤੇ ਧਾਰਨ ਕਰਨ ਵਾਸਤੇ ਪੂਰੀ ਸ਼ਰਧਾ ਹੋਵੇ। ਫਿਰ ਦੁਖ ਸੁਖ ਸਹਿਣ ਦੀ ਆਦਤ ਹੋਵੇ, ਜਿਸ ਨੂੰ ਤਤਿਕਸ਼ਾ ਕਹਿੰਦੇ ਹਨ, ਫੇਰ ਸਮਾਧਾਨ ਹੋਵੇ, ਜਿਹੜਾ ਵੀ ਬਚਨ ਸੁਣੇ ਉਸ ਨੂੰ ਹਿਰਦੇ ਵਿਚ ਧਾਰਨ ਕਰੇ, ਫਿਰ 'ਉਪਰਾਮ' ਹੋਵੇ, ਜਿਹੜੀਆਂ ਗਲਤ ਗੱਲਾਂ ਹੋਣ, ਜਿਹੜੀਆਂ ਆਪਣੇ ਨਾਲ ਸੰਬੰਧ ਹੀ ਨਹੀਂ ਰਖਦੀਆਂ ਸਭ ਨਾਲ ਉਪਰਾਮਤਾ ਧਾਰ ਲੈਣੀ ਕੇਵਲ ਵਾਹਿਗੁਰੂ ਨੂੰ ਮਿਲਣ ਦੀ ਇੱਛਾ ਰਖਣੀ।

ਉਸ ਤੋਂ ਬਾਅਦ 'ਮੋਖਸ਼' ਹੋਇਆ ਕਰਦਾ ਹੈ। ਜਿਸ ਦੇ ਮਨ ਦੇ ਅੰਦਰ ਤੀਬਰ ਵੈਰਾਗ ਹੋਇਆ ਕਰਦਾ ਹੈ। ਬੈਰਾਗ ਤਿੰਨ ਕਿਸਮ ਦਾ ਹੁੰਦਾ ਹੈ - ਬੈਰਾਗ, ਤੀਬਰਤਮ ਬੈਰਾਗ, ਤੀਬਰਤਮ ਤਰ ਬੈਰਾਗ। ਸੋ ਤੀਬਰ-ਤਮ-ਤਰ ਬੈਰਾਗ ਹੋਣਾ ਚਾਹੀਦਾ ਹੈ ਕਿ ਮੈਂ ਇਸ ਨੂੰ ਜਰੂਰ ਹਾਸਲ ਕਰਕੇ ਹੀ ਰਹਿਣਾ ਹੈ ਕਿਉਂਕਿ ਮੇਰਾ ਜ਼ਿੰਦਗੀ ਦਾ ਇਕੋ ਇਕ ਇਹ ਲਕਸ਼ ਹੈ, ਪਰਮੇਸ਼ਰ ਨੂੰ ਮਿਲਣਾ ਹੈ। ਇਸ ਤੋਂ ਬਾਅਦ ਸੁਣਨਾ ਹੋਇਆ ਕਰਦਾ ਹੈ। ਫਿਰ ਮੰਨਣਾ ਹੋਇਆ ਕਰਦਾ ਹੈ। ਜਦੋਂ ਮੰਨ ਜਾਂਦਾ ਹੈ ਫਿਰ ਪ੍ਰਤਿਹਾਰ ਪੂਰਾ ਹੋਇਆ ਕਰਦਾ ਹੈ। ਪ੍ਰਤਿਹਾਰ ਕਹਿੰਦੇ ਹਨ ਕਿ ਮਨ ਨੂੰ ਬਾਹਰ ਨਾ ਜਾਣ ਦੇਣਾ - ਨਾ ਅੱਖਾਂ ਦੇ ਰਾਹੀਂ, ਨਾ ਕੰਨਾਂ ਦੇ ਰਾਹੀਂ, ਨਾ ਜ਼ੁਬਾਨ ਦੇ ਰਾਹੀਂ, ਨਾ ਸਪਰਸ਼ ਰਾਹੀਂ, ਨਾ ਨਾਸਿਕਾ ਰਾਹੀਂ; ਇਹਨਾਂ ਪੰਜਾਂ ਥਾਵਾਂ ਤੋਂ ਹੀ ਮਨ ਦੌੜਿਆ ਕਰਦਾ ਹੈ।

***ਮੂੰਦਿ ਲੀਏ ਦਰਵਾਜੇ॥***
***ਬਾਜੀਅਲੇ ਅਨਹਦ ਬਾਜੇ॥ ਅੰਗ - 656***

ਬਿਰਤੀ ਲਾਉਣੀ ਹੈ, ਫੇਰ ਨੱਠ ਜਾਂਦੀ ਹੈ ਫੇਰ ਲਾਉਣੀ, ਬਾਰ-ਬਾਰ ਬਿਰਤੀ ਨੂੰ ਟਿਕਾਈ ਹੀ ਜਾਣਾ ਹੈ। ਫਿਰ ਹੌਲੀ-ਹੌਲੀ ਮਨ ਇਕਾਗਰ ਹੋਣ ਲੱਗ ਜਾਂਦਾ ਹੈ। ਜਦੋਂ ਢਾਈ ਮਿੰਟ ਇਕਾਗਰ ਹੋਣ ਲੱਗ ਜਾਵੇ ਤਾਂ ਉਹ ਧਾਰਨਾ ਕਹਾਇਆ ਕਰਦੀ ਹੈ, ਜੇਕਰ ਮਨ 30 ਮਿੰਟ ਵਾਸਤੇ ਪ੍ਰਭੂ ਨਾਲ ਟਿਕ ਕੇ ਲਗ ਜਾਵੇ ਤਾਂ ਇਸ ਨੂੰ ਧਿਆਨ ਆਖਦੇ ਹਨ, ਉਹਦੇ ਵਿਚ ਫੁਰਨਾ ਨਾ ਕੋਈ ਵੀ ਆਵੇ, ਬਸ ਆਪਣੇ ਧੇਅ ਤੇ ਧਿਆਨ ਲਗਿਆ ਰਹੇ। ਉਸ ਤੋਂ ਬਾਅਦ ਸਮਾਧੀ ਹੋਇਆ ਕਰਦੀ ਹੈ। ਚਿਤ ਬਿਰਤੀਆਂ ਇਸ ਨੂੰ ਬਾਹਰ ਲਿਜਾਂਦੀਆਂ ਹਨ।

ਪਹਿਲੀ ਪ੍ਰਮਾਣ ਬਿਰਤੀ ਹੋਇਆ ਕਰਦੀ ਹੈ ਕਿ ਜਿੰਨੀਆਂ ਵੀ ਚੀਜ਼ਾਂ ਨਜ਼ਰ ਆਉਂਦੀਆਂ ਹਨ, ਉਹਨਾਂ ਦਾ 'ਅਕਸ਼' ਅੰਦਰ ਪੈਣਾ ਸ਼ੁਰੂ ਹੋ ਜਾਂਦਾ ਹੈ ਇਸੇ ਵਾਸਤੇ ਨਾਮ ਜਪਣ ਵਾਲੇ ਇਕਾਂਤ ਚਾਹੁੰਦੇ ਹਨ। ਤੁਸੀਂ ਸਿਨਮਾ ਦੇਖ ਲਓ ਉਸ ਦਾ ਅਕਸ਼ ਯਾਦ ਵਿਚੋਂ ਨਿਕਲਦਾ ਹੀ ਨਹੀਂ, ਕੋਈ ਹੋਰ ਲੜਾਈ ਝਗੜਾ ਦੇਖ ਲਓ, ਉਸਦਾ ਵੀ ਅਕਸ਼ ਨਿਕਲਦਾ ਹੀ ਨਹੀਂ। ਇਹ ਪ੍ਰਮਾਣ ਬਿਰਤੀ ਹੋਇਆ ਕਰਦੀ ਹੈ। ਬਾਹਰ ਵੇਖਣ ਵਾਲੀਆਂ ਚੀਜ਼ਾਂ ਦੇ ਸੰਸਕਾਰ ਅੰਦਰ ਜਮ੍ਹਾਂ ਹੋ ਜਾਂਦੇ ਹਨ।

ਇਸ ਤੋਂ ਬਾਅਦ ਦੂਜੀ ਬਿਰਤੀ ਹੋਇਆ ਕਰਦੀ ਹੈ

'ਵਿਪਰਜੇ'। ਉਪਦੇਸ਼ ਆਉਂਦਾ ਹੈ ਕਿ ਤੂੰ ਨਾਮ ਜਪ, ਨਾਲ ਦੀ ਨਾਲ ਜਵਾਬ ਦੇਈ ਜਾਂਦਾ ਹੈ। ਗੁਰੂ ਕਹਿੰਦਾ ਹੈ ਕਿ ਇਹ ਸਾਰਾ ਆਤਮ ਪਸਾਰਾ ਹੈ ਆਪੇ ਵਾਹਿਗੁਰੂ ਹੀ ਸਾਰੇ ਪਸਰਿਆ ਹੋਇਆ ਹੈ, ਉਸ ਨੂੰ ਤਾਂ ਨਾ ਮੰਨਣਾ ਬਲਕਿ ਉਲਟ ਆਪਣਾ ਸਿਧਾਂਤ ਕੱਢਣਾ; ਵੈਰੀ ਵੀ ਦੇਖਣੇ, ਮਿੱਤਰ ਵੀ ਦੇਖਣੇ, ਚੰਗੇ ਵੀ ਦੇਖਣੇ, ਮਾੜੇ ਵੀ ਦੇਖਣੇ, ਆਪਣੇ ਵੀ ਦੇਖਣੇ, ਬੇਗਾਨੇ ਵੀ ਦੇਖਣੇ। ਮਹਾਰਾਜ ਕਹਿੰਦੇ ਇਸ ਨੂੰ ਛੱਡ ਦੇ -

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥*

*ਅੰਗ - 1299*

ਇਸ ਵਿਪਰਜੇ ਬਿਰਤੀ ਨੂੰ ਛੱਡ ਦੇ, ਇਹ ਸੰਸਾਰ ਹੋਰ ਨਹੀਂ ਹੈ, ਵਾਹਿਗੁਰੂ ਹੋਰ ਨਹੀਂ ਹੈ, ਇਕੋ ਹੀ ਹੈ।

ਤੀਜੀ ਹੋਇਆ ਕਰਦੀ ਹੈ ਨਿੰਦਰਾ, ਨਿੰਦਰਾ ਬਿਰਤੀ ਉਹ ਹੋਇਆ ਕਰਦੀ ਹੈ ਕਿ ਭਜਨ ਕਰਨ ਲੱਗ ਪਿਆ, ਅੰਦਰ ਕੋਈ ਖਿਆਲ ਆ ਗਿਆ ਤੇ ਸੁਰਤੀ ਮੱਧਮ ਪੈਂਦੀ ਪੈਂਦੀ ਐਨੀ ਮੱਧਮ ਪੈ ਗਈ ਕਿ ਉਹ ਖਿਆਲ ਵਿਚ ਹੀ ਲੈਅ ਹੋ ਗਈ, ਐਸੀ ਬਿਰਤੀ ਭਜਨ ਨਹੀਂ ਕਰਨ ਦਿੰਦੀ।

ਚੌਥੀ ਬਿਰਤੀ ਹੋਇਆ ਕਰਦੀ ਹੈ ਸਿਮ੍ਰਤੀ। ਉਹ ਬਿਰਤੀ ਹੁੰਦੀ ਹੈ ਜਿਉਂ ਜਿਉਂ ਅਸੀਂ ਇਕਾਗਰ ਹੁੰਦੇ ਹਾਂ ਤਿਉਂ ਤਿਉਂ ਭੁੱਲੀਆਂ ਹੋਈਆਂ ਚੀਜ਼ਾਂ, ਕੰਮ ਯਾਦ ਆਉਣੇ ਸ਼ੁਰੂ ਹੋ ਜਾਂਦੇ ਹਨ, ਬਈ ਅੱਜ ਆਹ ਕੰਮ ਕਰਨਾ ਹੈ, ਅੱਜ ਉਸ ਨੂੰ ਇਹ ਗੱਲ ਕਹਿਣੀ ਹੈ। ਕਿਉਂਕਿ ਸਿਮ੍ਰਤੀ ਰਸਤੇ ਦੀ ਬੜੀ ਭਾਰੀ ਰੁਕਾਵਟ ਹੈ, ਬੇਸਿਮਰਤੀ ਹੋਣੀ ਚਾਹੀਦੀ ਹੈ। ਕੋਈ ਚੀਜ਼ ਧਿਆਨ ਵਿਚ ਨਹੀਂ ਆਉਣੀ ਚਾਹੀਦੀ, ਕੇਵਲ ਵਾਹਿਗੁਰੂ ਉਸਦਾ ਨਾਮ ਹੀ ਧਿਆਨ ਵਿਚ ਆਉਣਾ ਚਾਹੀਦਾ ਹੈ।

ਪੰਜਵੀ ਹੈ 'ਵਿਕਲਪ'। ਵਿਕਲਪ ਹੋਇਆ ਕਰਦਾ ਹੈ- ਚਿਤ ਦਾ ਖਿੰਡਾਉ; ਚਿਤ ਦੀਆਂ ਅਵਸਥਾਵਾਂ ਹੋਇਆ ਕਰਦੀਆਂ ਹਨ। ਉਹਦੇ ਵਿਚ ਵਿਕਲਪ ਹੋਇਆ ਕਰਦਾ ਹੈ, ਮੂੜਤਾ ਹੋਇਆ ਕਰਦੀ ਹੈ, ਲੈਅਤਾ, ਇਕਾਗਰਤਾ ਤੇ ਨਿਰੁਧ ਹੋਇਆ ਕਰਦੀ ਹੈ। ਇਹਨਾਂ ਸਾਰੀਆਂ ਬਿਰਤੀਆਂ ਨੂੰ ਸੰਕੋਚ ਕੇ ਤਿੰਨ ਕਿਸਮ ਦੀਆਂ ਬਿਰਤੀਆਂ ਵਿਚ ਹੀ ਸਾਰੀਆਂ ਆ ਜਾਂਦੀਆਂ ਹਨ; ਰਜੋ ਗੁਣ ਵਿਚ, ਤਮੋ ਗੁਣ ਵਿਚ ਤੇ ਸਤੋ ਗੁਣ ਵਿਚ। ਧਿਆਨ ਨਾਲ ਸ੍ਵਣ ਕਰਨਾ, ਥੋੜ੍ਹਾ ਜਿਹਾ ਜ਼ਿਆਦਾ ਹੈ, ਤਾਂ ਕਿ ਸਮਝ ਵਿਚ ਆ ਜਾਵੇ।

ਤਮੋ ਗੁਣ ਬਿਰਤੀ ਪਰਮੇਸ਼ਰ ਦੇ ਨਾਮ ਵੱਲ ਨਹੀਂ ਲਗਦੀ, ਉਸ ਵਿਚ ਮੂੜਤਾ ਹੋਇਆ ਕਰਦੀ ਹੈ, ਜੇ ਆ ਵੀ ਜਾਵੇ ਤਾਂ ਅੰਦਰ ਅੱਖਾਂ ਮੀਟ ਕੇ ਤਾਂ ਬੈਠ ਜਾਏਗਾ, ਪਰ ਅੰਦਰ ਵਾਹਿਗੁਰੂ ਵਾਹਿਗੁਰੂ ਵੀ ਨਹੀਂ ਹੁੰਦਾ, ਕੋਈ ਪਤਾ ਨਹੀਂ ਲਗਦਾ ਐਵੇਂ ਨੀਂਦ ਜਿਹੀ ਆ ਜਾਂਦੀ ਹੈ। ਬਸ ਉਸ ਵਿਚ ਪੈ ਜਾਂਦਾ ਹੈ। ਦੂਜਾ ਹੋਇਆ ਕਰਦਾ ਹੈ ਆਲਸ; ਥੋੜ੍ਹਾ ਜਿਹਾ ਬੈਠਿਆ ਉਦੋਂ ਹੀ ਨੀਂਦ ਆ ਗਈ ਫੇਰ ਝੂਟੇ ਖਾਣ ਲੱਗ ਜਾਂਦਾ ਹੈ। ਤੀਜੀ ਹੋਇਆ ਕਰਦੀ ਹੈ ਨੀਂਦ, ਬੱਸ ਨੀਂਦ ਆ ਗਈ ਤਾਂ ਉਠਦਾ ਹੀ ਨਹੀਂ। ਆਲਸੀ, ਤਮੋਗੁਣੀ ਬੰਦੇ ਨੂੰ ਬਹੁਤੀ ਨੀਂਦ ਆਉਂਦੀ ਹੈ, ਉਸਦੀ ਖੁਰਾਕ ਐਸੀ ਹੁੰਦੀ ਹੈ ਜਾਗਦਾ ਹੀ ਨਹੀਂ - ਸਾਰੇ ਹਾਕਾਂ ਮਾਰ ਮਾਰ ਕੇ ਥੱਕ ਜਾਣਗੇ ਕਿ ਤੂੰ ਭਜਨ ਕਰ ਲੈ, ਨਾ ਉਠਦਾ ਹੈ ਨਾ ਜਾਗਦਾ ਹੈ, ਉਸਤੇ ਕੋਈ ਅਸਰ ਨਹੀਂ ਹੋਇਆ ਕਰਦਾ। ਚੌਥਾ ਹੋਇਆ ਕਰਦਾ ਹੈ ਮੋਹ, ਮੋਹ ਇਤਨਾ ਜ਼ਬਰਦਸਤ ਹੁੰਦਾ ਹੈ ਕਿ ਮੋਹ ਦੇ ਵੱਸ ਹੋ ਕੇ ਜਾਨਵਰ ਹੀ ਬਣਿਆ ਰਹਿੰਦਾ ਹੈ। ਪੰਜਵਾਂ ਹੋਇਆ ਕਰਦਾ ਹੈ ਕ੍ਰੋਧ। ਛੇਵੀਂ ਹੁੰਦੀ ਹੈ ਈਰਖਾ, ਸਤਵੀਂ ਹੋਇਆ ਕਰਦੀ ਹੈ ਸੁੰਨਤਾ, ਸੁੰਨ ਹੋਇਆ ਰਹਿੰਦਾ ਹੈ। ਅੱਗੇ ਹੁੰਦੀ ਹੈ ਨਿੰਦਿਆ, ਚੁਗਲੀ, ਈਰਖਾ, ਸਵਾਹ ਖੇਹ, ਕੂੜ ਕਬਾੜ, ਤ੍ਰਿਸ਼ਨਾ ਵਗੈਰਾ, ਸਾਰਾ ਹੀ ਉਹਦੇ ਵਿਚ ਹੋਇਆ ਕਰਦਾ ਹੈ। ਸੋ ਇਹਦੇ ਵਿਚੋਂ ਆਪਣਾ ਮਨ ਖਿਚ ਲੈਣਾ, ਸੰਸਿਆਂ ਵਿਚੋਂ ਖਿੱਚ ਲੈਣਾ, ਵੈਰ ਵਿਚੋਂ ਖਿਚ ਲੈਣਾ, ਡਰ ਤੋਂ ਖਿਚ ਲੈਣਾ, ਸਭ ਤੋਂ ਰੋਕ ਕੇ ਮਨ ਵਿਚ ਚਾਓ ਪੈਦਾ ਕਰਨਾ ਕਿ ਮੈਂ ਨਾਮ ਜਪਾਂ। ਤਮੋਗੁਣੀ ਬਿਰਤੀ ਮਨ ਨੂੰ ਇਕਾਗਰ ਨਹੀਂ ਹੋਣ ਦਿੰਦੀ ਜਦ ਤਕ ਬਹੁਤ ਸੰਗਤ ਨਾ ਕਰੇ, ਸੇਵਾ ਤੇ ਸੰਗਤ ਕਰਨ ਦੇ ਨਾਲ, ਖੁਰਾਕ ਸ਼ੁਧ ਕਰਨ ਦੇ ਨਾਲ, ਅੰਡੇ, ਮਾਸ, ਮੱਛੀ, ਸ਼ਰਾਬ, ਅਫੀਮ, ਆਹ ਨਸ਼ੇ ਸਭ ਛੱਡਣੇ ਪੈਂਦੇ ਹਨ ਤਾਂ ਇਹ ਬਿਰਤੀ ਬਦਲਦੀ ਹੈ। ਸੁਥਰੇ ਰਹਿਣਾ ਪੈਂਦਾ ਹੈ ਮੈਲੇ ਕੱਪੜੇ ਛੱਡਣੇ ਪੈਂਦੇ ਹਨ ਤਾਂ ਜਾ ਕੇ ਬਿਰਤੀ ਬਦਲਦੀ ਹੈ ਤੇ ਰਜੋ ਗੁਣ ਵਿਚ ਆਉਂਦੀ ਹੈ।

ਰਜੋਗੁਣ ਦੀ ਜੋ ਬਿਰਤੀ ਹੈ, ਨੱਠਣ ਭੱਜਣ ਵਾਲੀ ਬਿਰਤੀ ਹੈ। ਚੰਚਲ ਬਿਰਤੀ ਹੈ, ਜਿਵੇਂ ਸਮੁੰਦਰ ਦੀਆਂ ਛੱਲਾਂ ਉਠਦੀਆਂ ਹੁੰਦੀਆਂ ਹਨ, ਐਸ ਤਰ੍ਹਾਂ ਮਨ ਦੇ ਸੰਸਕਾਰ ਦੇ ਅੰਦਰ, ਅੰਤਸ਼ਕਰਣ ਦੇ ਅੰਦਰ, ਸੰਸਕਾਰਾਂ ਦੀਆਂ ਛੱਲਾਂ ਉਠਦੀਆਂ ਹਨ ਅਤੇ ਇਹ ਟਿਕਦਾ ਨਹੀਂ। ਇਸ ਵਿਚ ਰਾਗ ਦ੍ਵੈਸ਼ ਹੋਇਆ ਕਰਦੀ ਹੈ। ਵੈਰ ਹੀ ਉਠੀ ਜਾਂਦਾ ਹੈ। ਉਲਟੀਆਂ ਗੱਲਾਂ, ਮਾੜੀਆਂ ਗੱਲਾਂ ਹੀ ਆਈ ਜਾਂਦੀਆਂ ਹਨ ਤੇ ਹਿਤ ਦੀਆਂ ਚੀਜ਼ਾਂ ਦੇ ਨਾਲ ਪਿਆਰ ਪਾਈ ਜਾਂਦਾ ਹੈ। ਤੀਜੀ ਇਸ ਵਿਚ ਚੰਚਲਤਾ ਹੁੰਦੀ ਹੈ। ਇਕ ਸਕਿੰਟ ਵਾਸਤੇ ਵੀ ਨਾਮ ਨਹੀਂ ਜਪਦਾ, ਮਨ ਇਕ

ਮਿੰਟ ਵਿਚ ਨਿਕਲ ਜਾਏਗਾ, ਰੋਕੋ ਫੇਰ ਨਿਕਲ ਜਾਏਗਾ, ਫੇਰ ਰੋਕੋ ਫੇਰ ਨਿਕਲ ਜਾਏਗਾ, ਅੰਦਰ ਨਹੀਂ ਆਉਂਦਾ, ਭੂਤ ਦੀ ਤਰ੍ਹਾਂ ਹਰ ਪਾਸੇ ਦੌੜਿਆ ਫਿਰਦਾ ਹੈ। ਚੌਥਾ ਇਸ ਵਿਚ ਹੁੰਦਾ ਹੈ ਫੁਰਨੇ, ਰੁਝੇਵੇਂ ਜ਼ਿੰਦਗੀ ਵਿਚ ਜਿੰਨੇ ਜ਼ਿਆਦਾ ਹੋਣਗੇ, ਉਨੇ ਫੁਰਨੇ ਜ਼ਿਆਦਾ ਆਉਣਗੇ। ਮਹਾਰਾਜ ਤਾਂ ਕਹਿੰਦੇ ਹਨ –

***ਕਾਹੇ ਰੇ ਮਨ ਚਿਤਵਹਿ***
***ਉਦਮੁ ਜਾ ਆਹਰਿ ਹਰਿ ਜੀਉ ਪਰਿਆ॥ ਅੰਗ – 10***

ਕੰਮ ਕਰੀ ਜਾ, ਤੇਰੀ ਪ੍ਰਾਲਬਧ ਵਿਚ ਸਭ ਕੁਝ ਲਿਖਿਆ ਪਿਆ ਹੈ। ਫੁਰਨੇ ਹੀ ਨਾਮ ਨਹੀਂ ਜਪਣ ਦਿੰਦੇ।

ਪੰਜਵਾਂ ਹੋਇਆ ਕਰਦਾ ਹੈ ਚਤੁਰਾਈਆਂ। ਬਹੁਤ ਚਲਾਕੀਆਂ ਕਰਦਾ ਹੈ। ਗੱਲ ਸਿਧੇ ਢੰਗ ਨਾਲ ਤਾਂ ਕਰਨੀ ਹੀ ਨਹੀਂ, ਫਰੇਬ ਨਾਲ ਚਤੁਰਾਈ ਨਾਲ ਗੱਲ ਕਰਨੀ। ਛੇਵੀਂ ਹੋਇਆ ਕਰਦੀ ਹੈ ਵਿਕਸ਼ੇਪਤਾ, ਨਾ ਕੀਰਤਨ ਸੁਨਣਾ, ਨਾ ਨਾਮ ਜਪਣਾ; ਜੇ ਪਾਠ ਕਰਦਾ ਹੈ ਤਾਂ ਪਤਾ ਹੀ ਨਹੀਂ ਲਗਦਾ। ਕਹਿੰਦੈ, ਹੈਂ ਕੀ ਮੈਂ ਪਾਠ ਕਰ ਲਿਆ, ਮੰਨੇ ਕੀ ਗਤਿ ਦੀਆਂ ਚਾਰ ਪਉੜੀਆਂ, ਸੁਣੀਐ ਦੀਆਂ ਚਾਰ ਪਉੜੀਆਂ ਕਿਸ ਵੇਲੇ ਪੜ੍ਹ ਲਈਆਂ ਤੇ ਅਸੰਖ ਜਪ ਦੀਆਂ ਵੀ ਤਿੰਨੇ ਪਉੜੀਆਂ ਪੜ੍ਹ ਲਈਆ ਤੇ ਅੱਗੇ ਜਾ ਕੇ ਮੁੰਦਾ ਸੰਤੋਖ ਦੀਆਂ ਚਾਰ ਪਉੜੀਆਂ ਪੜ੍ਹ ਲਈਆਂ, ਇਕ ਇਕ ਪੜ੍ਹ ਕੇ ਜਾਈ ਜਾਂਦਾ ਹੈ ਫੇਰ ਜਦੋਂ ਸਰਮ ਖੰਡ ਦੀ ਪੜ੍ਹ ਲਈ –

***ਸਰਮ ਖੰਡ ਕੀ ਬਾਣੀ ਰੂਪੁ॥***
***ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥***
***ਤਾ ਕੀਆ ਗਲਾ ਕਥੀਆ ਨ ਜਾਹਿ॥***
***ਜੇ ਕੋ ਕਹੈ ਪਿਛੈ ਪਛੁਤਾਇ॥ ਅੰਗ – 8***

ਫੇਰ 'ਮੰਨੇ ਕੀ ਗਤਿ' ਤੇ ਪਹੁੰਚ ਜਾਂਦਾ ਹੈ ਕਿਉਂਕਿ ਉਹਦੇ ਵਿਚ ਸਾਵਧਾਨਤਾ ਨਹੀਂ ਹੈ ਵਿਕਸ਼ੇਪਤਾ ਹੈ।

ਸੱਤਵੀਂ ਹੋਇਆ ਕਰਦੀ ਹੈ ਲੋਕ ਲੱਜਾ। ਜੇ ਮੈਂ ਇਹ ਕੰਮ ਕੀਤਾ ਲੋਕ ਮੈਨੂੰ ਐਂ ਕਹਿਣਗੇ, ਮਾੜਾ ਕਹਿਣਗੇ, ਆਹ ਨਹੀਂ ਠੀਕ, ਉਹ ਨਹੀਂ ਠੀਕ, ਆਪਣੀ ਵਿਤ ਤੋਂ ਵੱਧ ਗੱਲ ਕਰਨੀ। ਅੱਠਵਾਂ ਹੋਇਆ ਕਰਦਾ ਹੈ ਵਿਸ਼ਿਆਂ ਵਿਚ ਹੀ ਗ੍ਰਸਤ ਰਹਿਣਾ। ਫੁਰਨਾ ਬਣਦਾ ਹੈ ਚਲੋ ਫਲਾਣੀ ਜਗ੍ਹਾ ਉਥੇ ਬਹੁਤ ਸੀਨਰੀਆਂ ਹਨ, ਬਹੁਤ ਸੋਹਣੀ ਜਗ੍ਹਾ ਹੈ, ਫਲਾਣੇ ਦਾ ਗਲਾ ਬਹੁਤ ਵਧੀਆ ਹੈ, ਬਹੁਤ ਸੋਹਣਾ ਗਾਉਂਦਾ ਹੈ, ਫਲਾਣੀ ਖਾਣ ਵਾਲੀ ਚੀਜ਼ ਤਿਆਰ ਕਰੀਏ ਬਹੁਤ ਸਵਾਦ ਹੁੰਦੀ ਹੈ। ਫਲਾਣੀ ਸੁਗੰਧੀ ਲਿਆਈਏ, ਉਹ ਬਹੁਤ ਵਧੀਆ ਹੁੰਦੀ ਹੈ। ਸੋ ਇਹ ਵਿਸ਼ਿਆਂ ਦੀ ਪ੍ਰੀਤੀ ਕਹਾਉਂਦੀ ਹੈ। ਇਹ ਵੀ ਰਜੋ ਗੁਣ ਬਿਰਤੀ ਹੀ ਹੈ।

ਤੀਸਰੀ ਸਤੋ ਗੁਣ ਬਿਰਤੀ ਹੁੰਦੀ ਹੈ। ਸਤੋਗੁਣ ਬਿਰਤੀ ਵਿਚ ਬਹੁਤ ਚੰਗੇ ਗੁਣ ਹੁੰਦੇ ਹਨ। ਜਿਹਨਾਂ ਦੇ ਅਧਾਰ ਤੇ ਨਾਮ ਜਪਿਆ ਜਾਂਦਾ ਹੈ। ਜਿਸ ਵਿਚ ਉਦਾਰਤਾ ਹੁੰਦੀ ਹੈ, ਸ਼ਾਂਤੀ ਹੁੰਦੀ ਹੈ, ਵੈਰਾਗ ਹੁੰਦਾ ਹੈ, ਵੀਚਾਰ ਹੁੰਦੀ ਹੈ, ਉਪਰਾਮ ਹੁੰਦੀ ਹੈ, ਸਤਸੰਗ ਹੁੰਦਾ ਹੈ। ਸਤਸੰਗ ਦੀ ਪ੍ਰੀਤ ਹਿਰਦੇ ਵਿਚ ਜਾਗਦੀ ਹੈ, ਆਤਮ ਚਿੰਤਨ ਦਾ ਉਮਾਹ ਹੁੰਦਾ ਹੈ, ਸੱਤ ਮਾਰਗ ਤੇ ਚੱਲਣ ਦੀ ਦ੍ਰਿੜ੍ਹਤਾ ਹੋਇਆ ਕਰਦੀ ਹੈ। ਆਪਣੇ ਸਰੂਪ ਵਿਚ ਵਾਸਾ ਕਰਨ ਵਾਸਤੇ ਸਤਿਗੁਰੂ ਨਾਲ ਪਿਆਰ ਹੋਇਆ ਕਰਦਾ ਹੈ ਤੇ ਪਾਰਬ੍ਰਹਮ ਵਿਚ ਲੀਨ ਹੋਣ ਵਾਸਤੇ ਉਦਮ ਹੋਇਆ ਕਰਦਾ ਹੈ। ਸੋ ਇਹ ਤਿੰਨੇ ਕਿਸਮ ਦੇ ਗੁਣ ਚਿਤ ਦੀਆਂ ਪੰਜੇ ਬਿਰਤੀਆਂ ਇਹਨਾਂ ਸਾਰੀਆਂ ਨੂੰ ਸੰਕੋਚ ਕੇ ਜਦੋਂ ਆਦਮੀ ਅੰਤਰਗਤ ਬਿਰਤੀ ਕਰਦਾ ਹੈ, ਉਦੋਂ ਉਸਦਾ ਧਿਆਨ ਪਰਪੱਕ ਹੋ ਜਾਂਦਾ ਹੈ। ਜਦੋਂ ਧਿਆਨ ਪਰਪੱਕ ਹੋਏਗਾ, ਉਹਦੇ ਵਿਚ ਤਿੰਨ ਚੀਜ਼ਾਂ ਹੁੰਦੀਆਂ ਹਨ ਤੇ ਜਿਹੜਾ ਧੇਅ ਹੋਇਆ ਕਰਦਾ ਹੈ, ਉਹ ਪ੍ਰਤੱਖ ਰੂਪ ਵਿਚ ਸਾਹਮਣੇ ਹੁੰਦਾ ਹੈ। ਲੇਕਿਨ ਉਥੇ ਤਿਕੁਟੀ ਹੁੰਦੀ ਹੈ, ਜੋ ਟੁਟਦੀ ਨਹੀਂ। ਇਕ ਧਿਆਤਾ ਹੁੰਦਾ ਹੈ, ਇਕ ਧਿਆਨ ਹੁੰਦਾ ਹੈ ਤੇ ਤੀਜਾ ਧੇਅ ਹੁੰਦਾ ਹੈ। ਉਹਦੇ ਬਾਅਦ ਜਦੋਂ ਤਿੰਨ ਘੰਟੇ ਬਿਰਤੀ ਲੱਗਣ ਲਗ ਜਾਵੇ, ਤਾਂ ਫੇਰ ਉਸ ਨੂੰ ਸਮਾਧੀ ਆਖਦੇ ਹਨ। ਸਮਾਧੀ ਵਾਸਤੇ ਜਦੋਂ ਅਸੀਂ ਆਪਣੀ ਬਿਰਤੀ ਖਿਚੀ, ਪਹਿਲਾਂ ਪੰਜੇ ਤੱਤਾਂ ਦਾ ਤਿਆਗ ਕਰੋ, 25 ਪ੍ਰਕਿਰਤੀਆਂ ਦਾ ਤਿਆਗ ਕਰੋ, ਪੰਜੇ ਪ੍ਰਾਣਾਂ ਦਾ ਤਿਆਗ ਕਰੋ, ਪੰਜੇ ਕਰਮ ਇੰਦਰਿਆਂ ਦਾ ਤਿਆਗ ਕਰੋ, ਪੰਜੇ ਗਿਆਨ ਇੰਦਰਿਆਂ ਦਾ, ਫਿਰ ਮਨ ਦਾ ਤਿਆਗ ਕਰਕੇ ਫੇਰ ਹੌਲੀ ਹੌਲੀ ਚੜ੍ਹਦੇ ਚਲੋ, ਬੁੱਧੀ ਵਿਚੋਂ ਲੰਘ ਜਾਓ, ਚਿਤ ਵਿਚੋਂ ਲੰਘ ਜਾਓ, ਅਹੰਭਾਵ ਵਿਚੋਂ ਲੰਘ ਜਾਓ, ਫਿਰ ਸਤਿਗੁਰੂ ਨੂੰ ਨਮਸ਼ਕਾਰ ਕਰ ਦਿਓ ਜਾ ਕੇ, ਉਹਦੇ ਚਰਨਾਂ ਤੇ ਜਾ ਕੇ ਆਪਣਾ ਸੀਸ ਭੇਟਾ ਕਰ ਦਿਓ, ਉਹਦੇ ਵਿਚ ਲੀਨ ਹੋ ਜਾਓ, ਨਮਸ਼ਕਾਰ ਕਰਕੇ ਆਤਮ ਸਰੂਪ ਵਿਚ ਲੀਨ ਹੋ ਜਾਓ, ਸਮਾਧੀ ਅਨੁਭਵ ਦੀ ਹੋਇਆ ਕਰਦੀ ਹੈ। ਸੰਤਾਂ ਨੂੰ ਪਤਾ ਹੁੰਦਾ ਹੈ। ਇਹਦੇ ਵਿਚ ਸਥੂਲ ਸਰੀਰ ਵੀ ਛੱਡ ਦਿਤਾ, ਸੂਖਸ਼ਮ ਵੀ ਛੱਡ ਦਿਤਾ, ਕਾਰਨ ਵੀ ਛੱਡ ਦਿਤਾ ਤੇ ਸਾਖੀ ਰੂਪ ਦੇ ਅੰਦਰ ਦੇਖਣ ਵਾਲੇ ਰੂਪ ਦੇ ਅੰਦਰ ਬਈ ਇਹ ਜੋ ਤਿੰਨੇ ਸਰੀਰ ਹਨ, ਇਹਨਾਂ ਵਿਚੋਂ ਮੈਂ ਲੰਘ ਗਿਆ।

ਉਹਦੇ ਬਾਅਦ ਫੇਰ ਜਾਗ੍ਰਤ, ਸੁਪਨ, ਸਖੋਪਤ ਤਿੰਨਾਂ ਨੂੰ ਛੱਡ ਕੇ ਤੁਰੀਆ ਅਵਸਥਾ ਵਿਚ ਜਾ ਕੇ ਆਸਣ ਲਾ ਲੈਣਾ। ਰਜੋ ਤਮੋ ਸਤੋ ਤੋਂ ਸ਼ੁਧ ਹੋ ਕੇ ਪੰਜੇ ਕੋਸ਼ –

ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼, ਅਨੰਦਮਯਕੋਸ਼, ਇਹਨਾਂ ਪੰਜਾਂ ਪੜਦਿਆਂ ਤੋਂ ਉਪਰ ਲੰਘ ਕੇ ਆਪਣੇ ਆਪ ਨੂੰ ਗਿਆਨ ਸਰੂਪ ਆਤਮਾ ਸਮਝ ਕੇ ਬਿਰਤੀ ਵਿਚ ਲੀਨ ਹੋ ਜਾਣਾ, ਇਸ ਨੂੰ ਸਮਾਧੀ ਆਖਦੇ ਹਨ।

ਇਹ ਸਮਾਧੀ ਵੀ ਪੰਜ ਕਿਸਮ ਦੀ ਹੋਇਆ ਕਰਦੀ ਹੈ। ਪਹਿਲੀ ਸਮਾਧੀ ਨੂੰ ਸਾਵਿਕਲਪ ਸਮਾਧੀ ਕਹਿੰਦੇ ਹਨ। ਇਹ ਦੋ ਤਰੀਕੇ ਨਾਲ ਲਗਦੀ ਹੈ। ਇਕ ਤਾਂ ਆਤਮ ਵੀਚਾਰ ਨਾਲ ਲਗਦੀ ਹੈ। ਇਕ ਨਾਮ ਦੀ ਧੁਨ ਸੁਣ ਕੇ ਲਗਦੀ ਹੈ। ਇਕ ਨੂੰ 'ਸਾਗਰਭ' ਸਮਾਧੀ ਕਹਿੰਦੇ ਹਨ 'ਆਗਰਭ' ਸਮਾਧੀ ਕਹਿੰਦੇ ਹਨ। ਜਿਹੜੀ ਸਮਾਧੀ ਸ਼ਬਦ ਨਾਲ ਹੁੰਦੀ ਹੈ ਉਹ 'ਸਾਗਰਭ' ਸਮਾਧੀ ਹੁੰਦੀ ਹੈ। ਜਿਹੜੀ ਸਮਾਧੀ ਆਤਮ ਵੀਚਾਰ ਨਾਲ ਲਗਦੀ ਹੈ ਉਹ 'ਅਗਰਭ' ਸਮਾਧੀ ਹੁੰਦੀ ਹੈ - ਸ਼ਬਦ ਤੋਂ ਰਹਿਤ। ਸੋ ਇਹ ਦੋਨੋਂ ਚੀਜ਼ਾਂ ਸਾਵਿਕਲਪ ਹੁੰਦੀਆਂ ਹਨ। ਇਸ ਦੇ ਉਪਰ ਨਿਰਵਿਕਲਪ ਸਮਾਧੀ ਹੁੰਦੀ ਹੈ ਜਿਸ ਵਿਚ ਕੋਈ ਵੀ ਫੁਰਨਾ ਨਹੀਂ ਹੁੰਦਾ, ਇਕ ਭਾਵਨਾ ਦੇ ਨਾਲ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਇਕ ਬ੍ਰਹਮ ਦੀ ਅਵਸਥਾ ਵਿਚ ਆ ਕੇ ਟਿਕ ਜਾਂਦਾ ਹੈ, ਆਪਣੇ ਆਪ ਨੂੰ ਭੁਲ ਕੇ 'ਤ੍ਰਿਕੁਟੀ' ਦਾ ਖਾਤਮਾ ਹੋ ਜਾਂਦਾ ਹੈ।

ਇਸ ਤੋਂ ਅੱਗੇ ਸਾਧ ਸੰਗਤ ਜੀ ਜਿਸ ਨੂੰ 'ਸਹਿਜ ਸਮਾਧ' ਆਖਦੇ ਹਨ ਉਹ ਹੁੰਦੀ ਹੈ, ਸਹਿਜ ਸਮਾਧ ਦੇ ਅੰਦਰ ਜਿੰਨੇ ਰਾਗ-ਦ੍ਵੈਦ, ਹਰਖ-ਸੋਗ, ਦੁਖ-ਸੁਖ, ਪਾਪ-ਪੁੰਨ, ਕਰਮ-ਅਕਰਮ, ਸ਼ੁਭ-ਅਸ਼ੁਭ, ਧਰਮ-ਅਧਰਮ, ਲਾਭ-ਹਾਨ, ਸ਼ਤਰੂ-ਮਿਤ੍ਰ, ਮੈਂ-ਤੂੰ-ਜੀਵ, ਕੱਲ-ਅੱਜ ਸਾਰੀਆਂ ਚੀਜ਼ਾਂ ਕਾਲ ਵਗੈਰਾ ਸਭ ਭੁਲ ਕੇ ਬੇਅੰਤ ਸ਼ਤਰੂ ਮਿਤ੍ਰ ਸਭ ਚੀਜ਼ਾਂ ਨੂੰ ਭੁਲਾ ਕੇ ਕੇਵਲ ਪ੍ਰਮੇਸ਼ਰ ਹੀ ਪ੍ਰਮੇਸ਼ਰ ਸਭ ਥਾਂ ਤੇ ਨਜ਼ਰ ਆਉਂਦਾ ਹੈ। ਉਹਦੇ ਵਿਚ ਨਾ ਬੰਧ ਹੈ, ਨਾ ਜਨਮ ਹੈ, ਨਾ ਮੋਖਸ਼ ਹੈ, ਨਾ ਪਾਪ ਹੈ, ਨਾ ਪੁੰਨ ਹੈ, ਸਾਰੀਆਂ ਬਿਰਤੀਆਂ ਸਾਰੀਆਂ ਤ੍ਰਿਕੁਟੀਆਂ, ਗਿਆਤਾ ਗਿਆਨ ਗੇਯ, ਧਿਆਤਾ ਧਿਆਨ ਧੇਅ ਦੀ ਤ੍ਰਿਕੁਟੀ ਦ੍ਰਿਸ਼ ਤੇ ਦ੍ਰਿਸ਼ਟਾ ਦੀ ਇਹ ਸਾਰੀਆਂ ਤ੍ਰਿਕੁਟੀਆਂ ਛੱਡ ਕੇ ਕੇਵਲ ਇਸ ਭਾਵ ਵਿਚ ਕਿ ਕੇਵਲ ਵਾਹਿਗੁਰੂ ਹੀ ਵਾਹਿਗੁਰੂ ਹੈ, ਇਸ ਭਾਵ ਵਿਚ ਲੀਨ ਹੋ ਜਾਣਾ, ਉਸ ਨੂੰ 'ਸਹਿਜ ਸਮਾਧ ਕਹਿੰਦੇ ਹਨ। ਸੋ ਐਸੀ ਸਮਾਧ ਆਤਮ ਚਿੰਤਨ ਦੇ ਨਾਲ ਹੋਇਆ ਕਰਦੀ ਹੈ। ਸੋ ਇਸ ਦਾ ਰਸ ਓਹੀ ਜਾਣਦਾ ਹੈ ਜੋ ਇਸ ਵਿਚ ਪਿਆ ਹੋਵੇ।

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਣੇ -2, 2.***

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥ ਅੰਗ - 106***

ਲਿਵ ਲਗੀ ਹੋਈ ਹੈ ਅੰਦਰ। ਜਿਸ ਤਰ੍ਹਾਂ ਤੇਲ ਦੀ ਧਾਰ ਪਿਆ ਕਰਦੀ ਹੈ, ਬਰੇਕ ਨਹੀਂ ਆਉਂਦਾ ਇਸ ਤਰ੍ਹਾਂ ਇਕ ਟਕ ਸਮਾਧੀ ਵਿਚ ਲੀਨ ਹੈ, ਨਾ ਉਥੇ ਮੈਂ ਹੈ, ਨਾ ਤੂੰ ਹੈ, ਨਾ ਹੁਣ ਹੈ, ਨਾ ਹੋਏਗਾ, ਨਾ ਹੈਗਾ, ਉਥੇ ਕੋਈ ਚੀਜ਼ ਭੂਤ ਭਵਿੱਖ ਵਰਤਮਾਨ ਕੁਝ ਨਹੀਂ ਹੁੰਦਾ, ਜੇ ਹੁੰਦਾ ਹੈ ਤਾਂ ਕੇਵਲ ਸਾਖੀ ਪਦ ਹੁੰਦਾ ਹੈ। ਕੇਵਲ ਆਪਣਾ ਆਪ ਹੋਇਆ ਕਰਦਾ ਹੈ। ਆਪਣੇ ਆਪ ਤੋਂ ਬਗੈਰ ਕੋਈ ਚੀਜ਼ ਨਹੀਂ ਹੁੰਦੀ ਪ੍ਰਭੂ ਦੀ ਲੀਨਤਾ ਵਿਚ ਹੋ ਕੇ, ਸਾਖੀ ਹੋ ਕੇ ਸਾਰੀ ਚੀਜ਼ ਦੇਖਦਾ ਹੈ, ਸੋ ਉਸ ਨੂੰ 'ਅਨਹਦ ਸੁੰਨ' ਕਹਿੰਦੇ ਹਨ। ਬਾਣੀ ਵਿਚ ਐਸੀਆਂ ਗੱਲਾਂ ਆਉਂਦੀਆਂ ਹਨ -

***ਅਨਹਤ ਸੁੰਨਿ ਰਤੇ ਸੇ ਕੈਸੇ॥ ਅੰਗ - 943***

ਕਿਉਂਕਿ ਪਤਾ ਨਹੀਂ ਲਗਦਾ ਇਸ ਕਰਕੇ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਮਹਾਰਾਜ ਕਿਥੇ ਦੀ ਗੱਲ ਕਰ ਰਹੇ ਹਨ। ਤੁਰੀਆ ਅਵਸਥਾ ਸਾਰੀਆਂ ਚੌਥੇ ਪਦ ਦੀਆਂ ਗੱਲਾਂ ਹਨ। ਸੋ ਅਨਹਤ ਸੁੰਨ ਦੇ ਵਿਚ ਰੱਤੇ ਹੁੰਦੇ ਹਨ, ਲੀਨ ਹੋਏ ਹੁੰਦੇ ਹਨ ਤੇ ਉਹਨਾਂ ਦੀ ਅਵਸਥਾ ਕੈਸੀ ਹੁੰਦੀ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਧਾਰਨਾ - ਰੱਤੇ ਸੇ ਕੈਸੇ ਅਨਹਤ ਸੁੰਨ -2,***
***ਅਨਹਦ ਸੁੰਨ ਰੱਤੇ ਸੇ ਕੈਸੇ -2,***
***ਰੱਤੇ ਸੇ ਕੈਸੇ ਅਨਹਤ ਸੁੰਨ.......।***

***ਸੁੰਨੋ ਸੁੰਨੁ ਕਹੈ ਸਭੁ ਕੋਈ॥***
***ਅਨਹਤ ਸੁੰਨੁ ਕਹਾ ਤੇ ਹੋਈ॥***
***ਅਨਹਤ ਸੁੰਨਿ ਰਤੇ ਸੇ ਕੈਸੇ॥ ਅੰਗ - 943***

ਕੈਸੇ ਨੇ ਉਹ? ਮਹਾਰਾਜ ਕਹਿੰਦੇ ਹਨ -

***ਜਿਸ ਤੇ ਉਪਜੇ ਤਿਸਹੀ ਜੈਸੇ॥ ਅੰਗ - 943***

ਉਹ ਆਪਣੇ source ਵਿਚ ਮਿਲ ਗਏ। ਸਾਧਸੰਗਤ ਜੀ, ਚਲਦਾ ਚਲਦਾ ਕਤਰਾ ਵੀ ਵਿਚ ਰਲਿਆ, ਨਦੀ ਚਲਦੀ ਚਲਦੀ ਆਪਣੇ source ਸਮੁੰਦਰ ਵਿਚ ਰਲ ਗਈ, ਪਹਿਲਾਂ ਸਮੁੰਦਰ ਵਿਚੋਂ ਸੂਰਜ ਨਾਲ ਭਾਫ ਉਠੀ, ਫੇਰ ਗਰਦ ਗਵਾਰ ਨਾਲ ਰਲ ਕੇ ਬੱਦਲ ਬਣ ਗਈ, ਦੂਰ ਤੱਕ ਹਵਾ ਦੇ ਨਾਲ ਸਫਰ ਕਰਦੀ ਰਹੀ, ਕਿਧਰੇ ਆ ਕੇ ਵਰਖਾ ਕੀਤੀ, ਕਤਰਾ ਕਤਰਾ ਰਲ ਕੇ ਪਾਣੀ ਦੀ ਧਾਰ ਬਣੀ, ਫੇਰ ਨਦੀ ਵਿਚ ਚਲੀ ਗਈ, ਨਦੀ ਵਹਿੰਦੀ ਵਹਿੰਦੀ ਆਪਣੇ source ਸਮੁੰਦਰ ਵਿਚ ਚਲੀ ਗਈ। ਸੋ ਜਦੋਂ ਜੀਵ -

***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥ ਅੰਗ - 1369***

ਸੋ ਐਸੀ ਜੋ ਵੀਚਾਰ ਹੈ ਉਸ ਵਿਚ ਲੀਨ ਹੋ ਗਿਆ

ਲੀਨ ਹੋਏ ਨੂੰ ਮਹਾਰਾਜ ਕਹਿੰਦੇ ਹਨ -

***ਅਨਹਤ ਸੁੰਨਿ ਰਤੇ ਸੇ ਕੈਸੇ॥***
***ਜਿਸ ਤੇ ਉਪਜੇ ਤਿਸਹੀ ਜੈਸੇ॥ ਅੰਗ - 943***

ਸਰੀਰ ਤਾਂ ਦਿਸਦਾ ਹੈ ਮਨੁੱਖ ਦਾ ਹੀ ਪਰ ਅਸੀਂ ਤਾਂ ਕਿਸੇ ਨੂੰ ਮੰਨਦੇ ਹੀ ਨਹੀਂ, ਪਰ ਮਹਾਰਾਜ ਜੀ ਕਹਿੰਦੇ ਹਨ ਕਿ ਮੰਨੋ ਤੁਸੀਂ, ਸਾਦੇ ਅੱਖਰਾਂ ਵਿਚ ਇਸ ਤਰ੍ਹਾਂ ਫੁਰਮਾਉਂਦੇ ਹਨ-

***ਧਾਰਨਾ - ਸਾਂਈ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ -2, 2.***

ਧੰਨ ਹਨ ਉਹ ਜਿਨ੍ਹਾਂ ਨੂੰ ਨਾਮ ਨਹੀਂ ਵਿਸਰਦਾ। ਕਿਹੋ ਜਿਹੇ ਹਨ ਉਹ?

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397***

ਐਸੇ ਸਤਿਪੁਰਸ਼ ਉਸ ਵਾਹਿਗੁਰੂ ਨਾਲ ਹੀ ਰਲੇ ਹੋਏ ਹੁੰਦੇ ਹਨ -

***ਸੁੰਨੋ ਸੁੰਨੁ ਕਹੈ ਸਭੁ ਕੋਈ॥***
***ਅਨਹਤ ਸੁੰਨੁ ਕਹਾ ਤੇ ਹੋਈ॥***
***ਅਨਹਤ ਸੁੰਨਿ ਰਤੇ ਸੇ ਕੈਸੇ॥***
***ਜਿਸ ਤੇ ਉਪਜੇ ਤਿਸਹੀ ਜੈਸੇ॥***
***ਓਇ ਜਨਮਿ ਨ ਮਰਹਿ ਨ ਆਵਹਿ ਜਾਹਿ॥***
***ਨਾਨਕ ਗੁਰਮੁਖਿ ਮਨੁ ਸਮਝਾਹਿ॥ ਅੰਗ - 943***

ਜੰਮਦੇ ਮਰਦੇ ਨਹੀਂ -

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ॥ ਅੰਗ - 749***

ਜਦੋਂ ਇਹ ਅਵਸਥਾ ਹੁੰਦੀ ਹੈ, ਉਥੇ ਕਾਲ ਨਹੀਂ ਹੁੰਦਾ, ਸਮ ਬਿਰਤੀ ਹੁੰਦੀ ਹੈ। ਸਤਿ ਚਿਤ ਅਨੰਦ ਰੂਪ ਦੇ ਅੰਦਰ ਆਸਣ ਲਾਉਂਦੇ ਹਨ ਜਿਸ ਨੂੰ ਨਿਜ ਸਰੂਪ ਕਹਿੰਦੇ ਹਨ, ਸੋ ਦਰ ਕਹਿੰਦੇ ਹਨ। ਉਥੇ ਪਰਮੇਸ਼ਰ ਵਿਚ ਲੀਨ ਹੋਇਆ ਹੋਇਆ, ਉਸ ਨੂੰ ਥਿਰ ਘਰ ਕਹਿੰਦੇ ਹਨ। ਜਦੋਂ ਪਰਮੇਸ਼ਰ ਵਿਚ ਪੂਰਾ ਲੀਨ ਹੋ ਜਾਂਦਾ ਹੈ ਤਾਂ ਸਾਰੇ ਬ੍ਰਹਿਮੰਡਾਂ ਦੇ ਦੇਵਤੇ ਜੈ ਜੈਕਾਰ ਕਰਦੇ ਹਨ, ਉਸ ਦਾ ਸਤਿਕਾਰ ਕਰਦੇ ਹਨ। ਜਦੋਂ ਰੋਜ਼ ਬਿਰਤੀ ਰਾਹੀਂ ਰੂਹਾਨੀ ਸਫਰ ਤੇ ਲੰਘਦਾ ਹੈ, ਫੇਰ ਤਾਂ ਐਸੀ ਅਵਸਥਾ ਆ ਜਾਂਦੀ ਹੈ ਕਿ ਰੋਜ਼ ਲੰਘਣ ਦੀ ਲੋੜ ਨਹੀਂ ਰਹਿੰਦੀ। ਦਿਨ ਰਾਤ ਉਸਦੇ ਵਿਚੇ ਹੀ ਸਮਾਇਆ ਰਹਿੰਦਾ ਹੈ। ਸੋ ਇਸਦਾ ਦੋ ਤਰੀਕਿਆਂ ਨਾਲ ਵੇਰਵਾ ਹੈ, ਵੀਚਾਰ ਨਾਲ ਵੀ ਹੁੰਦਾ ਹੈ ਤੇ ਸ਼ਬਦ ਸੁਰਤ ਨਾਲ ਵੀ ਹੁੰਦਾ ਹੈ।

ਸ਼ਬਦ ਸੁਰਤ ਦੇ ਨਾਲ ਬਹੁਤ ਸਾਰੀਆਂ ਚੀਜ਼ਾਂ ਦੇਖਣ ਵਾਸਤੇ ਵੀ ਆਉਂਦੀਆਂ ਹਨ, ਸੁਣਨ ਵਾਸਤੇ ਵੀ ਆਉਂਦੀਆਂ ਹਨ। ਵੀਚਾਰ ਦੇ ਨਾਲ ਹੌਲੀ-ਹੌਲੀ ਮੰਨਣ ਦੇ ਨਾਲ ਉਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਕ ਥਾਂ ਐਸਾ ਫੁਰਮਾਨ ਆਉਂਦਾ ਹੈ ਕਿ -

***ਦੀਪਕ ਜਾਰ ਬਿਨ ਤੇਲੇ ਭਉਰ ਦੇਖ ਲਪਟਾਨੇ।***

ਉਹ ਜਿਹੜੀ ਅਵਸਥਾ ਹੈ ਉਸ ਥਾਂ ਦਾ ਜ਼ਿਕਰ ਹੈ -

***ਇਹ ਘਟ ਭੀਤਰ ਜੋਤ ਪਰਗਾਸੀ***
***ਦੇਖ ਲੋਇ ਉਰਝਾਨੇ॥***
***ਨਾਨਕ ਜੋਤ ਰਲੀ ਸੰਗ ਜੋਤਹਿ,***
***ਤਬ ਬ੍ਰਹਮ ਰੂਪ ਪ੍ਰਗਟਾਨੇ॥***
***ਪੰਨਾ - 57, ਪ੍ਰਾਣ ਸੰਗਲੀ***

ਉਸ ਵੇਲੇ ਪਰਮ ਜੋਤ ਵਿਚ ਜੋਤ ਰਲਦੀ ਹੈ। ਉਸ ਵੇਲੇ ਸਾਰੇ ਦੇਵਤੇ ਆਉਂਦੇ ਹਨ ਗੁਰੂ ਗ੍ਰੰਥ ਸਾਹਿਬ ਵਿਚ ਇਕ ਐਸਾ ਸ਼ਬਦ ਆਉਂਦਾ ਹੈ ਜਿਸ ਵਿਚ ਖੋਲ੍ਹ ਕੇ ਦਸਿਆ ਹੋਇਆ ਹੈ ਕਿ ਕਿਹੜੇ ਕਿਹੜੇ ਦੇਵਤੇ ਕਿਹੜੇ ਕਿਹੜੇ ਵਾਹਨਾਂ ਤੇ ਆਉਂਦੇ ਹਨ। ਕਿਹੜਾ ਹਾਥੀ ਤੇ ਆਉਂਦਾ ਹੈ, ਕਿਹੜਾ ਚੂਹੇ ਤੇ ਆਉਂਦਾ ਹੈ। ਉਸ ਵਿਚ ਸਾਰੇ ਦੇਵਤਿਆਂ ਦਾ ਜ਼ਿਕਰ ਆਉਂਦਾ ਹੈ -

***ਨਉ ਦਰ ਮੂੰਦ ਕਾਇਆ ਸਮ ਰਾਖੈ,***
***ਦਸਵੈ ਸਸ ਘਰਿ ਸਹਜ ਬਸੈ ।***
***ਕੋਟ ਜਨਮ ਅਘ ਸਭ ਕਾਟੈ,***
***ਸੁਖ ਮਨ ਅੰਦਰਿ ਸਹਿਜ ਰਸੈ।***
***ਪੰਨਾ - 57, ਪ੍ਰਾਣ ਸੰਗਲੀ***

ਜਨਮਾਂ ਜਨਮਾਂ ਦੇ ਕੀਤੇ ਹੋਏ ਪਾਪਾਂ ਦਾ ਨਾਸ਼ ਹੋ ਗਿਆ।

***ਕਨਿਕ ਮੰਦਰ, ਰਤਨ ਕੀ ਸਿਹਜਾ,***
***ਨਾਨਕ ਕਵਲ ਪ੍ਰਗਾਸਿ ਹਸੈ॥***
***ਪੰਨਾ - 57, ਪ੍ਰਾਣ ਸੰਗਲੀ***

ਐਨਾ ਸੁੰਦਰ ਉਹ ਥਾਂ ਹੈ ਜੋ ਦਸਿਆ ਹੀ ਨਹੀਂ ਜਾ ਸਕਦਾ। ਰਤਨਾਂ ਦੀਆਂ ਸੇਜਾਂ ਹਨ, ਸੋਨੇ ਦਾ ਮੰਦਰ ਹੈ, ਸਹਿਜ ਅਵਸਥਾ ਦਾ ਰਸ ਮਾਣਦਾ ਹੈ -

***ਮਨੂਆ ਅਨ ਤਨ ਜਾਨ ਨ ਦੇਈ॥***
***ਬੀਜ ਮੰਤੁ ਚੀਨਿ ਮਤਿ ਲੇਈ***
***ਸਭ ਇੰਦ੍ਰੀ ਕਉ ਖੋਜਿ ਬੀਚਾਰੈ***
***ਤਸਕਰ ਪੰਚ ਸ਼ਬਦਿ ਸੰਘਾਰੈ,***
***ਸਹਸਾ ਜਾਲ ਕਰੇ ਸਭ ਛੋਈ***
***ਨਾਨਕ ਤਬ ਅਨਭੈ ਮਤਿ ਹੋਈ॥***
***ਪੰਨਾ - 57, ਪ੍ਰਾਣ ਸੰਗਲੀ***

ਜਿੰਨੇ ਵੀ ਸੰਸੇ ਨੇ, ਸਾਰਿਆਂ ਦੀ ਸੁਆਹ ਬਣਾ ਦਿੰਦਾ ਹੈ - ਜਾਲ ਕੇ -

***ਸਰਵਰ ਸੁੰਨਿ ਬਨੇ***

*ਸਹੰਸਦਲ ਭਵਰ ਗੁਫਾ ਮਗਨਾਨੇ।*
*ਅਤਿ ਚਿਤ੍ਰ ਸਾਲ ਬਨੀ ਮਹਿਲੀ ਬਰ*
*ਜਹਾਂ ਤਹਾਂ ਸਮਾਨੇ ।*
*ਝਿਲਮਿਲ ਦਾਮਨੀ, ਰਿਮਝਿਮ ਬਰਸੈ,*
*ਹਸਿ ਪ੍ਰਭ ਮਿਲੈ ਨਿਰਾਰਾ॥*
*ਕਹੁ ਨਾਨਕ ਜਬ ਤਤੁ ਬੀਚਾਰਿਆ*
*ਤਬ ਪ੍ਰਗਟਿਆ ਭਾਨ ਨਿਰਾਰਾ॥*
*ਬੰਕ ਨਾਰ ਕੈ ਅੰਤਰਿ ਜਾਇ*
*ਪਛਮ ਦਿਸਿ ਕੀ ਸਭ ਸੁਧ ਪਾਇ॥*
*ਨਿਝਰ ਝਰੈ ਜਲ ਪੀਵੈ ਅਘਾਇ*
*ਭਵਰ ਗੁਫਾ ਕੈ ਘਾਟਿ ਸਮਾਇ॥*
*ਪੰਨਾ - 57, ਪ੍ਰਾਣ ਸੰਗਲੀ*

*ਹੋਏ ਮੁਕੰਦ ਕਮਲ ਲਪਟਾਨਾ*
*ਤਾ ਨਾਨਕ ਪਰਮ ਤਤ ਤਬ ਜਾਨਾ।*
*ਅੰਤਰਿ ਸੁੰਨੰ ਬਾਹਰਿ ਸੁੰਨੰ*
*ਤ੍ਰਿਭਵਣ ਸੁੰਨ ਮਸੁੰਨੰ॥*
*ਚਉਥੇ ਸੁੰਨੈ ਜੋ ਨਰੁ ਜਾਣੈ*
*ਤਾ ਕਉ ਪਾਪੁ ਨ ਪੁੰਨੰ॥*
*ਘਟਿ ਘਟਿ ਸੁੰਨ ਕਾ ਜਾਣੈ ਭੇਉ॥*
*ਆਦਿ ਪੁਰਖੁ ਨਿਰੰਜਨ ਦੇਉ॥ ਅੰਗ - 943*

ਇਹ ਵੀਚਾਰ ਕਿਥੋਂ ਮਿਲਦੀ ਹੈ?

*ਸਤਿਗੁਰ ਤੇ ਪਾਏ ਵੀਚਾਰਾ*
*ਸੁੰਨ ਸਮਾਧਿ ਸਚੇ ਘਰ ਬਾਰਾ॥*
*ਨਾਨਕ ਨਿਰਮਲ ਨਾਦੁ ਸਬਦ ਧੁਨਿ*
*ਸਚੁ ਰਾਮੈ ਨਾਮਿ ਸਮਾਇਦਾ॥ ਅੰਗ - 1038*

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥ ਅੰਗ - 1033*
*ਝਿਲਮਿਲ ਝਿਲਕੈ ਚੰਦੁ ਨ ਤਾਰਾ॥*
*ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥*
*ਅਕਥੀ ਕਥਉ ਚਿਹਨੁ ਨਹੀ ਕੋਈ*
*ਪੂਰਿ ਰਹਿਆ ਮਨਿ ਭਾਇਦਾ॥ ਅੰਗ - 1033*

ਸਾਧਸੰਗਤ ਜੀ ਜਿਸ ਨੂੰ ਇਸ ਅਵਸਥਾ ਦੀ ਪ੍ਰਾਪਤੀ ਹੋ ਜਾਵੇ, ਉਹ ਅਵਸਥਾ ਸਹਿਜ ਸਮਾਧ ਕਹਾਉਂਦੀ ਹੈ। ਅੱਖਾਂ ਖੁਲ੍ਹੀਆਂ ਨਾਲ ਵੀ ਸਮਾਧੀ ਲੱਗੀ ਰਹਿੰਦੀ ਹੈ, ਅੱਖਾਂ ਬੰਦ ਨਾਲ ਵੀ। ਸੋ ਐਸੀ ਸਹਿਜ ਸਮਾਧੀ ਵਿਚ ਸਥਿਤ ਹੋਏ ਨਾਮਦੇਵ ਜੀ ਭੂਤ ਭਵਿਖਤ, ਵਰਤਮਾਨ, ਕਾਲ, ਮੈਂ, ਤੂੰ ਸਭ ਨੂੰ ਭੁੱਲ ਗਏ, ਸਰੂਪ ਦੀ ਸਥਿਤੀ ਵਿਚ ਬੈਠੇ ਹਨ।

ਅੱਜ ਬਹੁਤ ਦਿਨ ਚੜ੍ਹ ਗਿਆ, ਨੇਤ੍ਰ ਬੰਦ ਕਰਦੇ ਹਨ ਫੇਰ ਸੁਰਤਿ ਅੰਦਰ ਨੂੰ ਚਲੀ ਜਾਂਦੀ ਹੈ। ਇਸ ਨੂੰ ਆਤਮ ਰਸ ਕਹਿੰਦੇ ਹਨ।

ਅਸੀਂ ਤਾਂ ਖਾਲਸੇ ਐਵੇਂ ਹੀ ਬਣੀ ਬੈਠੇ ਹਾਂ। ਬਸ ਦਾੜ੍ਹਾ ਰੱਖ ਲਿਆ, ਕਿਰਪਾਨ ਪਾ ਲਈ, ਕਾਲੇ ਪੀਲੇ ਕੱਪੜੇ ਪਾ ਲਏ; ਬਈ ਤੂੰ ਕੌਣ ਹੈਂ? ਜੀ ਮੈਂ ਖਾਲਸਾ ਹਾਂ। ਮਹਾਰਾਜ ਕਹਿੰਦੇ ਕੀ ਖਾਲਸਾ ਨੇੜੇ ਜਿਹੀ ਗੱਲ ਹੈ? ਖਾਲਸਾ ਐਨੀ ਨੇੜੇ ਨਹੀਂ ਹੈ -

*ਆਤਮ ਰਸ ਜਿਹ ਜਾਨਹੀ,*
*ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)*

ਖਾਲਸਾ ਤਾਂ ਮੈਂ ਵੀ ਹਾਂ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*
*(ਸਰਬ ਲੋਹ ਗ੍ਰੰਥ 'ਚੋਂ)*

ਨੇੜੇ ਜਿਹਾ ਹੀ ਖਾਲਸੇ ਨੂੰ ਰਖਦੈ। ਕੀ ਮੰਜ਼ਲ ਤੇ ਪਹੁੰਚ ਗਿਆ? ਇਹ ਤਾਂ ਫਿਨਾਹ ਫਿਲਾਹ ਹੈ ਜਿਥੇ ਆਪਣਾ ਆਪ ਕੁਝ ਬਚਦਾ ਹੀ ਨਹੀਂ ਹੈ। ਇਸੇ ਕਰਕੇ ਮਹਾਰਾਜ ਕਹਿੰਦੇ ਹਨ-

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

ਹੰਗਤਾ ਮਮਤਾ ਵਿਚ ਜੀਊਂਦਾ ਰਹਿ ਕੇ ਫੇਰ ਨਹੀਂ ਖਾਲਸਾ ਪਦਵੀ ਤਕ ਪਹੁੰਚ ਸਕਦਾ, ਤੈਨੂੰ ਮਰ ਕੇ, ਮਿਟ ਕੇ ਆਉਣਾ ਪੈਣਾ ਹੈ। ਕਹਿੰਦਾ ਜੀ ਸਰੀਰ ਦੇ ਕੇ? ਪਰ ਭਾਈ ਫੇਰ ਤੇਰਾ ਸੂਖਸ਼ਮ ਸਰੀਰ ਬਚ ਜਾਵੇਗਾ, ਕਾਰਨ ਸਰੀਰ ਬਚ ਜਾਵੇਗਾ, ਅੰਤਸ਼ਕਰਣ ਬਚ ਜਾਵੇਗਾ, ਫੁਰਨੇ ਬਚ ਜਾਣਗੇ, ਸੰਸਕਾਰ ਬਚ ਜਾਣਗੇ; ਤੂੰ ਤਾਂ ਮਰਿਆ ਹੀ ਨਾ। ਮਾਰਨੀ ਹੈ ਤਾਂ ਹਉਮੈ ਮਾਰ, ਜਿਹੜੀ ਤੇਰੇ ਅੰਦਰ ਮੈਂ ਬਣੀ ਹੋਈ ਹੈ ਉਸ ਨੂੰ ਮਾਰ। ਮੈਂ ਤੇਰਾ ਸਰੀਰ ਨਹੀਂ ਮਾਰਨਾ, ਕੇਵਲ ਤੇਰੀ ਹਉਮੈ ਮਾਰਨੀ ਹੈ, ਹੰਗਤਾ ਮਮਤਾ ਵਾਲੀ ਬੁੱਧੀ ਮਾਰਨੀ ਹੈ, ਨਹੀਂ ਤਾਂ ਤੇਰੇ ਬਾਲ ਬੱਚੇ ਕੀ ਕਰਨਗੇ ਜੇ ਸਰੀਰ ਮਾਰ ਦਿਤਾ।

ਜਦੋਂ ਹਉਮੈ ਮਰ ਜਾਂਦੀ ਹੈ ਤਾਂ ਸਹਿਜ ਅਵਸਥਾ ਪ੍ਰਾਪਤ ਹੋਇਆ ਕਰਦੀ ਹੈ। ਅੱਜ ਨਾਮਦੇਵ ਜੀ ਦੀ ਬਾਰ-ਬਾਰ ਬਿਰਤੀ ਚੜ੍ਹਦੀ ਹੈ। ਦਿਨ ਚੜ੍ਹ ਗਿਆ ਪਰ ਅਜੇ ਤੱਕ ਨਾਮਦੇਵ ਜੀ ਉਠੇ ਨਹੀਂ ਹਨ। ਅੱਠ ਵਜ ਗਏ, ਨੌਂ ਵਜ ਗਏ, ਦਸ ਵਜ ਗਏ।

ਇਕ ਪ੍ਰੇਮੀ ਜਿਸਦਾ ਨਾਮ 'ਜਾਦੋ' ਸੀ, ਉਹ ਵੀ ਸੰਗਤ ਵਿਚ ਆਇਆ ਕਰਦਾ ਸੀ। ਅਚਾਨਕ ਕਾਲ ਦਾ ਗੁਲੇਲਾ ਵਜਿਆ ਤੇ ਉਹ ਮਰ ਗਿਆ। ਮਰੇ ਹੋਏ ਦੀ ਅਰਥੀ ਲਈ ਆ ਰਹੇ ਹਨ। ਉਸਦੀ ਘਰਵਾਲੀ ਵੀ ਸਤਿਸੰਗ ਵਿਚ ਨਾਲ ਹੀ ਆਇਆ ਕਰਦੀ ਸੀ। ਕੇਵਲ ਵੀਹ ਬਾਈ ਸਾਲ ਦਾ ਨੌਜਵਾਨ ਸੀ, ਬੀਬੀ ਸਤੀ ਹੋਣ

ਵਾਸਤੇ ਸਾਰੇ ਗਹਿਣੇ ਵਗੈਰਾ ਪਾ ਕੇ ਜਦੋਂ ਨਾਮਦੇਵ ਜੀ ਕੋਲ ਦੀ ਲੰਘਣ ਲੱਗੀ ਤੇ ਕਿਹਾ ਕਿ ਕੁਝ ਦੇਰ ਬਾਅਦ ਮੇਰਾ ਸਥੂਲ ਸਰੀਰ ਵੀ ਸੁਆਹ ਬਣ ਜਾਣਾ ਹੈ। ਬਾਕੀ ਰਿਸ਼ਤੇਦਾਰਾਂ ਨੂੰ ਕਿਹਾ ਕਿ ਜ਼ਰਾ ਠਹਿਰ ਜਾਵੋ ਮੈਂ ਸੰਤਾਂ ਨੂੰ ਨਮਸ਼ਕਾਰ ਕਰ ਲਵਾਂ। ਮੇਰੇ ਬੜੇ ਧੰਨਭਾਗ ਹਨ ਕਿ ਅੱਜ ਮਹਾਂਪੁਰਸ਼ ਏਥੇ ਹੀ ਬੈਠੇ ਹਨ। ਸੋ ਉਹ, ਜੋ ਸਾਰੇ ਨਾਲ ਜਾ ਰਹੇ ਹਨ ਉਹਨਾਂ ਨੂੰ ਰੁਕਵਾ ਕੇ ਆਪ ਨਮਸ਼ਕਾਰ ਕਰਨ ਚਲੀ ਗਈ ਤੇ ਨਾਮਦੇਵ ਜੀ ਉਸੇ ਤਰ੍ਹਾਂ ਹੀ ਬੈਠੇ ਹਨ, ਕਦੇ ਅੰਦਰ ਬਿਰਤੀ ਫੇਰ ਚਲੀ ਜਾਂਦੀ ਹੈ, ਕਦੇ ਬਾਹਰ ਆਉਂਦੀ ਹੈ। ਕਿਉਂਕਿ ਐਸੀ ਸੁੰਨ ਅਵਸਥਾ, ਅਫੁਰ ਅਵਸਥਾ ਹੁੰਦੀ ਹੈ ਜਿਥੇ ਕੋਈ ਫੁਰਨਾ ਨਾ ਹੋਏ, ਉਂਞ ਸੁੰਨ ਨਹੀਂ ਹੁੰਦੀ ਕਿ ਅਕਾਸ਼ ਵਾਂਗੂੰ ਸੁੰਨ ਹੈ। ਫੁਰਨਾ ਨਹੀਂ ਕੋਈ ਆਇਆ ਕਰਦਾ, ਪਰ ਹੁੰਦਾ ਸਭ ਕੁਝ ਹੈ। ਐਸੀ ਬਿਰਤੀ ਚੜ੍ਹੀ ਹੋਈ ਹੈ। ਕਦੀ ਨੇਤਰ ਖੋਲ੍ਹ ਲੈਂਦੇ ਹਨ, ਕਦੀ ਬੰਦ ਕਰ ਲੈਂਦੇ ਹਨ। ਉਠਿਆ ਨਹੀਂ ਜਾਂਦਾ। ਸੋ ਨਾਮਦੇਵ ਜੀ ਨੇ ਉਹਨਾਂ ਨਾਮ ਰਸ ਨਾਲ ਰਸਾਈਆਂ ਹੋਈਆਂ ਅੱਖੀਆਂ ਦੇ ਨਾਲ ਬੀਬੀ ਵੱਲ ਤੱਕਿਆ ਜਦੋਂ ਗਹਿਣਿਆਂ ਦਾ ਖੜਕਾ ਹੋਇਆ, ਤਾਂ ਉਹਨਾਂ ਦੇ ਮੁਖਾਰਬਿੰਦ ਤੋਂ ਹਲਕੀ ਜਿਹੀ ਅਸ਼ੀਰਵਾਦ ਮੱਧਮ ਜਿਹੀ ਨਿਕਲ ਗਈ - 'ਬੀਬਾ ਸੁਹਾਗ ਮਾਣ'। ਆਹ ਗੱਲ ਕਹਿ ਦਿਤੀ ਸਾਧਸੰਗਤ ਜੀ ਕਿ ਸੁਹਾਗ ਮਾਣ ਉਸ ਵੇਲੇ ਕੌਣ ਵਸਦਾ ਸੀ, ਉਸ ਦੀ ਰਸਨਾ ਤੇ? ਨਾਮਦੇਵ ਜੀ ਤਾਂ ਨਹੀਂ ਬੋਲੇ ਉਸ ਵੇਲੇ, ਉਸ ਵੇਲੇ ਪਰਮੇਸ਼ਰ ਬੋਲਿਆ ਕਿਉਂਕਿ ਐਸਾ ਫੁਰਮਾਨ ਹੈ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ -2, 2.*
*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥*
*ਨਾਨਕ ਜਨ ਕਾ ਦਾਸਨਿ ਦਸਨਾ॥*
*ਅੰਗ - 263*

ਰਸਨਾ ਤੇ ਬੈਠਾ ਬੋਲ ਪਿਆ, ਕਹਿ ਦਿਤਾ 'ਬੀਬੀ ਸੁਹਾਗ ਮਾਣ' ਬੀਬੀ ਨੇ ਨਮਸ਼ਕਾਰ ਕਰ ਦਿਤੀ ਤੇ ਕਹਿਣ ਲੱਗੀ, ਭਗਤ ਜੀ! ਮਹਾਰਾਜ! ਮੈਂ ਇਕ ਬੇਨਤੀ ਕਰਨੀ ਹੈ, ਆਪ ਜੀ ਨੇਤਰ ਖੋਲ੍ਹੋ। ਨਾਮਦੇਵ ਜੀ ਨੇ ਨੇਤਰ ਖੋਲ੍ਹ ਲਏ। ਕਹਿਣ ਲੱਗੀ ਮਹਾਰਾਜ! ਆਪ ਦਾ ਬਚਨ ਹੋ ਗਿਆ ਹੈ ਕਿ ਸੁਹਾਗ ਮਾਣ ਬੀਬੀ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਬੀਬੀ ਰੋਂਦੀ ਕਿਉਂ ਹੈਂ? ਕਹਿਣ ਲੱਗੀ, ਮਹਾਰਾਜ! ਮੇਰਾ ਸੁਹਾਗ ਉਹ ਅਰਥੀ ਤੇ ਜਾ ਰਿਹਾ ਹੈ। ਮੇਰਾ ਪਤੀ ਤਾਂ ਉਸ ਅਰਥੀ ਤੇ ਜਾ ਰਿਹਾ ਹੈ। ਮੇਰਾ ਪਤੀ ਆਪ ਦਾ ਪ੍ਰੇਮੀ ਸੀ, ਇਸ ਦਾ ਨਾਮ 'ਜਾਦੋ' ਸੀ। ਪਰ ਮੈਂ ਆਪ ਜੀ ਦੇ ਸਤਸੰਗ ਵਿਚੋਂ ਹੀ ਐਸਾ ਬਚਨ ਸੁਣਿਆ ਹੈ -

*ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ -2, 2.*
*ਮਾਈ ਸਤਿ ਸਤਿ ਸਤਿ*
*ਹਰਿ ਸਤਿ ਸਤਿ ਸਤਿ ਸਾਧਾ॥ ਅੰਗ - 1204*

ਵਾਹਿਗੁਰੂ ਤੇ ਉਹਦੇ ਪਿਆਰੇ ਦੋਨੋਂ ਸਤਿ ਹੋਇਆ ਕਰਦੇ ਹਨ-

*ਬਚਨੁ ਗੁਰੂ ਜੋ ਪੂਰੈ ਕਹਿਓ*
*ਮੈ ਛੀਕਿ ਗਾਂਠਰੀ ਬਾਧਾ॥*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ.............॥*
*ਅੰਗ - 1204*

ਸੂਰਜ ਚੰਦਰਮਾ ਸਭ ਨਾਸ਼ ਹੋ ਜਾਣਗੇ -

*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ॥*
*ਅੰਡ ਬਿਨਾਸੀ ਜੇਰ ਬਿਨਾਸੀ*
*ਉਤਭੁਜ ਸੇਤ ਬਿਨਾਧਾ॥*
*ਚਾਰਿ ਬਿਨਾਸੀ ਖਟਹਿ ਬਿਨਾਸੀ*
*ਇਕਿ ਸਾਧ ਬਚਨ ਨਿਹਚਲਾਧਾ॥*
*ਰਾਜ ਬਿਨਾਸੀ ਤਾਮ ਬਿਨਾਸੀ*
*ਸਾਤਕੁ ਭੀ ਬੇਨਾਧਾ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ*
*ਇਕਿ ਸਾਧ ਬਚਨ ਆਗਾਧਾ॥*
*ਆਪੇ ਆਪਿ ਆਪ ਹੀ ਆਪੇ*
*ਸਭੁ ਆਪਨ ਖੇਲੁ ਦਿਖਾਧਾ॥*
*ਪਾਇਓ ਨ ਜਾਈ ਕਹੀ ਭਾਂਤਿ ਰੇ*
*ਪ੍ਰਭੁ ਨਾਨਕ ਗੁਰ ਮਿਲਿ ਲਾਧਾ॥ ਅੰਗ - 1204*

ਕਹਿਣ ਲੱਗੀ ਮਹਾਰਾਜ! ਆਪ ਹੀ ਸਤਿਸੰਗ ਵਿਚ ਕਿਹਾ ਕਰਦੇ ਹੋ ਕਿ ਸਾਧੂ ਦਾ ਬਚਨ ਅਫਲ ਨਹੀਂ ਜਾਇਆ ਕਰਦਾ।

ਗੁਰੂ ਘਰ ਦੇ ਅੰਦਰ ਇਕ ਸੰਤ ਹੋਏ, ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ; ਭਾਈ ਗੋਦੜੀਆ ਸੀ ਉਹਨਾਂ ਦਾ ਨਾਮ। ਆਪ ਭਾਈ ਗੌਰਾ ਜੋ ਭਾਈ ਭਗਤੂ ਦਾ ਲੜਕਾ ਸੀ, ਉਹਨਾਂ ਕੋਲ ਰਿਹਾ ਕਰਦੇ ਸਨ। ਭਾਈ ਗੌਰਾ ਇਕ ਨੌਕਰ ਤੇ ਨਰਾਜ਼ ਹੋ ਗਏ ਤੇ ਉਸ ਨੂੰ ਕੁੱਟਣ ਲੱਗ ਪਏ, ਤੇ ਭਾਈ ਗੋਦੜੀਆ ਦੇਖ ਰਿਹਾ ਹੈ, ਚੱਕੀ ਵਿਚ ਘੋੜਿਆਂ ਵਾਸਤੇ ਦਾਣਾ ਪੀਸ ਰਹੇ ਸਨ। ਉਥੇ ਬੈਠੇ ਹੀ ਕਹਿਣ ਲੱਗ ਪਏ ਕਿ ਨੌਕਰ ਨੂੰ ਕਿਉਂ ਮਾਰੀ ਜਾਂਦਾ ਹੈਂ? ਐਨਾ ਕਿਉਂ ਆਫਰ ਗਿਆ ਹੈਂ? ਨੌਕਰ ਨੂੰ ਤਾਂ ਛੱਡ ਦਿੱਤਾ, ਥੋੜ੍ਹੀ ਦੇਰ ਨੂੰ ਭਾਈ ਗੌਰੇ ਨੂੰ ਅਫਰੇਵਾਂ ਹੋ ਗਿਆ। ਭਾਈ ਗੌਰਾ ਬਹੁਤ ਡਰ ਗਿਆ ਤੇ ਆ ਕੇ ਗੋਦੜੀਏ ਨੂੰ ਹੱਥ ਬੰਨ੍ਹ ਕੇ ਕਹਿਣ ਲੱਗੇ, ਭਾਈ ਤੂੰ ਹੁਣ ਐਥੋਂ ਜਾਹ, ਗੋਦੜੀਆ ਜੀ ਤੁਹਾਡੇ ਬਚਨ ਤਾਂ ਅਮੋਘ ਬਾਣ ਹਨ। ਤੁਸੀਂ ਮੈਨੂੰ ਕਿਹਾ ਕਿ ਕਿਉਂ ਆਫਰਿਆ ਹੈਂ, ਮੈਨੂੰ ਅਫਰੇਵਾਂ ਹੋ ਗਿਆ। ਹੁਣ ਤੁਸੀਂ ਕਿਸੇ ਤਰੀਕੇ ਨਾਲ ਮੇਰਾ ਇਹ ਅਫਰੇਵਾਂ ਉਤਾਰ ਦੇਵੋ। ਆਪ ਨੇ ਚੱਕੀ ਵਿਚੋਂ ਆਟੇ ਦੀ ਚੁਟਕੀ ਲਈ ਅਤੇ ਭਾਈ ਗੌਰੇ ਨੂੰ ਕਿਹਾ ਇਸਨੂੰ ਪੀ ਲੈ।

ਪੀ ਕੇ ਉਹ ਸੁਅਸਥ ਹੋ ਗਿਆ।

ਭਾਈ ਗੋਦੜੀਆ ਘਰ ਚਲੇ ਗਏ। ਹਰ ਵਕਤ ਨਾਮ ਜਪਦੇ ਸੀ, ਹਰ ਵਕਤ ਉਚੀ ਬਿਰਤੀ ਵਿਚ ਰਹਿੰਦੇ ਸਨ, ਕਿਸੇ ਨਾਲ ਕੋਈ ਗੱਲ ਨਹੀਂ ਸਨ ਕਰਦੇ। ਉਥੇ ਉਹਨਾਂ ਦੇ ਘਰਦਿਆਂ ਨੇ ਭਾਈ ਗੋਦੜੀਏ ਨੂੰ ਖੇਤ ਵਿਚੋਂ ਸਰ੍ਹੋਂ ਪੁੱਟਣ ਲਈ ਭੇਜ ਦਿਤਾ ਤੇ ਸਵੇਰ ਤੋਂ ਰੋਟੀ ਹੀ ਨਾ ਭੇਜੀ, ਸ਼ਾਮ ਪੈ ਗਈ। ਉਹਨਾਂ ਦੇ ਮਿਲਣ ਵਾਲਾ ਕੋਈ ਸੰਗੀ ਆਇਆ ਤੇ ਕਹਿਣ ਲੱਗਾ, ਭਾਈ ਗੋਦੜੀਆ! ਕੀ ਕਰਦੈਂ? ਕਹਿਣ ਲੱਗੇ, ਘਰਦਿਆਂ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ। ਇਕ ਹਫਤੇ ਦੇ ਅੰਦਰ ਸਾਰਾ ਟੱਬਰ ਹੀ ਮਰ ਗਿਆ, ਵਿਹਲਾ ਹੋ ਗਿਆ, ਇਕੱਲਾ ਹੀ ਹੋ ਗਿਆ। ਕਹਿੰਦੇ, ਹੁਣ ਜਿਧਰ ਜੀਅ ਕਰੇਗਾ, ਓਧਰ ਹੀ ਚਲਾਂਗੇ ਕਿਉਂਕਿ ਸਾਧੂਆਂ ਅੰਦਰ ਕੋਈ ਰਾਗ ਦ੍ਵੈਸ਼ ਨਹੀਂ ਹੋਇਆ ਕਰਦੀ। ਅੱਗੇ ਚਲੇ ਗਏ, ਇਕ ਮਾਈ ਆਈ, ਕਹਿਣ ਲੱਗੀ ਭਾਈ ਗੋਦੜੀਆ ਜੀ, ਮੈਂ ਤੁਹਾਨੂੰ ਪ੍ਰਸ਼ਾਦਾ ਛਕਾਉਣਾ ਹੈ, ਮੰਨ ਗਏ ਪ੍ਰਸ਼ਾਦੇ ਵਾਸਤੇ ਮਾਈ ਪ੍ਰਸ਼ਾਦਾ ਲੈ ਆਈ, ਦਹੀਂ ਵਿਚ ਉਸ ਕੋਲੋਂ ਮਿਰਚਾਂ ਜ਼ਿਆਦਾ ਪੈ ਗਈਆਂ। ਉਹ ਜਦੋਂ ਖਾਣ, ਜੀਭ ਤੇ ਮਿਰਚਾਂ ਲੜਨ। ਜਦੋਂ ਮਾਈ ਹੱਥ ਧੁਆ ਕੇ ਆ ਗਈ, ਜਦੋਂ ਅਰਦਾਸ ਕਰਕੇ ਵਿਹਲੇ ਹੋਏ ਤਾਂ ਕਹਿਣ ਲੱਗੇ ਸੱਪ ਲੜਨੀਏ ਤੂੰ ਮਿਰਚਾਂ ਬਹੁਤ ਪਾ ਦਿਤੀਆਂ। ਮਾਈ ਨੂੰ ਦੂਜੇ ਦਿਨ ਹੀ ਸੱਪ ਲੜ ਗਿਆ ਤੇ ਮਰ ਗਈ। ਸਹਿਜ ਸੁਭਾਅ ਐਸਾ ਹੀ ਬਚਨ ਹੋਇਆ ਕਰਦਾ ਹੈ।

ਸੋ ਉਸ ਬੀਬੀ ਨੇ ਨਾਮਦੇਵ ਜੀ ਨੂੰ ਕਿਹਾ ਕਿ ਆਪ ਨੇ ਤਾਂ 'ਸੁਹਾਗ ਮਾਣ' ਦਾ ਬਚਨ ਕਰ ਦਿਤਾ। ਸੋ ਨਾਮਦੇਵ ਜੀ ਸੋਚਣ ਲੱਗ ਪਏ ਕਿ ਬਿਨਾਂ ਵਿਚਾਰੇ ਹੀ ਮੈਂ ਬਚਨ ਕਰ ਦਿਤਾ ਸੁਰਤੀ ਤੋਂ ਹੇਠਾਂ ਉਤਰ ਆਏ, ਸੋਚਣ ਲੱਗ ਪਏ ਕਿ ਮੈਂ ਹੁਣ ਕੀ ਕਰਾਂ, ਮੇਰੇ ਮੂੰਹੋਂ ਤਾਂ ਸਹਿਜ ਸੁਭਾਅ ਹੀ ਨਿਕਲ ਗਿਆ ਹੈ। ਜਦੋਂ ਪਰੇਸ਼ਾਨੀ ਵਧਣ ਲਗੀ ਤਾਂ ਅੰਦਰੋਂ ਆਵਾਜ਼ ਆਈ ਕਿ ਤੂੰ ਨਹੀਂ ਸੀ ਬੋਲਿਆ, ਅੰਦਰੋਂ ਮੈਂ ਹੀ ਬੋਲਿਆ ਸੀ। ਤੂੰ ਕਿਉਂ ਐਵੇਂ ਪ੍ਰੇਸ਼ਾਨ ਹੁੰਦੈਂ, ਮੈਂ ਤਾਂ ਤੇਰਾ ਜੱਸ ਕਰਾਉਣਾ ਹੈ। ਤੂੰ ਉਠ ਕੇ ਰਾਮ ਰਾਮ ਕਹਿ ਕੇ ਇਸ ਦੇ ਪਤੀ ਨੂੰ ਮੋਢੇ ਤੋਂ ਫੜ ਕੇ ਖੜ੍ਹਾ ਕਰ ਦੇ। ਸੋ ਅੰਦਰਲੀ ਆਵਾਜ਼ ਆ ਗਈ। ਸਾਧ ਸੰਗਤ ਜੀ ਜਿਥੇ ਫੁਰਨਾ ਨਾ ਹੋਵੇ ਉਥੇ ਪਰਮੇਸ਼ਰ ਬੋਲਦਾ ਹੈ –

***ਹੁਕਮਿ ਰਜਾਈ ਚਲਣਾ***
***ਨਾਨਕ ਲਿਖਿਆ ਨਾਲਿ॥*** ***ਅੰਗ – 1***

ਉਹਦਾ ਹੁਕਮ ਹੀ ਚਲਿਆ ਕਰਦਾ ਹੈ। ਨਾਮਦੇਵ ਜੀ ਉਠ ਖਲੋਤੇ ਤੇ ਮੋਢੇ ਤੋਂ ਫੜ ਕੇ ਕਹਿਣ ਲੱਗੇ, ਉਠ ਗੁਰਮੁਖਾ! ਰਾਮ ਰਾਮ ਕਹਿ। ਭਾਈ ਜਾਦੋ ਤਾਂ ਐਂ ਉਠ ਕੇ ਬਹਿ ਗਿਆ ਜਿਵੇਂ ਪਹਿਲਾਂ ਸੁੱਤਾ ਪਿਆ ਸੀ। ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਸਾਧ ਸੰਗਤ ਜੀ! ਜਿਹੜੇ ਚੁਗਲ ਹੁੰਦੇ ਹਨ, ਨਿੰਦਕ ਹੁੰਦੇ ਹਨ ਉਹਨਾਂ ਨੂੰ ਇਹ ਗੱਲਾਂ ਬੜੀਆਂ ਚੁਭਦੀਆਂ ਹਨ। ਉਹਨਾਂ ਨੇ ਜਾ ਕੇ ਸਲੇਮਸ਼ਾਹ ਬਾਦਸ਼ਾਹ ਸ਼ੇਰਸ਼ਾਹ ਸੂਰੀ ਦੇ ਖਾਨਦਾਨ ਵਿਚੋਂ ਉਹ ਬੜਾ ਜ਼ਾਲਮ ਬਾਦਸ਼ਾਹ ਸੀ, ਨੂੰ ਦੱਸੀ। ਉਸ ਨੂੰ ਜਾ ਕੇ ਕਹਿਣ ਲੱਗੇ, ਨਵਾਬ ਸਾਹਿਬ! ਦੇਖੋ ਕੀ ਹੋ ਰਿਹਾ ਹੈ, ਇਕ ਕਾਫਰ ਮਰਿਆਂ ਹੋਇਆਂ ਨੂੰ ਜੀਊਂਦੇ ਕਰ ਰਿਹਾ ਹੈ। ਸ਼ਿਕਾਇਤ ਕਰ ਦਿਤੀ ਤੇ ਕਹਿਣ ਲੱਗੇ, ਮਹਾਰਾਜ! ਜੇਕਰ ਇਹ ਨਾ ਰੋਕਿਆ ਤਾਂ ਬੜਾ ਕੁਫਰ ਹੋ ਜਾਏਗਾ, ਬੜਾ ਗਲਤ ਬੰਦਾ ਹੈ, ਨਾਮਦੇਵ ਬੜਾ ਚੇਟਕੀ ਹੈ। ਸੋ ਬਾਦਸ਼ਾਹ ਦੇ ਕੰਨ ਭਰ ਦਿਤੇ ਗਏ। ਲੋਕ ਕਹਿੰਦੇ ਹਨ ਕਿ ਇਸ ਨੇ ਦੇਹੁਰਾ ਫੇਰ ਦਿਤਾ ਸੀ। ਹੁਣ ਮਰਿਆ ਬੰਦਾ ਜੀਊਂਦਾ ਕਰ ਦਿਤਾ ਹੈ, ਅੱਲਾਹ ਨੇ ਇਸ ਦਾ ਛੱਪਰ ਬਣਾ ਦਿਤਾ, ਸਾਰਾ ਪਖੰਡ ਕਰੀ ਜਾਂਦਾ ਹੈ। ਸੋ ਬਾਦਸ਼ਾਹ ਸਲੇਮਸ਼ਾਹ ਦੇ ਕੰਨ ਭਰ ਦਿਤੇ ਕਿਉਂਕਿ ਇਹਨਾਂ ਲੋਕਾਂ ਦਾ ਕੁਦਰਤੀ ਹੀ ਸੰਤਾਂ ਨਾਲ ਵੈਰ ਹੋਇਆ ਕਰਦਾ ਹੈ, ਮਹਾਰਾਜ ਦਾ ਫੁਰਮਾਨ ਇਸ ਤਰ੍ਹਾਂ ਹੈ –

***ਧਾਰਨਾ – ਸੰਤਾਂ ਨਾਲ ਵੈਰ ਕਮਾਵਦੇ –2, 2***
***ਦੁਸਟਾਂ ਨਾਲਿ ਮੋਹੁ ਪਿਆਰੁ –2, 2.***
***ਅਗੈ ਪਿਛੈ ਸੁਖ ਨਹੀ, –2, 2.***
***ਮਰਿ ਜੰਮਹਿ ਵਾਰੋ ਵਾਰ –2, 2.***
***ਸੰਤਾਂ ਨਾਲ ਵੈਰ ਕਮਾਵਦੇ –2, 2.***
***ਤ੍ਰਿਸਨਾ ਕਦੇ ਨਾ ਬੁਝਈ 2, 2.***
***ਦੁਬਿਧਾ ਹੋਇ ਖੁਆਰੁ –2, 2.***
***ਸੰਤਾਂ ਨਾਲ ਵੈਰ ਕਮਾਵਦੇ –2, 2.***
***ਮੁਹ ਕਾਲੇ ਤਿਨਾ ਨਿੰਦਕਾ,***
***ਤਿਤੁ ਸਚੈ ਦਰਬਾਰਿ –2.***
***ਸੰਤਾਂ ਨਾਲ ਵੈਰ ਕਮਾਵਦੇ –2, 2.***
***ਨਾਨਕ ਨਾਮ ਵਿਹੂਣਿਆ,***
***ਨਾ ਉਰਵਾਰਿ ਨ ਪਾਰਿ –2.***

ਉਹਨਾਂ ਦਾ ਦੁਸ਼ਟ ਆਤਮਾਵਾਂ ਨਾਲ ਤਾਂ ਪਿਆਰ ਹੋਇਆ ਕਰਦਾ ਹੈ; ਜਿਹੜੇ ਸੰਸਾਰ ਦਾ ਭਲਾ ਚਾਹੁਣ, ਸੰਸਾਰੀ ਜੀਵਾਂ ਨੂੰ ਜਮਾਂ ਤੋਂ ਛੁਡਾਉਣ ਵਾਸਤੇ ਦਿਨ ਰਾਤ ਤੁਰੇ ਫਿਰਨ, ਉਹਨਾਂ ਦਾ ਕੁਦਰਤੀ ਹੀ ਉਹਨਾਂ ਨਾਲ ਵੈਰ ਹੋ ਜਾਇਆ ਕਰਦਾ ਹੈ। ਈਰਖਾਲੂਆਂ ਨੇ ਈਰਖਾ ਕਰਕੇ ਬਾਦਸ਼ਾਹ ਨੂੰ ਚੁਕ ਦਿਤਾ। ਕਹਿਣ ਲੱਗਿਆ, ਹੈਂ ਐਸੀ ਬਾਤ ਹੈ? ਸੋ ਇੰਨੇ ਚਿਰ ਵਿਚ ਖਬਰ ਆ ਗਈ ਕਿ ਬਾਦਸ਼ਾਹ ਸਲਾਮਤ! ਜੋ ਆਪ ਦੀ ਸਭ ਤੋਂ ਚੰਗੀ ਗਊ ਸੀ ਉਹ ਮਰ ਗਈ। ਬਾਦਸ਼ਾਹ ਕਹਿਣ ਲੱਗਾ, ਹੈਂ ਸਾਡੀ ਗਊ ਮਰ ਗਈ? ਹੁਣੇ ਦੇਖ ਲੈਂਦੇ ਹਾਂ, ਪਤਾ ਲੱਗ ਜਾਏਗਾ ਕਿ ਜੇਕਰ ਨਾਮਦੇਵ ਮਰੇ ਹੋਏ ਬੰਦਿਆਂ ਨੂੰ ਜੀਊਂਦਾ ਕਰਦਾ ਹੈ ਤਾਂ ਸਾਡੀ ਗਊ ਵੀ ਜੀਊਂਦੀ ਕਰ ਦੇਵੇਗਾ। ਕਹਿਣ ਲੱਗਾ, ਨਾਮਦੇਵ ਦੀ ਐਨੀ ਹਿੰਮਤ ਕਿ ਮਰੇ ਹੋਏ ਬੰਦਿਆਂ ਨੂੰ ਜਿਉਂਦੇ ਕਰਕੇ ਕੁਫਰ ਕਮਾਉਂਦਾ ਹੈ? ਜਾਓ ਨਾਮਦੇਵ ਨੂੰ ਬੰਨ ਕੇ ਲਿਆਓ, ਉਸੇ ਵਕਤ ਹੁਕਮ ਦੇ ਦਿਤਾ। ਸਿਪਾਹੀ ਇਕੱਠੇ ਹੋ ਕੇ ਚਲੇ ਗਏ ਤੇ ਨਾਮਦੇਵ ਜੀ ਨੂੰ ਹੱਥਕੜੀਆਂ ਲਾ ਕੇ ਲੈ ਆਏ। ਸੰਤ ਗਿਆਨੇਸ਼ਵਰ ਜੀ ਤੇ ਬਾਕੀ ਸਾਰੀ ਸੰਤ ਮੰਡਲੀ ਨਾਲ ਹੈ। ਉਹ ਹੈਰਾਨ ਹੋ ਰਹੇ ਹਨ ਕਿ ਨਾਮਦੇਵ ਜੀ ਕੋਲੋਂ ਕਿਹੜਾ ਗੁਨਾਹ ਹੋ ਗਿਆ, ਜੋ ਹੱਥਕੜੀਆਂ ਲਾ ਕੇ ਲਿਜਾ ਰਹੇ ਹਨ। ਇਹ ਤਾਂ ਕੁਝ ਨਹੀਂ ਕਰਦੇ, ਕੇਵਲ ਭਜਨ ਕਰਦੇ ਹਨ ਕਿ

ਕਿਸੇ ਨੂੰ ਮਾੜਾ ਨਹੀਂ ਕਹਿੰਦੇ। ਸੰਤ ਕਿਸੇ ਨੂੰ ਮਾੜਾ ਨਹੀਂ ਕਹਿੰਦੇ। ਕੇਵਲ ਸਤਿ ਦੀ ਗੱਲ ਜ਼ਰੂਰ ਕਹਿ ਦਿੰਦੇ ਹਨ। ਭਾਈ ਇਹ ਗੱਲ ਗਲਤ ਹੋ ਰਹੀ ਹੈ। ਗੁਰੂ ਮਹਾਰਾਜ ਨੇ ਵੀ ਕਹਿ ਦਿਤਾ ਸੀ -

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ॥ ਅੰਗ - 145***

ਸਚਿ ਬੋਲ ਦਿਤਾ ਸੀ ਉਹਨਾਂ ਨੇ। ਇਹ ਤਾਂ ਰਾਜੇ ਨੂੰ ਵੀ ਮੱਤ ਦਿੰਦੇ ਹਨ ਕਿ ਭਾਈ ਤੂੰ ਨਿਆਂ ਕਰ।

***"ਰਾਜੇ ਚੁਲੀ ਨਿਆਵ ਕੀ"*** ਤੇਰਾ ਧਰਮ ਹੀ ਨਿਆਂ ਕਰਨਾ ਹੈ। ਉਹਨਾਂ ਦਾ ਵਿਰੋਧ ਤਾਂ ਹੁੰਦਾ ਨਹੀਂ ਕਿਸੇ ਨਾਲ। ਫੇਰ ਵੀ ਇਹਨਾਂ ਨੂੰ ਤੰਗ ਕਰਦੇ ਹਨ।

ਜਦੋਂ ਨਾਮਦੇਵ ਜੀ ਨੂੰ ਗ੍ਰਿਫਤਾਰ ਕਰਨ ਗਏ, ਬਸ ਬਾਦਸ਼ਾਹ ਦਾ ਮਜ਼ਾਜ ਦੇਖ ਕੇ, ਜਿਹੜੇ ਹੇਠਲੇ ਹੁੰਦੇ ਹਨ ਉਹ ਦਸ ਗੁਣਾਂ ਜ਼ਿਆਦਾ ਤੰਗ ਕਰਦੇ ਹਨ। ਫੜ ਕੇ ਕੁੱਟਣ ਹੀ ਲਗ ਜਾਂਦੇ ਹਨ। ਜੇ ਕਹਿ ਦੇਣ ਫਲਾਣੇ ਨੂੰ ਫੜ ਕੇ ਲਿਆਓ ਤਾਂ ਕਹਿਣ ਲੱਗ ਜਾਂਦੇ ਹਨ, ਹਾਂ, ਚੰਗੀ ਤਰ੍ਹਾਂ ਮੁਰੰਮਤ ਕਰਕੇ ਲਿਆਵਾਂਗੇ। ਸੋ ਨਾਮਦੇਵ ਜੀ ਨੂੰ ਬੜੇ ਨਿਰਾਦਰ ਦੇ ਨਾਲ ਸਲੇਮਸ਼ਾਹ ਦੀ ਕਚਹਿਰੀ ਵਿਚ ਪੇਸ਼ ਕਰ ਦਿਤਾ ਅਤੇ ਉਹ ਬੜੀ ਬੇਰੁਖੀ ਦੇ ਨਾਲ ਬੋਲਿਆ -

***ਸੁਲਤਾਨੁ ਪੂਛੈ ਸੁਨੁ ਬੇ ਨਾਮਾ॥***
***ਦੇਖਉ ਰਾਮ ਤੁਮਾਰੇ ਕਾਮਾ॥ ਅੰਗ - 1165***

ਮੈਂ ਸੁਣਿਐਂ ਤੇਰਾ ਰਾਮ ਤੇਰੇ ਸਾਰੇ ਕੰਮ ਕਰਦਾ ਹੈ। ਸਾਰੀਆਂ ਗੱਲਾਂ ਝੂਠੀਆਂ ਹਨ। ਮੈਂ ਦੇਖਣਾ ਚਾਹੁੰਦਾ ਹਾਂ ਕਿ ਤੇਰਾ ਰਾਮ ਕੀ ਕੰਮ ਕਰਦਾ ਹੈ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਰਾਮ ਤੁਮਾਰੇ ਕਾਮਾ,***
***ਵੇਖੋਂ, ਰਾਮ ਤੁਮਾਰੇ ਕਾਮਾ -2, 2.***
***ਸੁਲਤਾਨੁ ਪੂਛੈ ਸੁਨੁ ਬੇ ਨਾਮਾ॥***
***ਦੇਖਉ ਰਾਮ ਤੁਮਾਰੇ ਕਾਮਾ॥***
***ਨਾਮਾ ਸੁਲਤਾਨੇ ਬਾਧਿਲਾ॥***
***ਦੇਖਉ ਤੇਰਾ ਹਰਿ ਬੀਠੁਲਾ॥ ਅੰਗ - 1165***

ਹੁਣ ਤੇਰੇ ਰੱਬ ਨੂੰ ਦੇਖਣਾ ਹੈ, ਤੇਰਾ ਰੱਬ ਕੀ ਕਰਦਾ ਹੈ।

***ਬਿਸਮਿਲਿ ਗਊ ਦੇਹੁ ਜੀਵਾਇ॥***
***ਨਾਤਰੁ ਗਰਦਨਿ ਮਾਰਉ ਠਾਂਇ॥***
***ਅੰਗ - 1165***

ਆਹ ਦੇਖ ਗਊ ਮਰੀ ਪਈ ਹੈ, ਜਾਂ ਤਾਂ ਇਸ ਨੂੰ ਜੀਊਂਦੀ ਕਰ ਦੇ, ਨਹੀਂ ਤਾਂ ਇਸ ਦੀ ਥਾਂ ਤੇ ਤੇਰੀ ਗਰਦਨ ਉਤਾਰ ਦਿਤੀ ਜਾਵੇਗੀ। ਮੈਂ ਦੇਖਣਾ ਚਾਹੁੰਦਾ ਹਾਂ ਤੇਰਾ ਰਾਮ ਕੀ ਕੰਮ ਕਰਦਾ ਹੈ। ਨਾਮਦੇਵ ਜੀ ਕਹਿਣ ਲੱਗੇ, "ਰਾਜਨ! ਸਾਰੇ ਸੰਸਾਰ ਨੂੰ ਪਤਾ ਹੈ ਕਿ ਰਾਮ ਕੀ ਕੰਮ ਕਰਦਾ ਹੁੰਦਾ ਹੈ?" ਬਾਦਸ਼ਾਹ ਪੁੱਛਣ ਲੱਗਾ, "ਸੱਚਮੁੱਚ ਕੁਝ ਕਰਦਾ ਹੈ?" ਨਾਮਦੇਵ ਜੀ ਨੇ ਕਿਹਾ, "ਹਾਂ ਕਰਦਾ ਹੈ।" ਪੁਛਿਆ, "ਕੀ ਕਰਦਾ ਹੈ?"

***ਧਾਰਨਾ - ਰਾਉ ਰੰਕ ਕਰ ਡਾਰੇ ਜੀ,***
***ਛਿਨ ਮਹਿ ਰਾਉ ਰੰਕ ਕੌ ਕਰਹੀ***
***ਛਿਨ ਮਹਿ ਰਾਉ ਰੰਕ ਕੌ ਕਰਹੀ -2, 2.***
***ਰਾਉ ਰੰਕ ਕਰ ਡਾਰੇ ਜੀ, .....***

ਨਾਮਦੇਵ ਜੀ ਨੇ ਕਿਹਾ, ਰਾਜਨ! ਮੇਰੇ ਰਾਮ ਜੀ ਦੇ ਕੰਮ ਪੁਛਦੇ ਹੋ? ਮੇਰਾ ਰਾਮ ਤਾਂ ਐਸਾ ਹੈ -

***ਰਾਜਾਸ੍ਰਮ ਮਿਤਿ ਨਹੀਂ ਜਾਨੀ ਤੇਰੀ॥***
***ਤੇਰੇ ਸੰਤਨ ਕੀ ਹਉ ਚੇਰੀ॥***
***ਹਸਤੋ ਜਾਇ ਸੁ ਰੋਵਤੁ ਆਵੈ***
***ਰੋਵਤੁ ਜਾਇ ਸੁ ਹਸੈ॥***
***ਬਸਤੋ ਹੋਇ ਹੋਇ ਸੁ ਊਜਰੁ ਊਜਰੁ ਹੋਇ ਸੁ ਬਸੈ॥***
***ਜਲ ਤੇ ਥਲ ਕਰਿ ਥਲ ਤੇ ਕੂਆ***
***ਕੂਪ ਤੇ ਮੇਰੁ ਕਰਾਵੈ॥***
***ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ॥***
***ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥***
***ਖਲ ਮੂਰਖ ਤੇ ਪੰਡਿਤੁ ਕਰਿਬੋ***
***ਪੰਡਿਤ ਤੇ ਮੁਗਧਾਰੀ॥***
***ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥***
***ਕਹੁ ਕਬੀਰ ਸਾਧੂ ਕੋ ਪ੍ਰੀਤਮੁ***
***ਤਿਸੁ ਮੂਰਤਿ ਬਲਿਹਾਰੀ॥ ਅੰਗ - 1252***

ਮੇਰਾ ਰਾਮ ਤਾਂ ਐਸਾ ਹੈ ਕਿ ਹੇਠਲਿਆਂ ਨੂੰ ਉਪਰ ਤੇ ਉਪਰਲਿਆਂ ਨੂੰ ਹੇਠਾਂ ਕਰ ਦਿੰਦਾ ਹੈ -

***ਹਰਿ ਕੀ ਗਤਿ ਨਹਿ ਕੋਊ ਜਾਨੈ॥***
***ਜੋਗੀ ਜਤੀ ਤਪੀ ਪਚਿ ਹਾਰੇ***
***ਅਰੁ ਬਹੁ ਲੋਗ ਸਿਆਨੇ॥***
***ਛਿਨ ਮਹਿ ਰਾਉ ਰੰਕ ਕਉ ਕਰਈ***
***ਰਾਉ ਰੰਕ ਕਰਿ ਡਾਰੇ॥***
***ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥***
***ਅੰਗ - 537***

ਭਰਿਆਂ ਨੂੰ ਖਾਲੀ ਕਰ ਦਿੰਦਾ ਹੈ, ਖਾਲੀਆਂ ਨੂੰ ਭਰ ਦਿੰਦਾ ਹੈ। ਜੋਗੀ ਜਪੀ ਤਪੀ ਖੋਜਦੇ ਖੋਜਦੇ ਥੱਕ ਗਏ ਪਰ ਕੋਈ ਭੀ ਪ੍ਰਭੂ ਦੀ ਕ੍ਰਿਆ ਨੂੰ ਸਮੁੱਚੇ ਤੌਰ ਤੇ ਕਥਨ ਨਹੀਂ ਕਰ ਸਕਦਾ। ਹਸਦਿਆਂ ਨੂੰ ਰੁਆ ਦਿੰਦਾ ਹੈ, ਰੋਂਦਿਆਂ ਨੂੰ ਹਾਸੇ ਬਖਸ਼ ਦਿੰਦਾ ਹੈ। ਘੁੱਘ ਵਸਦੀਆਂ ਬਸਤੀਆਂ ਨੂੰ ਉਜਾੜ ਦਿੰਦਾ ਹੈ, ਉਜਾੜਾਂ ਤੇ ਨਵੇਂ ਸ਼ਹਿਰ, ਮਕਾਨ, ਰਾਜਧਾਨੀਆਂ ਬਣ ਜਾਂਦੀਆਂ ਹਨ। ਗਹਿਰੇ ਪਾਣੀਆਂ ਦੇ ਭੰਡਾਰਾਂ ਨੂੰ ਥਲ ਬਣਾ ਦਿੰਦਾ ਹੈ ਅਤੇ ਥਲਾਂ ਵਿਚ ਪਾਣੀ ਹੀ ਪਾਣੀ ਕਰ ਦਿੰਦਾ ਹੈ। ਗਹਿਰਿਆਂ ਥਾਵਾਂ ਤੇ ਉਚੇ ਪਹਾੜ ਬਣਾ ਦਿੰਦਾ ਹੈ। ਹਾਰਿਆਂ ਹੋਇਆਂ ਦੀ ਮਹਿਮਾ ਕਰਾ ਕੇ ਅਕਾਸ਼ ਚੜ੍ਹਾ ਦਿੰਦਾ ਹੈ ਅਤੇ ਉਚੇ ਚੜ੍ਹਿਆਂ ਨੂੰ ਧਰਤੀ ਤੇ ਗਿਰਾ ਦਿੰਦਾ ਹੈ। ਭੇਖਾਰੀਆਂ ਗੁਲਾਮਾਂ ਨੂੰ ਤਖਤਾਂ ਦੇ ਮਾਲਕ, ਸਮਰਾਟ; ਸਮਰਾਟ, ਚਕਰਵਰਤੀ

***ਚਲਦਾ***..............

# ਸਤਿ ਬਚਨ ਸਾਧੂ ਕਹਹਿ
# (ਬਾਈਬਲ ਵਿਚੋਂ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

## ਸ਼ੁੱਧ-ਅਸ਼ੁੱਧ

ਸ਼ੁੱਧ ਲੋਕਾਂ ਦੇ ਲਈ ਸਭ ਵਸਤਾਂ ਸ਼ੁੱਧ ਹਨ, ਪਰ ਅਸ਼ੁੱਧ ਅਤੇ ਸ਼ਰਧਾਹੀਣ ਲੋਕਾਂ ਦੇ ਲਈ ਕੁਝ ਵੀ ਸ਼ੁੱਧ ਨਹੀਂ ਸਗੋਂ ਉਹਨਾਂ ਦੀ ਬੁੱਧੀ ਅਤੇ ਵਿਵੇਕ ਦੋਵੇਂ ਹੀ ਅਸ਼ੁੱਧ ਹਨ।

*(ਤੀਤੁਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੧/੧੫)*

## ਸਾਸ਼ਤ੍ਰ (ਧਰਮ)

ਹਰੇਕ ਪਵਿੱਤਰ ਸਾਸ਼ਤ੍ਰ ਈਸ਼ਵਰ ਦੀ ਪ੍ਰੇਰਨਾ ਨਾਲ ਰਚਿਆ ਗਿਆ ਹੈ ਅਤੇ ਉਪਦੇਸ਼, ਦੋਸ਼-ਦਰਸ਼ਨ, ਸੁਧਾਰ ਅਤੇ ਧਰਮ-ਸਿਖਿਆ ਦੇ ਲਈ ਲਾਭਦਾਇਕ ਹੈ ਤਾਂ ਜੋ ਰੱਬ ਦੇ ਬੰਦੇ ਪੂਰਨ ਬਣਨ ਅਤੇ ਹਰੇਕ ਭਲੇ ਕੰਮ ਲਈ ਤਤਪਰ ਰਹਿਣ।

*(ਤੀਮੋਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਦੂਜਾ ਪੱਤਰ ੧/੧੬-੧੭)*

ਸਾਸ਼ਤ੍ਰ ਦਾ ਕੋਈ ਵੀ ਸੰਦੇਸ਼ ਕਿਸੇ ਦੀ ਆਪਣੀ ਹੀ ਵਿਚਾਰਧਾਰਾ ਦੇ ਆਧਾਰ ਤੇ ਨਹੀਂ ਸਮਝਾਇਆ ਜਾ ਸਕਦਾ, ਕਿਉਂਕਿ ਕੋਈ ਵੀ ਸੰਦੇਸ਼ ਮਨੁੱਖ ਦੀ ਇੱਛਾ ਨਾਲ ਕਦੀ ਪ੍ਰਾਪਤ ਨਹੀਂ ਹੋਇਆ, ਪਰ ਭਗਤ ਜਨ ਆਪਣੀ ਪਵਿੱਤਰ ਆਤਮਾ ਦੇ ਦੁਆਰਾ ਪ੍ਰੇਰਿਤ ਹੋ ਕੇ ਈਸ਼ਵਰ ਦੇ ਵਲੋਂ ਉਹ ਸੰਦੇਸ਼ ਦਿੰਦੇ ਹਨ।

*(ਪਤਰਸ ਦੀ ਦੂਜੀ ਚਿੱਠੀ-੧/੨੦-੨੧)*

***ਧੁਰ ਕੀ ਬਾਣੀ ਆਈ॥***
***ਤਿਨਿ ਸਗਲੀ ਚਿੰਤ ਮਿਟਾਈ॥ ਅੰਗ - 628***

## ਸ਼ੁੱਧ ਅਤੇ ਨਿਰਮਲ ਧਰਮ

ਸ਼ੁੱਧ ਅਤੇ ਨਿਰਮਲ ਧਰਮ ਇਹ ਹੈ ਕਿ ਅਨਾਥਾਂ ਅਤੇ ਵਿਧਵਾਵਾਂ ਦੇ ਕਲੇਸ਼ ਵਿਚ ਉਹਨਾਂ ਦੀ ਸੁੱਧ ਲਈ ਜਾਵੇ ਅਤੇ ਆਪਣੇ ਆਪ ਨੂੰ ਨਿਸ਼-ਕਲੰਕ ਰਖਿਆ ਜਾਵੇ।

*(ਯਾਕੂਬ ਦੀ ਚਿੱਠੀ-੧/੨੭)*

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥***
***ਅੰਗ - 266***

## ਸੰਪੂਰਣ ਧਰਮ

ਜੇ ਕੋਈ ਧਰਮ ਸਾਸ਼ਤ੍ਰ ਦੀਆਂ ਸਾਰੀਆਂ ਆਗਿਆਵਾਂ ਦਾ ਪਾਲਣ ਕਰਦਾ ਹੈ ਪਰ ਕਿਸੇ ਇਕ ਆਗਿਆ ਵਿਚ ਭੁੱਲ ਕਰ ਜਾਂਦਾ ਹੈ ਤਾਂ ਉਹ ਸਭਨਾਂ ਗੱਲਾਂ ਵਿਚ ਦੋਸ਼ੀ ਠਹਿਰਦਾ ਹੈ, ਇਸ ਲਈ ਕਿ ਜਿਸਨੇ ਇਹ ਕਿਹਾ ਹੈ ਕਿ ਵਿਭਚਾਰ ਨਾ ਕਰੋ, ਉਸਨੇ ਇਹ ਵੀ ਕਿਹਾ ਹੈ ਕਿ ਹੱਤਿਆ ਨਾ ਕਰੋ। ਇਸ ਲਈ ਜੇਕਰ ਕਿਸੇ ਨੇ ਵਿਭਚਾਰ ਤਾਂ ਨਹੀਂ ਕੀਤਾ ਪਰ ਹੱਤਿਆ ਕੀਤੀ ਹੈ ਤਾਂ ਉਹ ਧਰਮ ਸਾਸ਼ਤ੍ਰ ਦੀ ਆਗਿਆ ਦਾ ਉਲੰਘਣ ਕਰਨ ਵਾਲਾ ਦੋਸ਼ੀ ਠਹਿਰਦਾ ਹੈ।

*(ਯਾਕੂਬ ਦੀ ਚਿੱਠੀ-੨/੧੦-੧੧)*

***ਸੀਲ ਸੰਤੋਖ ਸਦਾ ਨਿਰਬਾਹਿਬੋ***
***ਹ੍ਵੈਬੋ ਤ੍ਰਿਗੁਣ ਅਤੀਤਿ॥***
***ਕਾਮ ਕ੍ਰੋਧ ਹੰਕਾਰ ਲੋਭ ਹਠ***
***ਮੋਹ ਨ ਮਨ ਸਿਉ ਲਯਾਵੈ॥***
***(ਸ਼ਬਦ ਹਜ਼ਾਰੇ ਪਾ. 10)***

## ਭੋਜਨ

ਭੋਜਨ ਸਾਨੂੰ ਈਸ਼ਵਰ ਦੇ ਨੇੜੇ ਨਹੀਂ ਲਿਜਾਂਦਾ। ਜੇਕਰ ਅਸੀਂ ਨਾ ਖਾਈਏ ਤਾਂ ਸਾਡਾ ਕੋਈ ਨੁਕਸਾਨ ਨਹੀਂ ਅਤੇ ਜੇਕਰ ਖਾ ਲਈਏ ਤਾਂ ਕੁਝ ਲਾਭ ਨਹੀਂ।

*(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ - ੮/੮)*

ਜੋ ਖਾਂਦਿਆਂ-ਪੀਂਦਿਆਂ ਪ੍ਰਭੂ ਨੂੰ ਨਹੀਂ ਪਹਿਚਾਨਦਾ ਉਹ ਆਪਣੇ ਇਸ ਖਾਣ-ਪੀਣ ਨਾਲ ਆਪਣੇ ਆਪ ਨੂੰ ਦੰਡਿਤ ਕਰਦਾ ਹੈ। ਇਹੀ ਕਾਰਣ ਹੈ ਕਿ ਸਾਡੇ ਵਿਚੋਂ ਬਹੁਤ ਸਾਰੇ ਨਿਰਬਲ ਅਤੇ ਰੋਗੀ ਹਨ ਅਤੇ ਬਹੁਤ ਸਾਰੇ ਸੌਂ ਗਏ ਹਨ। *(ਉਹੀ-੧੧/੨੯-੩੦)*

***ਬਾਬਾ ਹੋਰੁ ਖਾਣਾ ਖੁਸੀ ਖੁਆਰੁ॥***
***ਜਿਤੁ ਖਾਧੈ ਤਨੁ ਪੀੜੀਐ***
***ਮਨ ਮਹਿ ਚਲਹਿ ਵਿਕਾਰ॥ ਅੰਗ - 16***
***ਅਲਪ ਅਹਾਰ ਸੁਲਪ ਸੀ ਨਿੰਦ੍ਰਾ***
***ਦਯਾ ਛਿਮਾ ਤਨ ਪ੍ਰੀਤਿ॥***
***(ਸ਼ਬਦ ਹਜ਼ਾਰੇ ਪਾ. ੧੦)***

## ਸ਼ਰਾਬ ਅਤੇ ਮਾਸ

ਕਿਉਂਕਿ ਨਾ ਤਾਂ ਕੋਈ ਸਾਡੇ ਵਿਚੋਂ ਆਪਣੇ ਲਈ ਜਿਉਂਦਾ ਹੈ ਅਤੇ ਨਾ ਕੋਈ ਆਪਣੇ ਲਈ ਮਰਦਾ ਹੈ, ਇਸ ਲਈ ਅਸੀਂ ਉਹਨਾਂ ਗੱਲਾਂ ਲਈ ਜਤਨਸ਼ੀਲ ਰਹੀਏ ਜਿਹਨਾਂ ਨਾਲ ਸ਼ਾਂਤੀ ਅਤੇ ਇਕ ਦੂਜੇ ਦੀ ਉਨਤੀ ਹੁੰਦੀ ਹੈ।

ਚੰਗਾਂ ਤਾਂ ਇਹੀ ਹੈ ਕਿ ਤੁਸੀਂ ਨਾ ਮਾਸ ਖਾਉ ਅਤੇ ਨਾ ਹੀ ਸ਼ਰਾਬ ਪੀਉ ਅਤੇ ਨਾ ਹੀ ਕੁਝ ਅਜਿਹਾ ਕਰੋ ਜਿਸ ਨਾਲ ਤੁਹਾਡੇ ਸਾਥੀ-ਭਰਾਵਾਂ ਨੂੰ ਠੋਹਕਰ ਲਗੇ, ਉਹ ਦੁਰਬਲ ਹੋਣ ਅਤੇ ਉਹਨਾਂ ਦਾ ਪਤਨ ਹੋਵੇ।

*(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੧੫/੭, ੧੯, ੨੧)*

***ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥***
***ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥***
***ਅੰਗ - 554***

## ਮੰਗੋਗੇ ਤਾਂ ਮਿਲੇਗਾ

ਮੰਗੋਗੇ ਤਾਂ ਦਿਤਾ ਜਾਵੇਗਾ, ਢੂੰਡੋਂਗੇ ਤਾਂ ਪਾਉਗੇ, ਖਟਖਟਾਉਗੇ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ, ਕਿਉਂਕਿ ਜੋ ਕੋਈ ਮੰਗਦਾ ਹੈ ਉਸਨੂੰ ਮਿਲਦਾ ਹੈ, ਜੋ ਢੂੰਡਦਾ ਹੈ ਉਹ ਪਾਂਦਾ ਹੈ ਅਤੇ ਜੋ ਖਟਖਟਾਉਂਦਾ ਹੈ, ਉਸਨੂੰ ਖੋਲ੍ਹਿਆ ਜਾਂਦਾ ਹੈ।

ਕੌਣ ਅਜਿਹਾ ਮਨੁੱਖ ਹੈ ਜੋ ਆਪਣੇ ਪੁੱਤਰ ਨੂੰ ਰੋਟੀ ਮੰਗਣ ਉਪਰ ਪੱਥਰ ਦੇਵੇਗਾ? ਜੇ ਬੁਰਾ ਹੋ ਕੇ ਵੀ ਮਨੁੱਖ ਆਪਣੇ ਬੱਚਿਆਂ ਨੂੰ ਚੰਗੀਆਂ ਵਸਤਾਂ ਦੇਣ ਲਈ ਤਤਪਰ ਰਹਿੰਦਾ ਹੈ ਤਾਂ ਪਰਮ ਪਿਤਾ ਪਰਮਾਤਮਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਕਿਉਂ ਨਹੀਂ ਦੇਵੇਗਾ। *(ਮੱਤੀ-੭/੭-੧੧)*

***ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ॥***
***ਅੰਗ - 681***

## ਕਰਮ ਅਤੇ ਫਲ

ਮਨੁੱਖ ਜੋ ਬੋਏਗਾ, ਉਹੀ ਕਟੇਗਾ। ਜੇ ਕੋਈ ਸਰੀਰਕ ਵਾਸ਼ਨਾਵਾਂ ਲਈ ਬੋਏਗਾ, ਉਸਨੂੰ ਵਿਨਾਸ਼ ਦੀ ਫਸਲ ਕੱਟਣੀ ਪਵੇਗੀ ਅਤੇ ਜੋ ਆਤਮਾ ਲਈ ਬੋਏਗਾ, ਉਹ ਆਤਮਾ ਦੁਆਰਾ ਅਨੰਤ ਜੀਵਨ ਦੀ ਫਸਲ ਕਟੇਗਾ।

ਇਸ ਲਈ ਸਾਨੂੰ ਸ਼ੁਭ ਕਰਮ ਕਰਨ ਲਈ ਨਾ ਤਾਂ ਆਲਸ ਕਰਨਾ ਚਾਹੀਦਾ ਹੈ ਅਤੇ ਨਾ ਹੀ ਉਕਤਾਣਾ ਚਾਹੀਦਾ ਹੈ, ਤਾਂ ਹੀ ਅਸੀਂ ਠੀਕ ਸਮੇਂ ਤੇ ਫਸਲ ਕੱਟ ਸਕਾਂਗੇ।

*(ਗਲਤੀਆਂ ਦੇ ਨਾਮ ਪੌਲੁਸ ਦਾ ਪੱਤਰ-੬/੭-੯)*

ਈਸ਼ਵਰ ਹਰੇਕ ਨੂੰ ਉਸਦੇ ਕਰਮਾਂ ਅਨੁਸਾਰ ਫਲ ਦੇਵੇਗਾ। ਜੋ ਕਰਮ ਵਿਚ ਸਥਿਰ ਰਹਿ ਕੇ ਮਹਿਮਾ, ਆਦਰ ਅਤੇ ਅਮਰਤਾ ਦੀ ਖੋਜ ਵਿਚ ਹਨ, ਉਹਨਾਂ ਨੂੰ ਅਨੰਤ ਜੀਵਨ ਦੇਵੇਗਾ। ਪਰ ਜੋ ਵਿਵਾਦੀ ਹਨ ਅਤੇ ਸੱਚ ਨੂੰ ਨਹੀਂ ਮੰਨਦੇ, ਸਗੋਂ ਅਧਰਮ ਨੂੰ ਮੰਨਦੇ ਹਨ, ਉਹ ਰੱਬ ਦੇ ਕੋਪ ਅਤੇ ਕ੍ਰੋਧ ਦੇ ਪਾਤਰ ਬਣਨਗੇ, ਕਿਉਂਕਿ ਈਸ਼ਵਰ ਪੱਖਪਾਤੀ ਨਹੀਂ ਹੈ।

*(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੨/੬-੧੧)*

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥***
***ਅੰਗ - 134***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥ ਅੰਗ - 433***

## ਕਰਮਕਾਂਡੀ-ਦੰਭੀ-ਨਿੰਦਕ

ਕਰਮਕਾਂਡੀ ਸ਼ਾਸਤ੍ਰੀ ਅਤੇ ਫਰੀਸੀ ਮੂਸਾ ਦੀ ਗੱਦੀ ਤੇ ਬੈਠੇ ਹਨ। ਇਸ ਲਈ ਉਹ ਜੋ ਕੁਝ ਕਹਿਣ, ਉਹ ਕਰਨਾ ਅਤੇ ਮੰਨਣਾ ਪਰ ਜੋ ਕੁਝ ਉਹ ਕਰਦੇ ਹਨ, ਉਹ ਨਾ ਕਰਨਾ ਕਿਉਂਕਿ ਉਹ ਜੋ ਕਹਿੰਦੇ ਹਨ, ਉਹ ਕਰਦੇ ਨਹੀਂ। *(ਮਤੀ-੨੩/੨-੩)*

ਹੇ ਸ਼ਾਸਤ੍ਰੀਉ ਅਤੇ ਫਰੀਸੀਉ, ਹੇ ਢੋਂਗੀਉ, ਤੁਹਾਨੂੰ ਧਿਤਕਾਰ! ਕਿਉਂਕਿ ਤੁਸੀਂ ਵਿਧਵਾਵਾਂ ਦੀਆਂ ਜਾਇਦਾਦਾਂ ਹੜੱਪ ਜਾਂਦੇ ਹੋ ਅਤੇ ਦਿਖਾਵਾ-ਮਾਤਰ ਲੰਮੀਆਂ-ਲੰਮੀਆਂ ਪ੍ਰਾਰਥਨਾਵਾਂ ਕਰਦੇ ਹੋ, ਇਸ ਕਾਰਣ ਤੁਸੀਂ ਮਹਾਨ ਦੰਡ ਦੇ ਭਾਗੀ ਬਣੋਂਗੇ।

ਹੇ ਸ਼ਾਸਤ੍ਰੀਉ ਅਤੇ ਫਰੀਸੀਉ, ਹੇ ਢੋਂਗੀਉ, ਤੁਹਾਡੇ ਤੇ ਲਾਹਨਤ! ਤੁਸੀਂ ਇਕ ਮਨੁੱਖ ਨੂੰ ਆਪਣੇ ਪੰਥ ਵਿਚ ਲਿਆਉਣ ਲਈ ਸਾਰੇ ਸਾਗਰ ਅਤੇ ਭੂਮੀਆਂ ਪਾਰ ਕਰ ਜਾਂਦੇ ਹੋ ਅਤੇ ਜਦੋਂ ਉਹ ਤੁਹਾਡੇ ਪੰਥ ਵਿਚ ਆ ਜਾਂਦਾ ਹੈ ਤਾਂ ਉਸਨੂੰ ਆਪਣੇ ਤੋਂ ਵੱਧ ਨਰਕੀ ਬਣਾ ਦਿੰਦੇ ਹੋ।

ਹੇ ਸਾਸ਼ਤ੍ਰੀਉ ਅਤੇ ਫਰੀਸੀਉ, ਹੇ ਢੋਂਗੀਉ, ਤੁਹਾਨੂੰ ਧਿਤਕਾਰ ਹੈ! ਤੁਸੀਂ ਪੁਦੀਨੇ, ਸੌਂਫ਼ ਅਤੇ ਜੀਰੇ ਦਾ ਦਸਵਾਂ ਹਿੱਸਾ ਧਰਮਾਰਥ ਦਿੰਦੇ ਹੋ, ਪਰ ਵਿਵਸਥਾ ਸਾਸ਼ਤ੍ਰ ਦੀਆਂ ਗੰਭੀਰ ਗੱਲਾਂ ਅਰਥਾਤ ਨਿਆਂ, ਦਇਆ ਅਤੇ ਸ਼ਰਧਾ ਵਲੋਂ ਅਵੇਸਲੇ ਹੋ। ਚਾਹੀਦਾ ਤਾਂ ਇਹ ਸੀ ਕਿ ਇਹਨਾਂ ਨਿੱਕੀਆਂ-ਨਿੱਕੀਆਂ ਵਸਤੂਆਂ ਨੂੰ ਤਿਆਗੇ ਬਿਨਾਂ ਤੁਸੀਂ ਇਹਨਾਂ ਮਹੱਤਵਪੂਰਣ ਗੱਲਾਂ ਨੂੰ ਵੀ ਆਪਣੇ ਜੀਵਨ ਵਿਚ ਅਪਣਾਉਂਦੇ।

ਹੇ ਅੰਨ੍ਹੇ ਮਾਰਗ-ਦਰਸ਼ਕੋ! ਤੁਸੀਂ ਮੱਛਰ ਨੂੰ ਤਾਂ ਛਾਨਣੀ ਵਿਚ ਛਾਣ ਲੈਂਦੇ ਹੋ, ਪਰ ਊਠ ਨੂੰ ਨਿਗਲ ਜਾਂਦੇ ਹੋ।

ਹੇ ਸਾਸ਼ਤ੍ਰੀਉ ਅਤੇ ਫਰੀਸੀਉ, ਹੇ ਢੌਂਗੀਉ, ਤੁਹਾਨੂੰ ਧਿਤਕਾਰ ਹੈ। ਤੁਸੀਂ ਕਟੋਰੇ ਅਤੇ ਥਾਲੀ ਨੂੰ ਉਪਰੋਂ-ਉਪਰੋਂ ਤਾਂ ਮਾਂਜਦੇ ਹੋ ਪਰ ਉਹ ਅੰਦਰੋਂ ਅਤਿਆਚਾਰ ਅਤੇ ਅਸੰਜਮ ਦੀ ਗੰਦਗੀ ਨਾਲ ਭਰੇ ਹੁੰਦੇ ਹਨ।

ਹੇ ਅੰਨ੍ਹੇ ਫਰੀਸੀ! ਪਹਿਲਾਂ ਕਟੋਰੇ ਅਤੇ ਥਾਲੀ ਨੂੰ ਅੰਦਰੋਂ ਮਾਂਜ ਤਾਂ ਜੋ ਉਹ ਬਾਹਰੋਂ ਵੀ ਸਵੱਛ ਹੋ ਨਿਬੜੇ।

*(ਮੱਤੀ - ੨੩/੧੪-੨੬)*

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥***
***ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥***
***ਅੰਗ - 729***

***ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥***
***ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥***
***ਅੰਗ - 729***

## ਉਪਵਾਸ

ਜਦੋਂ ਉਪਵਾਸ ਕਰੋ ਤਾਂ ਢੌਂਗੀਆਂ ਵਾਂਗ ਮੂੰਹ ਨਾ ਬਣਾਈ ਰਖੋ ਕਿ ਲੋਕ ਤੁਹਾਨੂੰ ਉਪਵਾਸੀ ਸਮਝਣ। ਢੌਂਗੀਆਂ ਦੀ ਨਿਆਈਂ ਤੁਹਾਡੇ ਚਿਹਰੇ ਤੇ ਉਦਾਸੀ ਨਹੀਂ ਛਾਈ ਹੋਣੀ ਚਾਹੀਦੀ। ਤੁਸੀਂ ਇਸ ਦੇ ਉਲਟ ਸਿਰ ਉਪਰ ਤੇਲ ਮਲ ਕੇ ਅਤੇ ਮੂੰਹ ਧੋ ਕੇ ਆਪਣਾ ਮੂੰਹ-ਮੱਥਾ ਸੰਵਾਰੋ ਤਾਂ ਜੋ ਲੋਕਾਂ ਨੂੰ ਨਹੀਂ, ਅੰਤਰਜਾਮੀ ਪਿਤਾ ਨੂੰ ਪਤਾ ਲਗੇ ਕਿ ਤੁਸਾਂ ਉਪਵਾਸ ਰੱਖਿਆ ਹੈ। ਅਜਿਹੀ ਹਾਲਤ ਵਿਚ ਉਹ ਤੁਹਾਨੂੰ ਜ਼ਰੂਰ ਫਲ ਦੇਵੇਗਾ।

*(ਮੱਤੀ-੬/੧੬-੧੮)*

## ਦੂਜਿਆਂ ਉਪਰ ਦੋਸ਼-ਅਰੋਪ

ਕਿਸੇ ਉਪਰ ਦੋਸ਼ ਨਾ ਲਗਾਉ ਤਾਂ ਜੋ ਤੁਹਾਡੇ ਉਪਰ ਵੀ ਦੋਸ਼ ਨਾ ਲਗਾਇਆ ਜਾਏ, ਕਿਉਂਕਿ ਜਿਸ ਕਸੌਟੀ ਨਾਲ ਤੁਸੀਂ ਤੋਲੋਗੇ, ਉਹੀ ਤੁਹਾਡੇ ਉਪਰ ਵੀ ਲਾਗੂ ਹੋਵੇਗੀ ਅਤੇ ਜਿਸ ਨਾਪ ਨਾਲ ਤੁਸੀਂ ਨਾਪਦੇ ਹੋ, ਉਸੇ ਨਾਲ ਤੁਸੀਂ ਵੀ ਨਾਪੇ ਜਾਉਗੇ। ਤੁਸੀਂ ਆਪਣੇ ਭਰਾ-ਸਾਥੀ ਦੀ ਅੱਖ ਦੇ ਤਿਨਕੇ ਨੂੰ ਕਿਉਂ ਦੇਖਦੇ ਹੋ ਅਤੇ ਆਪਣੀ ਅੱਖ ਦਾ ਸ਼ਤੀਰ ਤੁਹਾਨੂੰ ਕਿਉਂ ਨਹੀਂ ਦਿਸਦਾ। ਤੁਸੀਂ ਆਪਣੀ ਅੱਖ ਦੇ ਸ਼ਤੀਰ ਦੇ ਹੁੰਦਿਆਂ ਦੂਜੇ ਦੀ ਅੱਖ ਦਾ ਤਿਨਕਾ ਨਹੀਂ ਕੱਢ ਸਕਦੇ। ਇਸ ਲਈ ਢੋਂਗ ਨਾ ਰਚਾਉ। ਪਹਿਲਾਂ ਆਪਣੀ ਅੱਖ ਦਾ ਸ਼ਤੀਰ ਕੱਢੋ, ਫੇਰ ਹੀ ਤੁਸੀਂ ਕਿਸੇ ਦੀ ਅੱਖ ਦਾ ਤਿਨਕਾ ਕੱਢ ਸਕੋਂਗੇ।

*(ਮੱਤੀ-੭/੧-੫)*

ਹੇ ਦੋਸ਼ ਲਗਾਣ ਵਾਲੇ ਮਨੁੱਖ! ਜਿਸ ਗੱਲ ਲਈ ਤੂੰ ਦੂਜਿਆਂ ਉਪਰ ਦੋਸ਼ ਲਗਾਂਦਾ ਹੈਂ, ਉਸੇ ਗੱਲ ਲਈ ਆਪਣੇ ਆਪ ਨੂੰ ਵੀ ਦੋਸ਼ੀ ਠਹਿਰਾਂਦਾ ਹੈਂ, ਇਸ ਲਈ ਕਿ ਤੂੰ ਜੋ ਦੋਸ਼ ਲਗਾਂਦਾ ਹੈਂ, ਖ਼ੁਦ ਉਹੀ ਕੰਮ ਕਰਦਾ ਹੈਂ।

ਹੇ ਮਨੁੱਖ! ਤੂੰ ਜੋ ਵੀ ਦੋਸ਼ ਲਗਾਂਦਾ ਹੈਂ, ਕੀ ਇਹ ਸਮਝਦਾ ਹੈਂ, ਕਿ ਤੂੰ ਈਸ਼ਵਰ ਦੇ ਦੰਡ ਤੋਂ ਬਚ ਨਿਕਲੇਂਗਾ?

*(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੨/੧-੩)*

***ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥***
***ਅੰਗ - 473***

***ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥***
***ਅੰਗ - 991***

***ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥ ਅੰਗ - 566***

## ਪੱਖਪਾਤ

ਜੇ ਤੁਸੀਂ ਆਪਣੇ ਪੜੌਸੀ ਨਾਲ ਆਪਣੇ ਵਰਗਾ ਹੀ ਪ੍ਰੇਮ ਕਰਨ ਦੀ ਧਰਮ-ਸ਼ਾਸਤ੍ਰ ਦੀ ਸਰਬੋਤਮ ਆਗਿਆ ਦਾ ਪਾਲਣ ਕਰਦੇ ਹੋ ਤਾਂ ਚੰਗਾ ਕਰਦੇ ਹੋ, ਪਰ ਜੇ ਤੁਸੀਂ ਪੱਖਪਾਤ ਕਰਦੇ ਹੋ ਤਾਂ ਪਾਪ ਕਰਦੇ ਹੋ ਅਤੇ ਸਾਸ਼ਤ੍ਰ ਦੀ ਦ੍ਰਿਸ਼ਟੀ ਵਿਚ ਅਪਰਾਧੀ ਬਣਦੇ ਹੋ।

*(ਯਾਕੂਬ ਦੀ ਚਿੱਠੀ - ੨/੮-੯)*

## ਵਾਸ਼ਨਾ

ਤੁਹਾਡੇ ਅੰਦਰ ਲੜਾਈਆਂ-ਝਗੜੇ ਕਿਥੋਂ ਆ ਗਏ? ਕੀ ਉਹਨਾਂ ਵਾਸ਼ਨਾਵਾਂ ਕਾਰਣ ਨਹੀਂ ਜੋ ਤੁਹਾਡੇ ਅੰਦਰ ਹੀ ਲੜਦੀਆਂ-ਭਿੜਦੀਆਂ ਰਹਿੰਦੀਆਂ ਹਨ?

ਤੁਸੀਂ ਵਾਸ਼ਨਾ ਰਖਦੇ ਹੋ ਪਰ ਤੁਹਾਨੂੰ ਕੁਝ ਮਿਲਦਾ ਨਹੀਂ, ਤੁਸੀਂ ਹੱਤਿਆ ਅਤੇ ਈਰਖਾ ਕਰਦੇ ਹੋ ਅਤੇ ਕੁਝ ਪ੍ਰਾਪਤ ਨਹੀਂ ਕਰ ਸਕਦੇ, ਤੁਸੀਂ ਝਗੜਦੇ ਅਤੇ ਲੜਦੇ ਹੋ, ਫਿਰ ਵੀ ਤੁਹਾਨੂੰ ਕੁਝ ਨਹੀਂ ਹੁੰਦਾ। ਤੁਹਾਨੂੰ ਇਸ ਲਈ ਨਹੀਂ ਮਿਲਦਾ ਕਿ ਤੁਸੀਂ ਮੰਗਦੇ ਨਹੀਂ। ਪਰ ਜੇ ਮੰਗਦੇ ਹੋ ਤਾਂ ਪਾਉਂਦੇ ਨਹੀਂ, ਇਸ ਲਈ ਕਿ ਬੁਰੀ ਇੱਛਾ ਨਾਲ ਮੰਗਦੇ ਹੋ, ਆਪਣੇ ਭੋਗ-ਵਿਲਾਸ ਵਿਚ ਉਡਾ ਦੇਣ ਦੀ ਇੱਛਾ ਨਾਲ ਮੰਗਦੇ ਹੋ।

*(ਯਾਕੂਬ ਦੀ ਚਿੱਠੀ-੪/੧-੩)*

**ਚਲਦਾ..........**

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

## ਅਧਿਆਇ ਤੀਸਰਾ

## ਸਲੋਕ ਪਹਿਲਾ

ਜਿਹੜੇ ਬ੍ਰਹਮ ਨੂੰ ਜਾਣਦੇ ਹਨ, ਉਹ ਇਸ ਸਤਿ ਨੂੰ ਸਮਝਦੇ ਹਨ ਕਿ ਸਭ ਕੁਝ ਇਸ ਸੰਸਾਰ ਵਿਚ ਬ੍ਰਹਮ ਦਾ ਹੀ ਪਸਾਰਾ ਹੈ, ਬ੍ਰਹਮ ਦੇ ਚਾਨਣ ਨਾਲ ਹੀ ਸਾਰੇ ਜਗ ਵਿਚ ਚਾਨਣ ਹੈ। ਜਿਹੜੇ ਸਾਰੀਆਂ ਸੰਸਾਰਕ ਇਛਾਵਾਂ ਤਿਆਗ ਕੇ ਕੇਵਲ ਬ੍ਰਹਮ ਨੂੰ ਹੀ ਪੂਜਦੇ ਹਨ, ਆਤਮਾ ਨੂੰ ਜਾਣਦੇ ਹਨ, ਸ਼ੁਧ ਚੇਤਨਤਾ ਨੂੰ ਪੂਜਦੇ ਹਨ ਉਹ ਜਨਮ ਮਰਨ ਦੇ ਚੌਰਾਸੀ ਦੇ ਚੱਕਰਾਂ ਤੋਂ ਛੁਟ ਜਾਂਦੇ ਹਨ।

ਪਿਛਲੇ ਸਲੋਕ ਵਿਚ ਦਸਿਆ ਗਿਆ ਸੀ ਜੇ ਜਗਿਆਸੂ ਸੰਸਾਰਕ ਇਛਾਵਾਂ ਨੂੰ ਮੁੱਖ ਰਖਕੇ ਧਿਆਉਂਦਾ ਹੈ, ਪੂਜਾ ਕਰਦਾ ਹੈ ਉਹ ਸੰਸਾਰਕ ਪਦਾਰਥ ਪ੍ਰਾਪਤ ਕਰ ਲੈਂਦਾ ਹੈ, ਪਰ ਫੇਰ ਉਹ ਆਤਮ ਮਾਰਗ ਤੇ ਨਹੀਂ ਚਲਦੇ ਨਾ ਹੀ ਉਨ੍ਹਾਂ ਨੂੰ ਉਸ ਤੇ ਸਫਲਤਾ ਮਿਲਦੀ ਹੈ। ਇਸ ਨੂੰ 'ਸਾਕਾਮ ਪੂਜਾ' ਕਿਹਾ ਜਾਂਦਾ ਹੈ, ਜੋ ਇਛਾਵਾਂ ਨੂੰ ਮੁੱਖ ਰਖ ਕੇ ਕੀਤੀ ਜਾਂਦੀ ਹੈ। ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਸੰਸਾਰਕ ਇਛਾਵਾਂ ਤੋਂ ਮੁਕਤ ਹੋ ਕੇ ਜਿਹੜੀ ਪੂਜਾ ਕੀਤੀ ਜਾਂਦੀ ਹੈ ਕੇਵਲ ਅਧਿਆਤਮਕ ਪ੍ਰਾਪਤੀਆਂ ਲਈ ਕੀਤੀ ਜਾਂਦੀ ਹੈ, ਉਹ ਹੀ ਮੁਕਤੀ ਦਾ ਸਾਧਨ ਬਣਦੀ ਹੈ।

ਕੇਵਲ ਆਤਮ ਸਾਧਨਾ ਵਾਲਾ ਆਤਮ ਸਿੱਧੀ ਵਾਲਾ ਹੀ ਜਾਣਦਾ ਹੈ ਕਿ ਬ੍ਰਹਮ ਕੀ ਹੈ, ਏਕੋ ਹੈ ਉਸ ਇਕ ਦਾ ਕੋਈ ਦੂਸਰਾ ਹੈ ਹੀ ਨਹੀਂ, ਗਿਆਨੀ ਜਿਹੜੇ ਆਪਣਾ ਸਾਰਾ ਸਮਾਂ ਆਤਮ ਸਿੱਧੀ ਤੇ ਲਗਾਉਂਦੇ ਹਨ ਉਹ ਮੁਕਤੀ ਪ੍ਰਾਪਤ ਕਰਕੇ ਆਵਾਗੌਣ ਦੇ ਚੱਕਰਾਂ ਤੋਂ ਛੁਟ ਜਾਂਦੇ ਹਨ।

ਜਿਸ ਨੇ ਆਤਮਾ ਨੂੰ ਜਾਣ ਲਿਆ, ਜਿਸ ਨੇ ਪਛਾਣ ਲਿਆ ਕੇ ਸਭ ਇਕ ਹੈ 'ਅਨੇਕ ਹੈ, ਫਿਰ ਏਕ ਹੈ' ਉਸ ਦੀ ਸਾਰੀ ਦੁਬਿਧਾ ਖਤਮ ਹੋ ਗਈ, ਸਾਰੇ ਦੁਖ ਖਤਮ ਹੋ ਗਏ, ਉਹ ਸਾਰਿਆਂ ਨੂੰ ਆਤਮਾ ਹੀ ਦੇਖਦਾ ਹੈ। ਉਹ ਸਭ ਨੂੰ ਪਿਆਰ ਕਰਦਾ ਹੈ, ਕਿਸੇ ਨੂੰ ਨਫਰਤ ਨਹੀਂ ਕਰਦਾ, ਉਹ ਤਾਂ ਸਭ ਨੂੰ ਪਿਆਰ ਹੀ ਕਰਦਾ ਹੈ, ਜਗਿਆਸੂ ਹਰ ਸਮੇਂ ਇਹ ਹੀ ਦੇਖਦਾ ਹੈ ਕਿ ਉਸ ਦੀ ਆਪਣੀ ਆਤਮਾ ਦਾ ਪਸਾਰਾ ਹੈ, ਪ੍ਰਮਾਤਮਾ ਦਾ ਪਸਾਰਾ ਹੈ, ਇਸ ਦਾ ਕੋਈ ਅੰਤ ਨਹੀਂ, ਪ੍ਰਮਾਤਮਾ ਹੀ ਸਭ ਵਿਚ ਹੈ, ਇਹ ਹੀ ਸਤਿ ਹੈ। ਜਦੋਂ ਆਤਮ ਪ੍ਰਾਪਤੀ ਕਰਕੇ ਜਗਿਆਸੂ ਇਹ ਜਾਣ ਜਾਂਦਾ ਹੈ ਕਿ ਇਕੋ ਆਤਮਾ ਹੀ ਸਭ ਵਿਚ ਵਿਚਰ ਰਹੀ ਹੈ। ਉਹ ਕਿਸੇ ਦੂਸਰੇ ਤੋਂ ਵੱਖ ਕਿਵੇਂ ਹੋ ਸਕਦਾ ਹੈ? ਕਿਸ ਨੂੰ ਨਫਰਤ ਕਰੇ। ਇਕੋ ਆਤਮਾ ਦਾ ਪਸਾਰਾ ਹੈ, ਇਕੋ ਆਤਮਾ ਹੀ ਸਾਰਿਆਂ ਵਿਚ ਹੈ, ਆਤਮਾ ਨੂੰ ਕੇਵਲ ਪਿਆਰ ਨਾਲ ਹੀ ਸਾਰੇ ਵਿਸ਼ਵ ਵਿਚ ਸਾਰੇ ਸੰਸਾਰ ਵਿਚ ਦੱਸਿਆ ਜਾ ਸਕਦਾ ਹੈ, ਪਿਆਰ ਹੀ ਜੀਵਨ ਦਾ ਆਧਾਰ ਹੈ, ਪਿਆਰ ਕੇਵਲ ਪਿਆਰ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਪ੍ਰਭੂ ਪ੍ਰਾਪਤੀ ਦਾ ਸਾਧਨ ਹੈ, ਨਫਰਤ ਜੁਦਾ ਕਰਦੀ ਹੈ, ਵੱਖ ਕਰਦੀ ਹੈ, ਫਾੜਦੀ ਹੈ, ਪਿਆਰ ਇਕੱਠਾ ਕਰਦਾ ਹੈ, ਪਿਆਰ ਜੀਵਨ ਦੀ ਸਭ ਤੋਂ ਉਤਮ ਉਪਲਬਧੀ ਹੈ।

ਸਰਬੱਤ ਮਨੁੱਖ ਜਾਤੀ ਇਸ ਅਵਸਥਾ ਦੀ ਸਭਿਅਤਾ ਤੇ ਪਹੁੰਚਣਾ ਲੋਚਦੀ ਹੈ, ਅਫਸੋਸ ਇਸ ਗੱਲ ਦਾ ਹੈ ਕਿ ਅਜਿਹੇ ਮਨੁੱਖ ਬਹੁਤ ਹੀ ਥੋੜ੍ਹੇ ਹਨ, ਜ਼ਰੂਰ ਹਨ ਹਰ ਪਰਪਾਟੀ ਵਿਚ ਹਨ, ਹਰ ਸਭਿਆਚਾਰ ਵਿਚ ਹਨ ਪਰ ਵਿਰਲੇ। ਪਰ ਜੇ ਸੰਸਾਰ ਦੀਆਂ ਸਾਰੀਆਂ ਸਮਾਜਿਕ ਪ੍ਰਣਾਲੀਆਂ ਵਿਚ ਇਹੋ ਜਿਹੇ ਮਹਾਂਪੁਰਖ ਹੋ ਗਏ, ਫੇਰ ਤਾਂ ਮਨੁੱਖਾਂ ਦੀ ਇਹ ਅਵਸਥਾ ਦੀ ਲੋਚਾ ਹੀ ਖਤਮ ਹੋ ਜਾਵੇਗੀ, ਸਵਰਗ ਦੀ ਲੋਚਾ ਹੀ ਜਾਂਦੀ ਰਹੇਗੀ, ਸਾਰੀਆਂ ਖੁਸ਼ੀਆਂ ਦੀ ਇੱਛਾ ਜਾਂਦੀ ਰਹੇਗੀ ਫੇਰ ਤਾਂ ਬ੍ਰਹਮ ਦੀ ਪ੍ਰਾਪਤੀ ਵੀ ਹੁਣੇ ਹੀ ਇਸੇ ਸਮੇਂ ਪ੍ਰਾਪਤ ਹੋ ਜਾਵੇਗੀ। ਉਹ ਪਿਆਰ, ਪ੍ਰੇਮ ਦੇ ਮਸੀਹੇ ਕਿਥੇ ਹਨ? ਦਿਮਾਗ ਨਾਲ ਨਹੀਂ ਜੇ ਕੋਈ ਮਨੁੱਖ ਜਾਤੀ ਨੂੰ ਬਦਲ ਸਕਦਾ ਹੈ ਤਾਂ ਉਹ ਹੈ ਪਿਆਰ ਭਰਿਆ ਹਿਰਦਾ। 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'

ਜਦੋਂ ਮਨੁੱਖ ਆਪਣੇ ਆਪ ਨੂੰ ਸਹੀ ਸਮਝ ਕੇ ਉਸ ਨਾਲ ਜੁੜ ਜਾਂਦਾ ਹੈ, ਆਪਣੇ ਆਪ ਨੂੰ ਕੇਵਲ ਇਹ ਦੇਹ ਹੀ ਮੰਨ ਲੈਂਦਾ ਹੈ, ਉਸ ਸਮੇਂ ਮਨੁੱਖ ਦੁਖਾਂ ਸੰਤਾਪਾਂ ਵਿਚ ਪੈ ਜਾਂਦਾ ਹੈ, ਫਿਕਾ ਪੈ ਜਾਂਦਾ ਹੈ ਜਦੋਂ ਮਨ ਤੇ ਸਰੀਰ ਦੇ ਪਿਛੇ ਲਗ ਤੁਰਦਾ ਹੈ ਜਦੋਂ ਮਨੁੱਖ ਆਪਣੇ ਆਪ ਨੂੰ ਆਤਮਾ ਤੋਂ ਪਰ੍ਹੇ ਆਤਮਾ ਤੋਂ ਬਾਹਰ ਜੋੜ ਲੈਂਦਾ ਹੈ, ਹੋਂਦ ਨਾਲ ਜੋੜ ਲੈਂਦਾ ਹੈ ਉਹ ਦੁਰਬਲ ਹੋ ਜਾਂਦਾ ਹੈ, ਮਜਬੂਰ

ਹੋ ਜਾਂਦਾ ਹੈ ਬਹੁਤ ਸਾਰੀਆਂ ਗਲਤੀਆਂ ਕਰ ਲੈਂਦਾ ਹੈ, ਬਹੁਤ ਤਨਾਅ ਅਨੁਭਵ ਕਰਦਾ ਹੈ, ਦੁਖ ਸੰਤਾਪ ਥੱਲੇ ਆ ਜਾਂਦਾ ਹੈ। ਆਪਣੇ ਆਪ ਨੂੰ ਵੱਖਰਾ, ਅਲੱਗ ਹੋਣ ਦੀ ਹੋਂਦ ਦਾ ਬਹੁਤ ਹੀ ਸੰਕਟਮਈ ਪ੍ਰਭਾਵ ਪੈਂਦਾ ਹੈ ਜਿਸ ਕਰਕੇ ਮਨ, ਬੁੱਧੀ ਤੇ ਵਿਕਾਸ ਤੇ ਪ੍ਰਭਾਵ ਪੈਂਦਾ ਹੈ ਤੇ ਸਮਾਜ ਤੇ ਪ੍ਰਭਾਵ ਪੈਂਦਾ ਹੈ।

ਜੀਸਸ ਨੇ ਕਿਹਾ ਹੈ, ਆਪਣੇ ਗੁਆਂਢੀ ਨੂੰ ਉਨਾਂ ਪਿਆਰ ਕਰੋ ਜਿੰਨਾਂ ਆਪਣੇ ਆਪ ਨੂੰ, ਉਪਨਿਸ਼ਦਾਂ ਵਿਚ ਕਿਹਾ ਹੈ, ਸਾਰਾ ਸੰਸਾਰ ਹੀ ਤੁਹਾਡਾ ਪਰਿਵਾਰ ਹੈ। ਸਾਰੇ ਸੰਸਾਰ ਦੇ ਪ੍ਰਾਣੀ ਤੁਹਾਡੇ ਪਰਿਵਾਰ ਦੇ ਸਦਸਿਆ ਹਨ, ਅਧਿਆਤਮਵਾਦ ਦਾ ਸਭ ਤੋਂ ਵੱਡਾ ਲਕਸ਼ ਹੈ, ਹੋਂਦ ਖਤਮ ਕਰਨਾ, ਵੱਖਰਾ ਪਣ ਖਤਮ ਕਰਨਾ। ਜੇ ਨਦੀ ਆਪਣੇ ਮੁੱਢ ਤੋਂ ਵੱਖ ਹੋ ਕੇ ਵਖਰੀ ਹੋ ਜਾਵੇ ਉਸ ਦਾ ਪਾਣੀ ਗੰਦਾ ਹੋ ਜਾਂਦਾ ਹੈ, ਵਖਰਾ ਹੋ ਜਾਂਦਾ ਹੈ। ਇਹੀ ਹੀ ਹਾਲ ਮਨੁੱਖ ਦਾ ਹੈ, ਜਦੋਂ ਮਨੁੱਖ ਆਪਣੀ ਆਤਮਾ ਤੋਂ ਵੱਖ ਹੋ ਜਾਂਦਾ ਹੈ, ਆਪਣੇ ਆਪ ਨੂੰ ਕੇਵਲ ਦੇਹ ਹੀ ਸਮਝਣ ਲਗ ਪੈਂਦਾ ਹੈ, ਉਹ ਦੁਖਾਂ, ਸੰਤਾਪਾਂ ਤੇ ਭਰਮਾਂ ਵਿਚ ਪੈ ਜਾਂਦਾ ਹੈ।

## ਸਲੋਕ ਦੂਸਰਾ

ਇਸ ਤੋਂ ਉਲਟ ਜਿਹੜੇ ਇਛਾਵਾਂ ਦਾ ਤਿਆਗ ਨਹੀਂ ਕਰਦੇ, ਨਹੀਂ ਛੱਡਦੇ, ਸੰਸਾਰ ਇਛਾਵਾਂ ਦੇ ਪਿਛੇ ਲੱਗੇ ਰਹਿੰਦੇ ਹਨ, ਦੌੜੇ ਰਹਿੰਦੇ ਹਨ, ਮੁੜ ਮੁੜ ਕੇ ਜਨਮ ਲੈਂਦੇ ਰਹਿੰਦੇ ਹਨ, ਉਨ੍ਹਾਂ ਦੀ ਹਾਲਤਾਂ ਵਿਚ ਆਉਂਦੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਦੀ ਇਛਾਵਾਂ ਹੀ ਪੂਰੀਆਂ ਨਹੀਂ ਹੁੰਦੀਆਂ। ਪਰ ਉਹ ਜਿਨ੍ਹਾਂ ਦੀਆਂ ਇਛਾਵਾਂ ਪੂਰੀਆਂ ਹੋ ਗਈਆਂ ਹਨ ਜਾਂ ਜਿਨ੍ਹਾਂ ਨੇ ਇਛਾਵਾਂ ਤੇ ਕਾਬੂ ਪਾ ਲਿਆ ਹੈ ਜਿਹੜੇ ਆਪਣੇ ਆਪ ਵਿਚ ਸਥਿਰ ਹੋ ਗਏ ਹਨ, ਉਨ੍ਹਾਂ ਦੀਆਂ ਇਛਾਵਾਂ ਖਤਮ ਹੋ ਗਈਆਂ ਹਨ, ਜੀਵਨ ਭਰ ਲਈ ਖਤਮ ਹੋ ਗਈਆਂ ਹਨ ਕੋਈ ਕਿਸੇ ਕਿਸਮ ਦੀ ਇਛਾ ਰਹੀ ਹੀ ਨਹੀਂ।

ਇਸ ਸਲੋਕ ਵਿਚ ਉਹ ਹੀ ਕਿਹਾ ਗਿਆ ਹੈ ਜੋ ਕਿ ਪਿਛਲੇ ਸਲੋਕ ਵਿਚ। ਜਿਹੜੇ ਇਛਾਵਾਂ ਰਖਦੇ ਹਨ ਤੇ ਇਛਾਵਾਂ ਦੇ ਫਲ ਦਾ ਅਨੰਦ ਲੈਂਦੇ ਹਨ, ਮਾਣਦੇ ਹਨ ਹਰ ਸਮੇਂ ਕੋਈ ਨਾ ਕੋਈ ਇੱਛਾ ਉਨ੍ਹਾਂ ਦੇ ਮਨ ਵਿਚ ਰਹਿੰਦੀ ਹੈ, ਉਹ ਇਛਾਵਾਂ ਦੇ ਜਾਲ ਵਿਚ ਫਸ ਕੇ ਚੌਰਾਸੀ ਦੇ ਜਾਲ ਵਿਚ ਪੈ ਜਾਂਦੇ ਹਨ। ਵਾਸਤਵ ਵਿਚ ਅਨਪੂਰਤ ਇਛਾਵਾਂ ਹੀ ਚੌਰਾਸੀ ਦੇ ਗੇੜ ਦਾ ਕਾਰਣ ਹਨ। ਸਾਰੀਆਂ ਇਛਾਵਾਂ ਦਾ ਮੁਢ ਮੋਹ ਹੈ, ਮੋਹ ਹੀ ਮਨੁੱਖ ਨੂੰ ਬਾਰ-ਬਾਰ ਸੰਸਾਰ ਵਿਚ ਖਿਚਦਾ ਹੈ। ਮਰਨ ਲਗਿਆਂ ਜੋ ਵੀ ਪ੍ਰਬਲ ਇੱਛਾ ਹੁੰਦੀ ਹੈ ਮਨੁੱਖ ਉਸ ਦੇ ਅਨੁਸਾਰ ਹੀ ਜਨਮ ਲੈਂਦਾ ਹੈ ਤਾਂ ਜੋ ਉਹ ਇੱਛਾ ਪੂਰੀ ਕਰ ਸਕੇ।

ਜਦੋਂ ਮਹਾਂਪੁਰਖ ਬ੍ਰਹਮਗਿਆਨੀ ਆਤਮ ਮਾਰਗ ਤੇ ਚਲਦੇ ਹਨ, ਸੱਚੇ ਸੁੱਚੇ ਹੋ ਕੇ ਚਲਦੇ ਹਨ, ਸੰਸਾਰ ਨਾਲ ਕਿਸੇ ਕਿਸਮ ਦਾ ਮੋਹ ਨਹੀਂ ਰਖਦੇ, ਉਨ੍ਹਾਂ ਦੀ ਇਕੋ ਹੀ ਇੱਛਾ ਹੁੰਦੀ ਹੈ ਉਹ ਹੈ ਬ੍ਰਹਮ ਪ੍ਰਾਪਤੀ ਦੀ, ਉਹ ਵੀ ਜੇ ਇਸ ਜਨਮ ਵਿਚ ਪੂਰੀ ਨਾ ਹੋਵੇ, ਤਾਂ ਵੀ ਉਹ ਇੱਛਾ ਹੀ ਮੁਕਤੀ ਲਈ ਹੈ, ਆਤਮ ਸਿੱਧੀ ਦੀ ਇੱਛਾ ਹੈ, ਇਹ ਇੱਛਾ ਉਸਨੂੰ ਬ੍ਰਹਮ ਪ੍ਰਾਪਤੀ ਲਈ ਹੀ ਪ੍ਰੇਰਦੀ ਹੈ, ਜੇ ਉਹ ਇਹ ਹੀ ਇੱਛਾ ਲੈ ਕੇ ਮਰਦਾ ਹੈ ਤੇ ਇਹ ਹੀ ਇੱਛਾ ਲੈ ਕੇ ਜਨਮ ਲੈਂਦਾ ਹੈ ਤੇ ਬ੍ਰਹਮ ਪ੍ਰਾਪਤੀ ਲਈ ਹੀ ਆਤਮ ਮਾਰਗ ਤੇ ਤੁਰ ਪੈਂਦਾ ਹੈ। ਗਿਆਨੀ ਉਹ ਹੀ ਹਨ ਜਿਹੜੇ ਆਤਮ ਅਨੁਸ਼ਾਸਨ ਨਾਲ ਰਹਿੰਦੇ ਹਨ, ਅਗਿਆਨ ਦੇ ਬੰਧਨ ਤੋੜ ਕੇ ਜੀਵਨ ਨੂੰ ਸੰਪੂਰਨ ਬਣਾਉਂਦੇ ਹਨ ਜੀਵਨ ਜੀਉਣ ਦੀ ਜਾਚ ਸਿੱਖ ਲੈਂਦੇ ਹਨ।

## ਸਲੋਕ ਤੀਸਰਾ

ਆਤਮਾ ਦਾ ਗਿਆਨ ਗੱਲਾਂਬਾਤਾਂ ਰਾਹੀਂ ਨਹੀਂ ਪ੍ਰਾਪਤ ਹੋ ਸਕਦਾ, ਬੌਧਿਕ ਵਿਸ਼ਲੇਸ਼ਨ ਨਾਲ ਨਹੀਂ ਹੋ ਸਕਦਾ, ਬਹੁਤ ਸ਼ਾਸਤਰ, ਗ੍ਰੰਥ ਪੜ੍ਹਨ ਨਾਲ ਨਹੀਂ ਹੋ ਸਕਦਾ, ਆਤਮਾ ਦਾ ਪ੍ਰਕਾਸ਼ ਉਨ੍ਹਾਂ ਨੂੰ ਹੀ ਹੁੰਦਾ ਹੈ ਜਿਨ੍ਹਾਂ ਤੇ ਕ੍ਰਿਪਾ ਹੋਵੇ ਗੁਰੂ ਕ੍ਰਿਪਾ।

ਆਤਮਕ ਸਿੱਧੀ ਦੇ ਮਾਰਗ ਤੇ ਜਦੋਂ ਸਾਰੀਆਂ ਕੋਸ਼ਿਸ਼ਾਂ, ਸਾਰੇ ਉਪਰਾਲੇ, ਸਾਰਾ ਅਨੁਸ਼ਾਸਨ ਪੂਰੀ ਤਰ੍ਹਾਂ ਸਫਲਤਾ ਨਾਲ ਸੰਪੂਰਨ ਹੋ ਜਾਂਦੇ ਹਨ, ਫੇਰ ਇਕ ਇਹੋ ਜਿਹੀ ਅਵਸਥਾ ਆਉਂਦੀ ਹੈ ਜਦੋਂ ਕੋਈ ਇੱਛਾ ਰਹਿ ਹੀ ਨਹੀਂ ਜਾਂਦੀ। ਇਹ ਅਵਸਥਾ ਉਦੋਂ ਹੀ ਆਉਂਦੀ ਹੈ ਜਦੋਂ ਜਗਿਆਸੂ ਇਕ ਮਨ ਇਕ ਚਿੱਤ ਹੋ ਕੇ ਪੂਰੀ ਸ਼ਰਧਾ ਨਾਲ ਉਸ ਪ੍ਰਭੂ ਨੂੰ ਅਰਾਧਦਾ ਹੈ, ਧਿਆਉਂਦਾ ਹੈ, ਮਨ, ਚਿਤ ਇਕਾਗਰ ਕਰਕੇ ਉਸ ਨੂੰ ਸਮਰਪਤ ਹੁੰਦਾ ਹੈ। ਫੇਰ ਉਨ੍ਹਾਂ ਨੂੰ ਆਤਮਾ ਪ੍ਰਗਟ ਹੁੰਦੀ ਹੈ, ਭਾਵ ਉਨ੍ਹਾਂ ਨੂੰ ਪੂਰਨ ਸ਼ਾਂਤੀ ਅਨੰਦ ਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ, ਉਹ ਸਤਿ, ਚਿਤ, ਅਨੰਦ ਹੋ ਜਾਂਦੇ ਹਨ।

ਅਧਿਆਤਮਕ ਅਨੁਸ਼ਾਸਨ ਅਗਿਆਨ ਦਾ ਪੜਦਾ ਖਤਮ ਕਰ ਦਿੰਦਾ ਹੈ, ਬ੍ਰਹਮ ਦੀ ਪ੍ਰਾਪਤੀ ਦੀ ਲਗਨ ਲੋਚਾ ਅਗਿਆਨ ਖਤਮ ਕਰਦੀ ਹੈ, ਅਨੁਸ਼ਾਸਨ ਲਿਆਉਂਦੀ ਹੈ, ਆਤਮਾ ਤਾਂ ਹੈ, ਆਤਮਾ ਨਾ ਤਾਂ ਕਿਤੋਂ ਆਉਂਦੀ ਹੈ, ਨਾ ਹੀ ਕਿਤੋਂ ਲਿਆਈ ਜਾ ਸਕਦੀ ਹੈ, ਇਹ ਤਾਂ ਤੁਹਾਡੇ ਅੰਦਰ ਹੀ, ਆਤਮਾ ਤਾਂ ਪ੍ਰਕਾਸ਼ਮਾਨ ਹੁੰਦੀ ਹੈ, ਆਤਮਾ ਉਸ ਸਮੇਂ ਪ੍ਰਗਟ ਹੁੰਦੀ ਹੈ ਜਦੋਂ ਜਗਿਆਸੂ ਦੀ

ਅਧਿਆਤਮਕ ਸਾਧਨਾ ਪੂਰੀ ਹੋ ਜਾਂਦੀ ਹੈ ਜਦੋਂ ਮਨ, ਬੁੱਧੀ ਤੇ ਹਿਰਦਾ ਸ਼ੁੱਧ ਪਵਿੱਤਰ ਹੋ ਜਾਂਦੇ ਹਨ।

ਇਥੇ ਇਹ ਵੀ ਦਸਣਾ ਅਵੱਸ਼ਕ ਹੈ ਕਿ ਗੁਰੂ ਕ੍ਰਿਪਾ ਬਹੁਤ ਹੀ ਅਵਸ਼ਕ ਇਕ ਜ਼ਰੂਰੀ ਚੀਜ਼ ਹੈ, ਇਸ ਤੋਂ ਬਿਨਾਂ ਜਗਿਆਸੂ ਕੁਛ ਵੀ ਪ੍ਰਾਪਤੀ ਨਹੀਂ ਕਰ ਸਕਦਾ। ਜਗਿਆਸੂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਆਤਮਕ ਸਿੱਧੀ ਕੇਵਲ ਪੜ੍ਹ ਕੇ ਪ੍ਰਵਚਨ ਸੁਣ ਕੇ, ਬੁੱਧੀ ਸਤਰ ਤੇ ਗੋਸ਼ਟੀਆਂ ਕਰਕੇ ਪ੍ਰਾਪਤ ਨਹੀਂ ਹੁੰਦੀ, ਇਹ ਤਾਂ ਕੇਵਲ ਗੁਰ ਕ੍ਰਿਪਾ ਮਿਹਰ ਨਾਲ ਹੀ ਪ੍ਰਾਪਤ ਹੁੰਦੀ ਹੈ, ਕਿਸੇ ਵਿਰਲੇ ਨੂੰ ਹੀ ਇਸ ਦੀ ਪ੍ਰਾਪਤੀ ਹੁੰਦੀ ਹੈ, ਜਿਹੜੇ ਉਸ ਪ੍ਰਮਾਤਮਾ ਨੂੰ ਅਰਾਧਦੇ, ਆਪ ਹੀ ਪ੍ਰਮਾਤਮਾ ਹੋ ਜਾਂਦੇ ਹਨ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ।

ਜਦੋਂ ਜਗਿਆਸੂ ਆਪਣੀ ਸਾਧਨਾ ਕੇਵਲ ਸਰੀਰ ਤਕ ਹੀ ਨਹੀਂ ਰਹਿਣ ਦਿੰਦਾ ਜੋ ਉਹ ਸਰੀਰ ਤੋਂ ਚੁੱਕ ਕੇ ਮਨ ਤੇ ਲੈ ਜਾਂਦਾ ਹੈ ਤੇ ਫੇਰ ਮਨ ਤੋਂ ਅਧਿਆਤਮਕ ਬਣਾ ਲੈਂਦਾ ਹੈ ਤੇ ਅੰਤ ਵਿਚ ਜਦੋਂ ਉਹ ਆਤਮਾ ਦੇ ਸਾਮ੍ਹਣੇ ਖੜ੍ਹਾ ਹੋ ਜਾਂਦਾ ਹੈ, ਉਹ ਆਤਮਾ ਵਿਚ ਸਮਾ ਕੇ ਅਜਰ ਅਮਰ ਹੋ ਜਾਂਦਾ ਹੈ, ਇਹੋ ਜਿਹੇ ਜਗਿਆਸੂ ਨੂੰ ਆਤਮਾ ਆਪਣੇ ਵਾਸਤਵ ਰੂਪ ਵਿਚ ਪ੍ਰਗਟ ਹੁੰਦੀ ਹੈ।

## ਸਲੋਕ ਚਾਰ

ਆਤਮਾ ਦੀ ਪ੍ਰਾਪਤੀ ਉਨ੍ਹਾਂ ਨੂੰ ਨਹੀਂ ਹੋ ਸਕਦੀ ਜਿਨ੍ਹਾਂ ਦੇ ਅੰਦਰ ਬਲ ਨਹੀਂ, ਜਿਹੜੇ ਅੰਦਰੋਂ ਸੱਚੇ ਨਹੀਂ। ਜਿਨ੍ਹਾਂ ਦੇ ਅੰਦਰ ਤਪ ਨਹੀਂ, ਜਿਨ੍ਹਾਂ ਦਾ ਅੰਦਰ ਸ਼ਾਂਤ ਨਹੀਂ, ਜਿਨ੍ਹਾਂ ਦੇ ਕੋਲ ਇਹ ਸਭ ਕੁਝ ਹੈ ਪ੍ਰਮਾਤਮਾ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਪ੍ਰਾਪਤੀ ਉਨ੍ਹਾਂ ਨੂੰ ਹੋ ਚੁੱਕੀ ਹੈ ਉਨ੍ਹਾਂ ਨੂੰ ਆਤਮਕ ਸਿੱਧੀ ਪ੍ਰਾਪਤ ਹੁੰਦੀ ਹੈ ਤੇ ਅੰਤ ਵਿਚ ਉਹ ਬ੍ਰਹਮ ਦੀ ਪ੍ਰਾਪਤੀ ਕਰ ਲੈਂਦੇ ਹਨ।

ਇਸ ਸਲੋਕ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਜਗਿਆਸੂ ਸਭ ਤੋਂ ਪਹਿਲਾਂ ਸ਼ਕਤੀ ਇਕੱਠੀ ਕਰੇ ਅੰਦਰ ਦਾ ਬਲ ਇਕੱਠਾ ਕਰੇ, ਇਹ ਕਰਨ ਲਈ ਜਗਿਆਸੂ ਨੂੰ ਇਛਾਵਾਂ ਦਾ ਤੇ ਭੋਗਾਂ ਦਾ ਤਿਆਗ ਕਰਨਾ ਪਵੇਗਾ, ਮਨ ਨੂੰ ਇੰਦ੍ਰੀਆਂ ਦੇ ਭੋਗਾਂ ਤੋਂ ਰੋਕਣਾ ਪਵੇਗਾ, ਬਿਲਕੁਲ ਉਸ ਤਰ੍ਹਾਂ ਹੀ ਰੋਕਣਾ ਪਵੇਗਾ ਜਿਵੇਂ ਜੇ ਅਸੀਂ ਮੋਮਬੱਤੀ ਜਲਾਈਏ ਤਾਂ ਉਸ ਨੂੰ ਹਵਾ ਦੇ ਹਰ ਝੋਕੇ ਤੋਂ ਬਚਾ ਕੇ ਰਖਣਾ ਪੈਂਦਾ ਹੈ। ਜੇ ਬਚਾ ਕੇ ਨਾ ਰੱਖੀ ਜਾਵੇ ਤਾਂ ਉਸ ਮੋਮਬੱਤੀ ਤੋਂ ਅੱਗ ਲੱਗ ਸਕਦੀ ਹੈ, ਬਹੁਤ ਨੁਕਸਾਨ ਹੋ ਸਕਦਾ ਹੈ।

ਜਦੋਂ ਮਨ ਨੂੰ ਬਚਾ ਕੇ ਰੱਖਿਆ ਜਾਵੇ, ਕਿਸੇ ਵੀ ਵਿਚਾਰ ਤੋਂ ਮਨ ਨੂੰ ਦੁਖੀ ਨਾ ਹੋਣ ਦਿਤਾ ਜਾਵੇ ਤਾਂ ਸਾਰੇ ਨਖੇਧੀ ਦੇ ਵਿਚਾਰ ਆਪ ਹੀ ਖਤਮ ਹੋਣ ਲਗ ਪੈਂਦੇ ਹਨ, ਰੁਕਾਵਟਾਂ ਬਣਨ ਦੀ ਥਾਂ, ਉਹ ਜਗਿਆਸੂ ਦੀ ਸਹਾਇਤਾ ਕਰਨ ਲਗ ਪੈਂਦੇ ਹਨ ਤੇ ਜੀਵਨ ਦੀਆਂ ਵੱਖ-ਵੱਖ ਪਰਤਾਂ ਖੁਲ੍ਹਣ ਲਗ ਪੈਂਦੀਆਂ ਹਨ। ਜਿਹੜੇ ਜਗਿਆਸੂ ਦੀ ਅੰਦਰ ਦੀ ਸ਼ਕਤੀ ਨਾ ਹੋਵੇ ਤਾਕਤ ਨਾ ਹੋਵੇ ਉਹ ਇਸ ਤਰ੍ਹਾਂ ਦੀ ਪ੍ਰਾਪਤੀ ਨਹੀਂ ਕਰ ਸਕਦਾ, ਜਗਿਆਸੂ ਨੂੰ ਸਭ ਤੋਂ ਪਹਿਲਾਂ ਅੰਦਰ ਦੀ ਸ਼ਕਤੀ ਦੀ ਲੋੜ ਹੈ, ਦ੍ਰਿੜ੍ਹਤਾ ਦੀ ਲੋੜ ਹੈ। ਸਭ ਤੋਂ ਵੱਧ ਸਮੱਸਿਆ ਆਉਂਦੀ ਹੈ ਪ੍ਰਭਤਾ ਦੀ, ਸੁਸਤੀ ਦੀ ਲਾਪਰਵਾਹੀ ਦੀ, ਇਹ ਚੀਜ਼ਾਂ ਸਾਧਕ ਦੀ ਸਭ ਤੋਂ ਵੱਡੀਆਂ ਸ਼ਤਰੂ ਹਨ ਜਿਨ੍ਹਾਂ ਕਰਕੇ ਜਗਿਆਸੂ ਦਾ ਦ੍ਰਿਸ਼ਟੀਕੋਣ ਖਰਾਬ ਹੋ ਸਕਦਾ ਹੈ, ਆਤਮਾ ਦਾ ਦ੍ਰਿਸ਼ ਧੁੰਦਲਾ ਪੈ ਸਕਦਾ ਹੈ।

ਗਿਆਨੀ ਉਹ ਹੈ ਜਿਹੜਾ ਆਪਣੇ ਅੰਦਰ ਦੀ ਤਾਕਤ ਪੈਦਾ ਕਰਦਾ ਹੈ, ਜਿਹੜਾ ਸਵੈ ਅਨੁਸਾਸ਼ਨ ਦਾ ਅਭਿਆਸ ਕਰਦਾ ਹੈ, ਪੂਰੀ ਦ੍ਰਿੜ੍ਹਤਾ ਨਾਲ ਕਰਦਾ ਹੈ ਇਹੋ ਜਿਹੇ ਗਿਆਨੀ ਪੂਰੀ ਤਾਕਤ ਨਾਲ ਇਕਾਗਰ ਹੋ ਕੇ ਲਗ ਜਾਂਦੇ ਹਨ ਤੇ ਅੰਤ ਵਿਚ ਬ੍ਰਹਮ ਦੀ ਪ੍ਰਾਪਤੀ ਕਰ ਹੀ ਲੈਂਦੇ ਹਨ। ਬਿਨ੍ਹਾਂ ਆਪਣੇ ਆਪ ਨੂੰ ਬ੍ਰਹਮ ਨਾਲ ਜੋੜਿਆਂ, ਆਪਣੇ ਆਪ ਨੂੰ ਵਿਸ਼ਵ ਦਾ ਬਣਾਏ ਬਿਨਾਂ ਸਵੈ ਅਨੁਸ਼ਾਸਨ ਦਾ ਅਭਿਆਸ ਕੀਤੇ ਬਿਨਾਂ ਜੀਵਨ ਦੇ ਉਦੇਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ। ਝੂਠੀ ਤਪਸਿਆ ਸਾਧਨਾ ਜਾਂ ਮਨ ਮਾਰਨ ਨਾਲ ਕੋਈ ਲਾਭ ਨਹੀਂ ਹੁੰਦਾ।

## ਸਲੋਕ ਪੰਜਵਾਂ

ਇਸ ਸਭ ਦੀ ਪ੍ਰਾਪਤੀ ਕਰਨ ਤੋਂ ਬਾਅਦ ਸਿੱਧ ਪੁਰਸ਼ ਗਿਆਨ ਸੰਤੋਖੀ ਹੋ ਜਾਂਦਾ ਹੈ ਉਹ ਆਤਮਾ ਵਿਚ ਪੂਰੀ ਤਰ੍ਹਾਂ ਸਥਾਈ ਹੋ ਜਾਂਦਾ ਹੈ, ਭਾਵ ਸਥਾਪਤ ਹੋ ਜਾਂਦਾ ਹੈ ਤੇ ਪੂਰਨ ਸ਼ਾਂਤ ਹੋ ਜਾਂਦਾ ਹੈ। ਸਰਬ ਵਿਆਪਕ ਚੇਤਨਾ ਪ੍ਰਾਪਤ ਕਰਨ ਤੋਂ ਬਾਅਦ, ਆਤਮ ਸਿੱਧ ਆਤਮਾ ਬ੍ਰਹਮ ਦੇ ਜਗਤ ਬ੍ਰਹਮ ਲੋਕ ਵਿਚ ਮਿਲ ਜਾਂਦਾ ਹੈ।

ਸਿੱਧ ਪੁਰਸ਼ ਆਤਮ ਸਿੱਧੀ ਗਿਆਨ ਪ੍ਰਾਪਤ ਕਰਕੇ ਸੰਤੋਖੀ ਹੋ ਜਾਂਦੇ ਹਨ। ਉਹ ਪੂਰੀ ਤਰ੍ਹਾਂ ਪਰਮ ਅਨੰਦ ਵਿਚ ਸਥਿਰ ਹੋ ਜਾਂਦੇ ਹਨ, ਲੋਭ ਮੋਹ ਤੋਂ ਛੁਟ ਜਾਂਦੇ ਹਨ, ਸਾਂਤ ਟਿਕੀ ਹੋਈ ਆਤਮਾ ਪੂਰੀ ਤਰ੍ਹਾਂ ਨਾਲ ਪ੍ਰਮਾਤਮਾ ਨਾਲ ਇਕ ਹੋ ਜਾਂਦੀਆਂ ਹਨ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਨਦੀ ਸਮੁੰਦਰ ਵਿਚ ਜਾ ਮਿਲਦੀ ਹੈ।

ਬ੍ਰਹਮਾ ਨਿਰੋਲ ਚੇਤਨਾ ਹੈ, ਮਨੁੱਖ ਵਖਰਾ ਹੈ, ਆਪਣੇ ਸਰੀਰ ਨਾਲ ਹੈ, ਇੰਦ੍ਰੀਆਂ ਕਰਕੇ ਹੈ, ਮਨ ਕਰਕੇ ਹੈ, ਇਹ ਸਭ ਕੁਝ ਹਉਮੈ ਦਾ ਕਾਰਣ ਹੈ, ਹਉਮੈ, ਅਹੰਕਾਰ ਹੀ ਮਨੁੱਖ ਨੂੰ ਉਸ ਇਕ ਤੋਂ ਵੱਖਰਾ ਕਰਦਾ ਹੈ, ਹਉਮੈ ਹੀ ਇਕ ਪੜ੍ਹਦਾ ਹੈ ਜਿਹੜਾ ਮਨੁੱਖ ਤੇ ਪ੍ਰਮਾਤਮਾ ਦੇ ਵਿਚ ਹੈ ਤੇ ਮਨੁੱਖ ਨੂੰ ਪ੍ਰਮਾਤਮਾ ਤੋਂ ਵਖਰਾ ਕਰਦਾ ਹੈ। ਇਹ ਇਕ ਭੁਲੇਖਾ ਹੈ ਜਿਸ ਨੂੰ ਮਨੁੱਖ ਸਚਾਈ ਸਮਝਦਾ ਹੈ।

ਜਦੋਂ ਸ਼ੀਸ਼ੇ ਤੇ ਮਿੱਟੀ ਦੀ ਮੋਟੀ ਪਰਤ ਜਮ ਜਾਂਦੀ ਹੈ ਤੁਸੀਂ ਉਸ ਵਿਚ ਆਪਣਾ ਚਿਹਰਾ ਨਹੀਂ ਦੇਖ ਸਕਦੇ ਪਰ ਜਦੋਂ ਉਸ ਮਿੱਟੀ ਨੂੰ ਧੋ ਦਿਓ, ਤੁਸੀਂ ਆਪਣਾ ਚਿਹਰਾ ਬੜੀ ਚੰਗੀ ਤਰ੍ਹਾਂ ਦੇਖ ਸਕਦੇ ਹੋ। ਇਹੋ ਜਿਹੀਆਂ ਥੋਪੀਆਂ ਹੋਈਆਂ ਗੱਲਾਂ ਝੂਠੀਆਂ ਹਨ, ਗਲਤ ਹਨ ਉਸੇ ਤਰ੍ਹਾਂ ਹਨ ਜਿਵੇਂ ਸ਼ੀਸ਼ੇ ਤੇ ਮਿੱਟੀ ਜਮੀ ਹੋਵੇ, ਆਤਮਕ ਅਭਿਆਸ ਨਾਲ ਇਹ ਖਤਮ ਹੋ ਜਾਂਦੀਆਂ ਹਨ। ਆਤਮਕ ਗਿਆਨ, ਆਤਮਾ ਤੇ ਜਮੀ ਮਿੱਟੀ ਧੋ ਦਿੰਦਾ ਹੈ। ਕੇਵਲ ਆਤਮਾ ਦਾ ਗਿਆਨ ਹੀ ਆਤਮਕ ਸਿੱਧੀ ਤੇ ਲੈ ਜਾਂਦਾ ਹੈ ਇਹੋ ਜਿਹਾ ਸਿੱਧ ਪੁਰਸ਼ ਅੰਤ ਵਿਚ ਸਰੀਰ ਛੱਡ ਕੇ ਬ੍ਰਹਮਲੀਨ ਹੋ ਜਾਂਦਾ ਹੈ।

## ਸਲੋਕ ਛੇਵਾਂ

ਜਿਹੜੇ ਵਿਦਾਂਤ ਦਾ ਸੂਖਮ ਗਿਆਨ ਪ੍ਰਾਪਤ ਕਰ ਲੈਂਦੇ ਹਨ, ਤਿਆਗ ਦੇ ਮਾਰਗ ਤੇ ਚੱਲ ਕੇ ਮਨ ਨੂੰ ਸ਼ੁੱਧ ਕਰ ਲੈਂਦੇ ਹਨ, ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ ਤੇ ਜਦੋਂ ਫੇਰ ਉਹ ਸਰੀਰ ਛਡਦੇ ਹਨ, ਉਹ ਬ੍ਰਹਮਲੀਨ ਹੀ ਹੋ ਜਾਂਦੇ ਹਨ, ਬ੍ਰਹਮ ਲੋਕ ਅਜਰ, ਅਮਰ ਲੋਕ ਹੈ।

ਇਹ ਗਿਆਨ ਇਹ ਵਿਚਾਰ ਹੀ ਇਸ ਸਲੋਕ ਵਿਚ ਦਿਤਾ ਗਿਆ ਹੈ, ਤਿਆਗੀ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਅਗਿਆਨ ਤੋਂ ਮੁਕਤ ਹੋ ਕੇ ਮਨ, ਹਿਰਦੇ ਬੁੱਧੀ ਨੂੰ ਸ਼ੁਧ ਕਰਨ ਤੋਂ ਪਿਛੋਂ ਅਜੇ ਵੀ ਕੁਛ ਅਗਿਆਨ ਰਹਿ ਜਾਂਦਾ, ਭਾਵੇਂ ਜਗਿਆਸੂ ਦਾ ਦ੍ਰਿਸ਼ਟੀਕੋਣ ਧੁੰਦਲਾ ਹੋ ਜਾਂਦਾ ਹੈ। ਇਹ ਸਭ ਕੁਝ ਉਸ ਤਰ੍ਹਾਂ ਹੀ ਹੈ ਜਿਵੇਂ ਤੁਸੀਂ ਆਪਣਾ ਕਮਰਾ ਰੋਜ਼ ਚੰਗੀ ਤਰ੍ਹਾਂ ਸਾਫ ਕਰਦੇ ਹੋਵੋ ਤੇ ਤੁਹਾਡਾ ਕਮਰਾ ਚਮਕ ਰਿਹਾ ਹੋਵੇ ਫੇਰ ਇਕ ਦਿਨ ਤੁਸੀਂ ਕਮਰੇ ਵਿਚ ਵਿਛੇ ਗਲੀਚੇ ਨੂੰ ਚੁਕੋ ਤੁਸੀਂ ਹੈਰਾਨ ਹੋ ਜਾਂਦੇ ਹੋ, ਹੈ? ਐਨੀ ਮਿੱਟੀ ਥੱਲੇ ਜਮ੍ਹਾਂ ਹੋ ਗਈ ਹੈ। ਗਿਆਨੀ ਇਸ ਕਰਕੇ ਡੂੰਘੀ ਮੈਡੀਟੇਸ਼ਨ ਕਰਨ ਦਾ ਸੁਭਾਅ ਬਣਾ ਲੈਂਦੇ ਹਨ ਉਹ ਮਿੱਟੀ ਜੰਮਣ ਹੀ ਨਹੀਂ ਦਿੰਦੇ। ਅਗਿਆਨ ਦੀ ਮਿੱਟੀ ਇਕੱਠੀ ਨਹੀਂ ਹੋਣ ਦਿੰਦੇ, ਅਗਿਆਨ ਉਨ੍ਹਾਂ ਦੇ ਅੰਦਰ ਆਉਂਦਾ ਹੀ ਨਹੀਂ।

ਇਹੋ ਜਿਹੀ ਗਿਆਨੀ ਆਤਮਾ ਮਾਇਆ ਤੋਂ ਮੁਕਤ ਹੋ ਜਾਂਦੀ ਹੈ, ਸਮਾਂ, ਥਾਂ ਤੇ ਹੋਰ ਸਾਰੀਆਂ ਬਾਹਰੀ ਚੀਜ਼ਾਂ ਦੀ ਸੀਮਾ ਖਤਮ ਹੋ ਜਾਂਦੀਆਂ ਹਨ ਤੇ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਤੋਂ ਉਪਰਾਂਤ ਗਿਆਨੀ ਆਪਣੇ ਆਪ ਨੂੰ ਅਨੁਭਵ ਅਤੀਤ ਤਤੂ ਤੇ ਲੈ ਜਾ ਕੇ ਸਥਿਰ ਹੋ ਜਾਂਦਾ ਹੈ ਉਸ ਵਾਸਤਵਿਕਤਾ ਤੇ ਆਪਣੇ ਆਪ ਨੂੰ ਲੈ ਜਾਂਦਾ ਹੈ ਜੋ ਆਪਣੇ ਆਪ ਵਿਚ ਸਵੈ ਵਿਦਮਾਨ ਹੈ। ਇਹ ਸਾਰੀ ਚੇਤਨਾ ਦਾ ਸਰੋਤ ਹੈ ਜਿਸ ਦਾ ਕੋਈ ਆਦਿ ਹੈ ਨਾ ਕੋਈ ਅੰਤ।

ਇਹੋ ਜਿਹਾ ਬ੍ਰਹਮ ਗਿਆਨੀ ਮੁੜ ਕੇ ਇਸ ਵਿਸ਼ਵ ਵਿਚ ਨਹੀਂ ਆਉਂਦਾ। ਇਕ ਵਾਰੀ ਬ੍ਰਹਮਲੀਨ ਹੋ ਕੇ ਉਹ ਉਥੇ ਹੀ ਸਥਿਰ ਹੋ ਜਾਂਦਾ ਹੈ, ਉਸ ਦਾ ਬ੍ਰਹਮਲੀਨ ਹੋਣ ਦਾ ਦਿਨ ਵਾਸਤਵ ਵਿਚ ਉਸ ਦੇ ਜਾਗ੍ਰਤ ਹੋਣ ਦਾ ਦਿਨ ਹੁੰਦਾ ਹੈ, ਉਹ ਉਸ ਇਕ ਦਾ ਹੋ ਜਾਂਦਾ ਹੈ ਉਸ ਵਿਚ ਲੀਨ ਹੋ ਜਾਂਦਾ ਹੈ। ਇਸ ਅਨੰਦ ਨੂੰ ਸ਼ਬਦਾਂ ਵਿਚ ਦਸਿਆ ਹੀ ਨਹੀਂ ਜਾ ਸਕਦਾ, ਇਸ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ, ਇਸ ਨੂੰ ਕਿਸੇ ਤਰ੍ਹਾਂ ਨਾਪਿਆ ਹੀ ਨਹੀਂ ਜਾ ਸਕਦਾ।

ਇਥੇ ਉਸ ਦੀ ਹਉਮੈ ਬਿਲਕੁਲ ਖਤਮ ਹੋ ਜਾਂਦੀ ਹੈ, ਇਥੇ ਇਕ ਬੜਾ ਸੂਖਮ ਬਿੰਦੂ ਸਮਝਣ ਜੋਗ ਹੈ ਉਹ ਇਹ ਕਿ ਉਸ ਦਾ ਕੀ ਹੁੰਦਾ ਹੈ? ਕੀ ਉਹ ਖਤਮ ਹੋ ਜਾਂਦਾ ਹੈ? ਉਤਰ ਹੈ ਬਿਲਕੁਲ ਵੀ ਨਹੀਂ, ਉਹ ਤਾਂ ਸਰਬ ਵਿਆਪਕ ਵਿਚ ਲੀਨ ਹੋ ਕੇ ਇਕ ਹੋ ਜਾਂਦਾ ਹੈ। ਸਤਿ ਅਨੰਦ ਹੋ ਜਾਂਦਾ ਹੈ। ਇਹੋ ਜਿਹਾ ਬ੍ਰਹਮ ਗਿਆਨੀ ਆਪਣੇ ਪਦ ਚਿੰਨ ਪਿਛੇ ਨਹੀਂ ਛੱਡ ਕੇ ਜਾਂਦਾ ਜਿਵੇਂ ਪੰਛੀ ਅਸਮਾਨ ਵਿਚ ਉਡਾਰੀ ਮਾਰਦਾ ਹੈ ਉਸ ਦਾ ਕੋਈ ਨਿਸ਼ਾਨ ਨਹੀਂ ਹੁੰਦਾ, ਇਸੇ ਤਰ੍ਹਾਂ ਮਨੁੱਖ ਦੀ ਆਤਮਾ ਸਰੀਰ ਛੱਡ ਕੇ ਦੂਸਰੇ ਕੰਢੇ ਤੇ ਚਲੀ ਜਾਂਦੀ ਹੈ ਤੇ ਉਸ ਦਾ ਕੋਈ ਨਿਸ਼ਾਨ ਨਹੀਂ ਹੁੰਦਾ। ਕੋਈ ਪਦ ਚਿੰਨ੍ਹ ਨਾ ਛੱਡਣ ਤੋਂ ਭਾਵ ਹੈ ਕੋਈ ਸੰਸਕਾਰ ਨਹੀਂ ਛੱਡ ਕੇ ਜਾਂਦੇ ਉਹ ਆਪਣੇ ਸਾਰੇ ਸੰਸਕਾਰ ਗਿਆਨ ਦੀ ਅਗਨੀ ਵਿਚ ਸੁਆਹ ਕਰ ਜਾਂਦੇ ਹਨ।

## ਸਲੋਕ ਸੱਤਵਾਂ

ਮੁਕਤੀ ਦੇ ਸਮੇਂ ਸਰੀਰ ਦੇ ਸਾਰੇ ਪੰਦਰਾਂ ਅੰਗ (ਪੰਜ ਸੰਪੂਰਣ ਅੰਗ, ਪੰਜ ਗਿਆਨ ਇੰਦ੍ਰੀਆਂ ਪੰਜ ਪ੍ਰਾਣ) ਇਹ ਸਾਰੇ ਆਪਣੇ ਸਰੋਤ ਵਿਚ ਮੁੜ ਕੇ ਚਲੇ ਜਾਂਦੇ ਹਨ। ਗਿਆਨ ਇੰਦ੍ਰੀਆਂ ਆਪਣੇ ਸਰੋਤ ਵਿਚ ਸਮਾ ਜਾਂਦੀਆਂ ਹਨ। ਪਿਛਲੇ ਸਾਰੇ ਕਰਮ, ਗਿਆਨ ਤੇ ਵਿਅਕਤੀਗਤ

ਆਤਮਾ ਸਾਰੇ ਹੀ ਬ੍ਰਹਮਲੀਨ ਹੋ ਜਾਂਦੇ ਹਨ, ਬ੍ਰਹਮ ਵਿਚ ਹੀ ਸਮਾ ਜਾਂਦੇ ਹਨ।

ਇਸ ਸਲੋਕ ਵਿਚ ਦਸਿਆ ਗਿਆ ਕਿ ਮਰਣ ਉਪਰਾਂਤ ਕੀ ਹੁੰਦਾ ਹੈ ਇਹ ਇਕ ਬਹੁਤ ਵੱਡਾ ਪ੍ਰਸ਼ਨ ਹੈ ਜਿਹੜਾ ਜਗਿਆਸੂ ਦੇ ਮਨ ਨੂੰ ਬਾਰ-ਬਾਰ ਕੁਰੇਦਦਾ ਰਹਿੰਦਾ ਹੈ, ਸਰੀਰ, ਗਿਆਨ ਇੰਦ੍ਰੀਆਂ ਮਨ ਇਹ ਸਭ ਕੁਝ ਦਾ ਕੀ ਹੁੰਦਾ ਹੈ। ਪ੍ਰਸ਼ਨ ਉਠਦਾ ਹੈ ਜਦੋਂ ਇਕ ਅਜਰ ਅਮਰ, ਪੰਛੀ ਪੁਲਾੜ ਵਿਚ ਜਾਂਦਾ ਹੈ ਜਾਂ ਕਹਿ ਲਵੋ ਅਨੰਦ ਵਿਚ ਹੋ ਕੇ ਆਪਣੀ ਪ੍ਰੇਮਕਾ ਨੂੰ ਮਿਲਦਾ ਹੈ, ਉਪਰ ਚਲਾ ਜਾਂਦਾ ਹੈ, ਪ੍ਰਮਾਤਮਾ ਨੂੰ ਮਿਲਦਾ ਹੈ ਉਸ ਨਾਲ ਇਕ ਹੋ ਜਾਂਦਾ ਹੈ ਤੇ ਮੁੜ ਕੇ ਕਦੀ ਵੀ ਨਹੀਂ ਆਉਂਦਾ ਉਸ ਦੇ ਸਰੀਰ, ਸੁਆਸ, ਗਿਆਨ ਇੰਦ੍ਰੀਆਂ ਮਨ ਦਾ ਕੀ ਹੁੰਦਾ ਹੈ?

ਪ੍ਰਸ਼ਨ ਉਪਨਿਸ਼ਨ ਤੇ ਮੰਡੂਕ ਉਪਨਿਸ਼ਦ ਦੀ ਸਿਖਿਆ ਇਕੋ ਜਿਹੀ ਹੈ। ਇਨ੍ਹਾਂ ਦੋਨਾਂ ਦਾ ਸਰੋਤ ਅਥਰਵੇਦ ਹੈ। ਇਸ ਅਲੰਕਾਰ ਤੋਂ ਤੁਸੀਂ ਸਮਝ ਗਏ ਹੋਵੋਗੇ ਕਿ ਸਰੀਰ ਦਾ ਕੀ ਹੁੰਦਾ ਹੈ। ਜਦੋਂ ਆਤਮਾ ਵਿਚੋਂ ਨਿਕਲ ਜਾਂਦੀ ਹੈ ਤੇ ਆਪਣੇ ਨਿਜ ਸਥਾਨ ਤੇ ਪਹੁੰਚ ਜਾਂਦੀ ਹੈ। ਇਕ ਘੜਾ ਪਾਣੀ ਦਾ ਭਰੋ ਉਸ ਨੂੰ ਸੂਰਜ ਦੇ ਅੱਗੇ ਰੱਖੋ ਤੇ ਫੇਰ ਉਸ ਨੂੰ ਤੋੜ ਦਿਓ ਜਿਸ ਤਰ੍ਹਾਂ ਮਰਜ਼ੀ ਤੋੜੋ, ਪੱਥਰ ਮਾਰ ਕੇ ਜਿਵੇਂ ਮਰਜ਼ੀ ਤੁਸੀਂ ਦੇਖੋਗੇ ਪਾਣੀ ਆਪਣੀ ਥਾਂ ਲੱਭ ਹੀ ਲੈਂਦਾ ਹੈ, ਘੜੇ ਦੀਆਂ ਠੀਕਰੀਆਂ ਆਪਣਾ ਸਥਾਨ ਲੱਭ ਲੈਂਦੀਆਂ ਹਨ, ਘੜੇ ਦਾ ਥੱਲਾ ਧਰਤੀ ਨਾਲ ਮਿਲ ਜਾਂਦਾ ਹੈ। ਸੂਰਜ ਦਾ ਅਕਸ਼ ਸੂਰਜ ਨਾਲ ਮਿਲ ਜਾਂਦਾ ਹੈ, ਸਰੀਰ ਦੇ ਸਾਰੇ ਅੰਗ ਘੜੇ ਦੀਆਂ ਸਾਰੀਆਂ ਠੀਕਰੀਆਂ ਆਪਣੇ ਆਪਣੇ ਥਾਂ ਤੇ ਟਿਕ ਜਾਂਦੀਆਂ ਹਨ।

ਵਾਸਤਵ ਵਿਚ ਕੋਈ ਵੀ ਮਰਦਾ ਨਹੀਂ। ਸਰੀਰ ਦੇ ਅੰਗ ਵਿਸ਼ਵ ਦੇ ਸਰੋਤ ਵਿਚ ਜਾ ਮਿਲਦੇ ਹਨ। ਸੁਣਨ ਦੇ ਅੰਗ ਸੂਖਮ ਅਕਾਸ਼ ਵਿਚ ਚਲੇ ਜਾਂਦੇ ਹਨ, ਹੱਥ ਨਾਲ ਟੋਹਣ ਦੇ, ਹੱਥ ਲਾ ਕੇ ਦੇਖਣ ਦੇ ਅੰਗ ਵਾਯੂ ਨਾਲ ਜਾ ਮਿਲਦੇ ਹਨ ਤੇ ਅੱਖਾਂ ਅਗਨੀ ਨਾਲ ਜਾ ਮਿਲਦੀਆਂ ਹਨ, ਵਿਅਕਤੀਗਤ ਆਤਮਾ ਇੱਛਾ ਅਨੁਸਾਰ ਮੁੜ-ਮੁੜ ਸਰੀਰ ਧਾਰਦਾ ਰਹਿੰਦਾ ਹੈ, ਅੰਤ ਵਿਚ ਮੁਕਤੀ ਪਾ ਲੈਂਦਾ ਹੈ।

ਸਭ ਤੋਂ ਉਚਾ ਅਜਰ, ਅਮਰ, ਅਟੱਲ ਅਕਾਸ਼ ਜਨਮ ਤੋਂ ਰਹਿਤ ਹੈ, ਇਸ ਕਰਕੇ ਉਸ ਦੀ ਕੋਈ ਬਰਬਾਦੀ ਖਰਾਬੀ ਨਹੀਂ ਹੁੰਦੀ, ਜਦੋਂ ਬੱਦਲ ਫਟ ਜਾਂਦੇ ਹਨ ਸੂਰਜ ਦਿਸਣ ਲਗ ਪੈਂਦਾ ਹੈ।

## ਸਲੋਕ ਅੱਠਵਾਂ

ਜਿਵੇਂ ਜਦੋਂ ਨਦੀਆਂ ਸਮੁੰਦਰ ਵਿਚ ਆ ਡਿਗਰਦੀਆਂ ਹਨ ਉਨ੍ਹਾਂ ਦੇ ਆਪਣੇ ਨਾਮ ਖਤਮ ਹੋ ਜਾਂਦੇ ਹਨ ਇਸੇ ਤਰ੍ਹਾਂ ਜਦੋਂ ਆਤਮਾ ਪ੍ਰਮਾਤਮਾ ਵਿਚ ਜਾ ਮਿਲਦੀ ਹੈ ਉਸ ਦੀ ਆਪਣੀ ਹਸਤੀ ਖਤਮ ਹੋ ਜਾਂਦੀ ਹੈ ਉਸਦੀ ਆਪਣੀ ਅਭੇਦਤਾ ਖਤਮ ਜੋ ਜਾਂਦੀ ਹੈ ਉਸ ਦੇ ਸਾਰੇ ਨਾਮ ਖਤਮ ਹੋ ਜਾਂਦੇ ਹਨ ਕਿਉਂ ਜੋ ਉਹ ਤਾਂ ਸਵੈ ਪ੍ਰਕਾਸ਼ਮਾਨ ਵਿਚ ਜਾ ਮਿਲੀ ਹੈ, ਉਸ ਨਾਲ ਇਕ ਹੋ ਗਈ ਹੈ।

ਇਹ ਸਲੋਕ ਜਗਿਆਸੂ ਨੂੰ ਪ੍ਰੇਰਤ ਕਰਦਾ ਹੈ, ਹੇ ਜਗਿਆਸੂ ਤੂੰ ਨਦੀ ਦੀ ਤਰ੍ਹਾਂ ਵਹਿੰਦਾ, ਜਾ ਨਦੀ ਦੀ ਤਰ੍ਹਾਂ ਨਚਦਾ ਗਾਉਂਦਾ ਤੁਰਿਆ ਜਾ, ਕਈ ਮੋੜ ਆਉਣਗੇ ਕਈ ਕੁਛ ਹੋਏਗਾ, ਅੰਤ ਨੂੰ ਤੂੰ ਆਪਣੇ ਪਿਆਰੇ ਨਾਲ ਜਾ ਮਿਲਦੀ ਹੈ। ਇਸੇ ਤਰ੍ਹਾਂ ਤੁਹਾਡੇ ਜੀਵਨ ਦਾ ਬਹਾਅ, ਪਰਵਾਹ ਚਲਦਾ ਹੈ, ਚਲਦੇ ਪਾਣੀ ਦੀ ਤਰ੍ਹਾਂ ਜਿਵੇਂ ਰੁਕਿਆ ਹੋਇਆ ਪਾਣੀ ਬਦਬੂ ਮਾਰਨ ਲਗ ਪੈਂਦਾ ਹੈ ਇਸੇ ਤਰ੍ਹਾਂ ਬਿਨਾਂ ਜਗਿਆਸਾ ਦੇ ਜੀਵਨ ਵੀ ਬੇਅਰਥ ਹੋ ਜਾਂਦਾ ਹੈ।

ਇਸੇ ਪ੍ਰਕਾਰ ਸੱਚੇ ਤਿਆਗੀ ਤਿਆਗ ਲੈ ਕੇ ਤੁਰਦੇ ਫਿਰਦੇ ਰਹਿੰਦੇ ਹਨ, ਜਿਥੇ ਵੀ ਉਹ ਬੈਠਦੇ ਹਨ ਕਿਹਾ ਜਾਂਦਾ ਹੈ, ਉਨ੍ਹਾਂ ਦੇ ਸਫਰ ਬਿਨਾਂ ਗੱਡੀ ਤੋਂ ਸਫਰ ਕਿਹਾ ਜਾਂਦਾ ਹੈ। ਉਹ ਭਾਵੇਂ ਨਾ ਵੀ ਕਿਤੇ ਜਾਣ ਫੇਰ ਵੀ ਉਹ ਅਗਾਹ ਜਾ ਰਹੇ ਹਨ। ਉਹ ਆਤਮਾ ਦਾ ਜਿਹੜੀਆਂ ਬ੍ਰਹਮਲੀਨ ਹੋ ਗਈਆਂ ਹਨ ਉਹ ਵਿਛੋੜੇ ਦਾ ਦਰਦ ਨਹੀਂ ਸਹਿੰਦੀਆਂ।

## ਸਲੋਕ ਨੌਂਵਾਂ

ਜਿਹੜਾ ਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਬ੍ਰਹਮ ਹੀ ਹੋ ਜਾਂਦਾ ਹੈ। ਉਸ ਦੀ ਪਰੰਪਰਾ ਵਿਚ ਕੋਈ ਵੀ ਬ੍ਰਹਮ ਗਿਆਨ ਤੋਂ ਵਾਂਝਾ ਨਹੀਂ ਰਹਿੰਦਾ। ਉਹ ਸਾਰਿਆਂ ਦੁਖਾਂ ਤੋਂ, ਪਾਪਾਂ ਤੋਂ ਪਰ੍ਹੇ ਹੋ ਜਾਂਦਾ ਹੈ, ਉਪਰ ਉਠ ਜਾਂਦਾ ਹੈ, ਮੁਕਤ ਹੋ ਜਾਂਦਾ ਹੈ, ਉਸ ਦੇ ਮਨ ਦੀਆਂ ਘੁੰਡੀਆਂ ਖੁਲ੍ਹ ਜਾਂਦੀਆਂ ਹਨ ਉਹ ਅਜਰ ਅਮਰ ਹੋ ਜਾਂਦਾ ਹੈ।

ਇਸ ਸਲੋਕ ਵਿਚ ਦਸਿਆ ਹੈ ਜਿਸ ਨੇ ਬ੍ਰਹਮ ਦੀ ਪ੍ਰਾਪਤੀ ਕਰ ਲਈ ਉਸ ਨਾਲ ਇਕ ਹੋ ਗਿਆ ਉਹ ਬ੍ਰਹਮ ਹੀ ਹੈ, ਜਿਹੜਾ ਵੀ ਉਸ ਦੀ ਹਾਜ਼ਰੀ ਵਿਚ ਆਉਂਦਾ ਹੈ ਉਹ ਉਥਆਪਿਤ ਹੋ ਜਾਂਦਾ ਹੈ, ਉਚਾ ਹੋ ਜਾਂਦਾ ਹੈ, ਕਿਉਂ ਜੋ ਉਸ ਦੀਆਂ ਸੂਖਮ ਵਿਚਾਰਾਂ ਆਤਮਕ ਬਲ ਹੀ ਐਸਾ ਹੁੰਦਾ ਹੈ ਜਿਸ ਪਰਿਵਾਰ ਵਿਚ ਇਹੋ ਜਿਹਾ ਗਿਆਨੀ ਹੋਵੇ

ਉਹ ਕੋਈ ਵੀ ਅਗਿਆਨੀ ਨਹੀਂ ਰਹਿ ਸਕਦਾ ਕਿਉਂ ਉਹ ਇਕ ਉਦਾਹਰਣ ਬਣ ਜਾਂਦਾ ਹੈ।

ਇਥੇ ਇਹ ਦੱਸ ਦੇਣਾ ਬੜਾ ਅਵਸ਼ਕ ਹੈ ਕਿ ਇਕ ਸੱਚੇ ਉਚੇ ਸੰਤ ਕੋਲ ਰਹਿ ਕੇ ਸਿਖਿਆ ਜਾ ਸਕਦਾ ਹੈ ਉਹ ਕਿਸੇ ਹੋਰ ਸਿਖਿਆ ਪ੍ਰਵਚਨਾਂ ਤੋਂ ਉਤਮ ਹੈ, ਉਪਰ ਹੈ। ਚੰਗੇ ਚੰਗੇ ਜਗਿਆਸੂਆਂ ਨੂੰ ਗੁਰੂ ਬਹੁਤ ਬਹੁਤ ਦੇਰ ਆਪਣੇ ਕੋਲ ਰਖਦੇ ਹਨ ਉਨ੍ਹਾਂ ਨੂੰ ਆਪਣੇ ਜੀਵਨ ਤੋਂ ਹੀ ਸਿਖਿਆ ਦਿੰਦੇ ਹਨ। ਇਹ ਬਿਲਕੁਲ ਠੀਕ ਹੀ ਹੈ ਕਿ ਸਭ ਤੋਂ ਉਤਮ ਸਿਖਿਆ ਚੁੱਪ ਨਾਲ ਦਿਤੀ ਜਾਂਦੀ ਹੈ ਜਦੋਂ ਜਗਿਆਸੂ ਨਾਲ ਗੁਰੂ ਦੇ ਕੋਈ ਬਚਨ ਬਿਲਾਸ ਨਹੀਂ ਹੁੰਦੇ, ਗੁਰੂ ਆਪਣੀ ਚੁੱਪ ਨਾ ਰਾਹੀਂ ਸਭ ਕੁਝ ਦੇ ਰਿਹਾ ਹੈ, ਚੁੱਪ ਨਾਲ ਹੀ ਸਿਖਿਆ ਪ੍ਰਦਾਨ ਕਰ ਰਿਹਾ ਹੈ।

ਜਦੋਂ ਸਰੀਰ ਸਥਿਰ ਹੈ, ਮਨ ਬਿਲਕੁਲ ਸ਼ਾਂਤ ਹੈ, ਇਹ ਚੁੱਪ ਹੈ ਉਸ ਚੁਪ ਵਿਚ ਕੋਈ ਪ੍ਰਸ਼ਨ ਨਹੀਂ, ਉਸ ਮਨ ਨੂੰ ਕੋਈ ਉਤਰ ਚਾਹੀਦੇ ਹੀ ਨਹੀਂ, ਉਸ ਦੇ ਕੋਈ ਪ੍ਰਸ਼ਨ ਹਨ ਹੀ ਨਹੀਂ। ਜਦੋਂ ਕੋਈ ਪ੍ਰਸ਼ਨ ਨਹੀਂ ਤਾਂ ਉਤਰ ਵੀ ਕੋਈ ਨਹੀਂ, ਲੰਮਾ ਤੇ ਬਹੁਤ ਹੀ ਨੇੜੇ ਦਾ ਇਹੋ ਜਿਹਾ ਗੁਰੂ, ਸ਼ਿਸ਼ ਦਾ ਸਬੰਧ ਐਨਾ ਉਤਮ ਤੇ ਉਚਾ ਹੁੰਦਾ ਹੈ। ਇਹ ਐਨਾ ਡੂੰਘਾ ਸਬੰਧ ਹੈ ਕਿ ਇਸ ਦੇ ਬਰਾਬਰ ਹੋਰ ਕੋਈ ਸਬੰਧ ਹੋ ਹੀ ਨਹੀਂ ਸਕਦਾ। ਜਿਵੇਂ ਕਿ ਇਕ ਬੱਚੇ ਦਾ ਰੋਣਾ, ਹੱਸਣਾ, ਇਸ਼ਾਰੇ ਬੱਚੇ ਦੀ ਮਾਂ ਹੀ ਸਮਝ ਸਕਦੀ ਹੈ। ਇਸੇ ਪ੍ਰਕਾਰ ਗੁਰੂ ਦੇ ਚੁੱਪ ਦੇ ਬਚਨ ਸ਼ਿਸ਼ ਹੀ ਸਮਝ ਸਕਦਾ ਹੈ। ਸ਼ਰਤ ਇਹ ਹੈ ਕਿ ਗੁਰੂ ਦੇਣਾ ਚਾਹ ਰਿਹਾ ਹੈ ਤੇ ਸ਼ਿਸ਼ ਲੈਣ ਦਾ ਪਾਤਰ ਹੈ ਇਕ ਸੱਚਾ ਜਗਿਆਸੂ ਹੈ।

ਇਕ ਹੋਰ ਪ੍ਰਸ਼ਨ ਉਠਦਾ ਹੈ, ਮਨ ਦੀ ਕਿਹੜੀ ਭਾਸ਼ਾ ਹੈ ਕਿਉਂਕਿ ਉਹ ਤਾਂ ਆਪਣੀਆਂ ਸਾਰੀਆਂ ਭਾਸ਼ਾ ਭੁੱਲ ਗਿਆ ਹੈ। ਇਸ ਦਾ ਉਤਰ ਇਕ ਹੀ ਹੈ, ਮਨ ਤਾਂ ਅਨੰਦ ਵਿਚ ਰਤਿਆ ਪਿਆ ਹੋਵੇ, ਫੇਰ ਮਨ ਦੀ ਮਨ ਇਸ ਤਰ੍ਹਾਂ ਸਮਝਦਾ ਹੈ ਜਿਵੇਂ ਇਕ ਬੂੰਦ ਪਾਣੀ ਗਿਲਾਸ ਵਿਚ ਮਿਲ ਜਾਵੇ।

## ਸਲੋਕ ਦਸਵਾਂ

ਜਿਵੇਂ ਕਿ ਮੰਤਰ ਵਿਚ ਦਸਿਆ ਗਿਆ ਹੈ, ਇਹ ਬ੍ਰਹਮ ਗਿਆਨ ਉਸੇ ਨੂੰ ਹੀ ਦੇਣਾ ਚਾਹੀਦਾ ਹੈ ਜਿਹੜਾ ਸੱਚਾ ਹੋਏ, ਮਿਹਨਤੀ ਹੋਵੇ, ਲੋਚਾ ਰਖਦਾ ਹੋਵੇ, ਜਿਸ ਨੂੰ ਬ੍ਰਹਮਗਿਆਨ ਲਈ ਜਗਿਆਸਾ ਹੋਵੇ, ਸਵੈ ਅਨੁਸਾਸ਼ਕ ਹੋਏ, ਆਪਣੇ ਗੁਰੂ ਪ੍ਰਤੀ ਸ਼ਰਧਾਵਾਨ ਹੋਵੇ, ਜਿਹੜਾ ਸਿਰ ਤੇ ਅੱਗ ਲੈ ਕੇ ਚੱਲਣ ਲਈ ਤਿਆਰ ਹੋਵੇ।

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਅੰਗ - 1102***

ਰਿਗਵੇਦ ਉਚਤਮ ਵਿਗਿਆਨ ਅਨੁਸਾਰ ਸਿਖਿਆ ਦੇਣ ਵਾਲੇ ਲਈ ਪੱਥ ਪ੍ਰਦਰਸ਼ਕ ਲਈ ਕੁਝ ਤੱਤ ਦੱਸੇ ਗਏ ਹਨ, ਜਿਨ੍ਹਾਂ ਵਿਚ ਵੇਦਾਂ, ਉਪਨਿਸ਼ਦਾਂ ਦੇ ਗਿਆਨ ਦੇਣ ਦੀ ਵਿਧੀ ਦੱਸੀ ਗਈ ਹੈ। ਕਿਹਾ ਜਾਂਦਾ ਹੈ ਇਹ ਗਿਆਨ ਉਨ੍ਹਾਂ ਨੂੰ ਹੀ ਦਿਤਾ ਜਾਂਦਾ ਹੈ ਜਿਹੜੇ ਆਪਣੀਆਂ ਡੀਊਟੀਆਂ ਕਰ ਚੁੱਕੇ ਹਨ ਤੇ ਜਿਹੜੇ ਗ੍ਰੰਥ ਦਾ ਗਿਆਨ ਜਾਣਦੇ ਹਨ, ਬ੍ਰਹਮ ਪ੍ਰਤੀ ਪੂਰੀ ਸ਼ਰਧਾ ਰਖਦੇ ਹੋਣ, ਆਪਣਾ ਸਭ ਕੁਝ ਬ੍ਰਹਮ ਨੂੰ ਸਮਰਪਣ ਕਰ ਚੁਕੇ ਹੋਏ, 'ਏਕਾਰਸ਼ੀ' ਅਗਨੀ ਭੇਟ ਕਰ ਚੁੱਕੇ ਹੋਣ ਇਥੇ ਏਕਾਰਸ਼ੀ ਸ਼ਬਦ ਗਿਆਨ ਦੀ ਅਗਨੀ ਲਈ ਵਰਤਿਆ ਗਿਆ ਹੈ, ਜਿਸ ਵਿਚ ਸਾਰੀਆਂ ਬੁਰਾਈਆਂ ਸਾਰਾ ਅਗਿਆਨ ਖਤਮ ਕਰ ਦਿਤਾ ਜਾਂਦਾ ਹੈ, ਭਸਮ ਕਰ ਦਿਤਾ ਜਾਂਦਾ ਹੈ ਤੇ ਇਨ੍ਹਾਂ ਸਭਨਾਂ ਤੋਂ ਮੁਕਤੀ ਮਿਲ ਜਾਂਦੀ ਹੈ।

ਇਸ ਸਲੋਕ ਵਿਚ ਇਕ ਹੋਰ ਤਰੀਕਾ ਇਕ ਹੋਰ ਵਿਧੀ ਦੱਸੀ ਗਈ ਹੈ। ਪਿਛਲੇ ਸਲੋਕਾਂ ਵਿਚ ਗਿਆਨ ਪ੍ਰਾਪਤੀ ਬਾਰੇ ਦੱਸਿਆ ਗਿਆ ਹੈ, ਮੈਡੀਟੇਸ਼ਨ ਬਾਰੇ ਦੱਸਿਆ ਗਿਆ ਹੈ। ਸ਼ਰਧਾ ਬਾਰੇ ਦਸਿਆ ਗਿਆ ਹੈ। ਗਿਆਨ ਮਾਰਗ ਬਾਰੇ ਵੀ ਦਸਿਆ ਗਿਆ ਹੈ ਪਰ ਗਿਆਨ ਪ੍ਰਕਾਸ਼ ਕਰਮਾਂ ਰਾਹੀਂ ਕਿਵੇਂ ਹੋਵੇ ਇਹ ਨਹੀਂ ਦਸਿਆ ਗਿਆ।

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਨਿਸੁਆਰਥ ਕਰਮ ਜੁਗਤ ਨਾਲ ਕਿਵੇਂ ਕੀਤੇ ਜਾਣ ਇਸ ਬਾਰੇ ਦਸਿਆ ਗਿਆ ਹੈ। ਕਰਮਾਂ ਦੀ ਗਤਿ ਤਾਂ ਮਿਟ ਨਹੀਂ ਸਕਦੀ, ਕੰਮ ਕੀਤੇ ਬਿਨਾਂ ਆਪਣੇ ਫਰਜ਼ ਪੂਰੇ ਕੀਤੇ ਬਿਨਾਂ, ਮਨ, ਬੁੱਧੀ, ਸੰਵੇਗ, ਵਿਚਾਰ ਇਹ ਸ਼ੁੱਧ ਨਹੀਂ ਕੀਤੇ ਜਾ ਸਕਦੇ। ਇਸ ਗੱਲ ਨੂੰ ਸਮਝ ਕੇ, ਜਾਣ ਕੇ ਹੀ ਇਕ ਚੰਗਾ ਵਾਤਾਵਰਣ ਤਿਆਰ ਕੀਤਾ ਜਾ ਸਕਦਾ ਹੈ, ਉਸ ਚੰਗੇ ਤੇ ਸੋਹਣੇ ਵਾਤਾਵਰਣ ਵਿਚ ਚੌਗਿਰਦੇ ਵਿਚ ਹੀ ਸਾਧਕ ਪੂਰੀ ਤਰ੍ਹਾਂ ਪ੍ਰਸੰਨ ਹੋ ਕੇ ਤਨਮੈਤਾ ਨਾਲ ਸਾਧਨਾ ਕਰ ਸਕਦਾ ਹੈ।

ਜਗਿਆਸੂ ਨੂੰ ਪਹਿਲਾਂ ਗੂੜ੍ਹਾ ਤੇ ਡੂੰਘਾ ਗਿਆਨ ਹੋਣਾ ਚਾਹੀਦਾ ਹੈ, ਵੇਦਾਂ ਦਾ ਗਿਆਨ ਪੰਤਾਂਜਲ ਦਾ ਗਿਆਨ, ਪੰਤਾਜਲ ਨੇ ਯੋਗ ਨੂੰ ਨਿਯਮਬੱਧ ਕੀਤਾ ਹੈ, ਉਨ੍ਹਾਂ ਦਾ ਕਥਨ ਹੈ ਕਿ ਸ਼ਬਦ ਤਾਂ ਅਨੰਤ ਨਹੀਂ ਪਰ ਵੇਦਾਂ ਦਾ ਗਿਆਨ ਅਨੰਤ ਹੈ, ਅਮਰ ਹੈ, ਸਭ ਲਈ ਸਾਂਝਾ ਹੈ ਇਸ ਕਰਕੇ ਇਹ ਗ੍ਰੰਥ ਗਿਆਨ ਦੇ ਉਤਮ ਸਰੋਤ ਹਨ ਤੇ ਮੁਕਤੀ ਪ੍ਰਾਪਤੀ ਦਾ ਇਕ ਗਾਡੀ ਰਾਹ ਹਨ।

ਸਭ ਤੋਂ ਮੁਢਲੀ ਅਵਸਥਾ ਹੈ ਬ੍ਰਹਮ ਦੀ ਪੂਜਾ ਕਰਨੀ, ਪੂਰੀ ਸ਼ਰਧਾ ਨਾਲ, ਪਿਆਰ ਨਾਲ, ਜਦੋਂ ਅਸੀਂ ਇਸ ਤਰ੍ਹਾਂ ਬ੍ਰਹਮਾ ਦੀ ਪੂਜਾ ਕਰਦੇ ਹਾਂ, ਯਾਦ ਰਹੇ ਜਦੋਂ

ਅਸੀਂ ਇਸ ਤਰ੍ਹਾਂ ਬ੍ਰਹਮ ਦੀ ਪੂਜਾ ਦੀ ਗੱਲ ਕਰਦੇ ਹਾਂ ਤਾਂ ਅਸੀਂ ਬ੍ਰਹਮਾ ਦੇ ਗੁਣਾਂ ਦੀ ਗੱਲ ਕਰਦੇ ਹਾਂ ਭਾਵ ਉਸ ਦੀ ਮਾਇਆ ਜਿਹੜੀ ਪਸਰੀ ਹੋਈ ਹੈ ਕਿਉਂਕਿ ਮਨ ਤਾਂ ਅਜੇ ਸ਼ਾਂਤ ਹੋਇਆ ਨਹੀਂ, ਮਨ ਸ਼ਾਂਤ ਹੋਣ ਤੋਂ ਬਾਅਦ ਹੀ ਪੂਰੀ ਚੇਤਨਾ ਆਉਂਦੀ ਹੈ।

ਜਗਿਆਸੂ ਨੂੰ ਆਪਣੇ ਗੁਰੂ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ, ਗ੍ਰੰਥਾਂ ਦੇ ਸ਼ਬਦਾਂ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਬ੍ਰਹਮਗਿਆਨੀਆਂ ਦੇ ਬਚਨਾਂ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਸਵਾਧਿਆਏ ਇਕ ਹੋਰ ਅਵਸ਼ਕ ਗੁਣ ਹੈ, ਜਿਹੜਾ ਆਤਮ ਮਾਰਗ ਤੇ ਬਹੁਤ ਹੀ ਉਪਲਬਧੀ ਦਿੰਦਾ ਹੈ। ਵਿਸ਼ਵਾਸ਼ ਤੋਂ ਬਿਨਾਂ ਮੈਡੀਟੇਸ਼ਨ ਨਹੀਂ ਕੀਤੀ ਜਾ ਸਕਦੀ, ਵਿਸ਼ਵਾਸ਼ ਹੋਣਾ ਅਤਿ ਆਵਸ਼ਕ ਹੈ।

'ਇਕਾਰਸ਼ੀ' ਭੇਟਾ ਬਾਰੇ ਦਸਿਆ ਗਿਆ ਹੈ ਇਸ ਵਿਚ, ਪ੍ਰਤੀਕਾਤਮਕ ਤੌਰ ਤੇ ਜਗਿਆਸੂ ਨੂੰ ਸਿਰ ਤੇ ਅੱਗ ਲੈ ਕੇ ਤੁਰਨਾ ਪੈਂਦਾ ਹੈ, ਇਹ ਅਥਰ ਵੇਦ ਵਿਚ ਲਿਖਿਆ ਗਿਆ ਹੈ। ਇਸ ਤੋਂ ਇਹ ਭਾਵ ਹੈ ਕਿ ਜਗਿਆਸੂ ਮਨ ਦੀ ਇਕਾਗਰਤਾ ਤੇ ਹਿਰਦੇ ਦੀ ਸ਼ੁਧਤਾ ਪ੍ਰਾਪਤ ਕਰ ਲੈਂਦਾ ਹੈ।

ਇਸ ਤਰ੍ਹਾਂ ਦੀ ਇਕਾਗਰਤਾ ਉਸ ਬੀਬੀ ਦੀ ਤਰ੍ਹਾਂ ਹੈ ਜਿਹੜੀ ਬਾਹਰੋਂ ਪਿੰਡ ਦੇ ਖੂਹ ਤੋਂ ਪਾਣੀ ਭਰ ਕੇ ਲਿਆਉਂਦੀ ਹੈ, ਪਾਣੀ ਦਾ ਘੜਾ ਸਿਰ ਤੇ ਰੱਖ ਕੇ ਉਹ ਹਸਦੀ ਹੈ, ਗਾਉਂਦੀ ਹੈ, ਨਚਦੀ ਹੈ, ਸਖੀਆਂ ਨਾਲ ਗੱਲਾਂਬਾਤਾਂ ਵੀ ਕਰਦੀ ਹੈ ਪਰ ਯਾਦ ਰਹੇ ਉਸ ਦਾ ਧਿਆਨ ਤਾਂ ਘੜੇ ਤੇ ਹੀ ਰਹਿੰਦਾ ਹੈ ਬਿਲਕੁਲ ਇਸ ਤਰ੍ਹਾਂ ਹੀ ਸੰਸਾਰ ਵਿਚ ਰਹਿੰਦਿਆਂ ਪ੍ਰਾਣੀਆਂ ਦਾ ਹਾਲ ਹੋਣਾ ਚਾਹੀਦਾ ਹੈ ਜਿਹੜੇ ਕਿ ਆਮ ਤੌਰ ਤੇ ਕਰਮ ਯੋਗੀ ਹੁੰਦੇ ਹਨ, ਇਨ੍ਹਾਂ ਨੂੰ ਆਪਣੇ ਕਰਮ ਆਪਣੀਆਂ ਡਿਊਟੀਆਂ ਪੂਰੀ ਤਰ੍ਹਾਂ ਕਰਨੀਆਂ ਚਾਹੀਦੀਆਂ ਹਨ ਪਰ ਧਿਆਨ ਸਦਾ ਹੀ ਚੇਤਨ ਬਿੰਦੂ ਤੇ ਹੋਣਾ ਚਾਹੀਦਾ ਹੈ।

ਨਿਸੁਆਰਥ ਕਰਮ ਤੋਂ ਕਰਨ ਤੋਂ ਬਿਨਾਂ ਕੋਈ ਵੀ ਆਪਣੇ ਆਪ ਨੂੰ ਕਰਮਾਂ ਦੇ ਬੰਧਨਾਂ ਤੋਂ ਮੁਕਤ ਨਹੀਂ ਕਰਾ ਸਕਦਾ। ਬਿਲਕੁਲ ਇਸ ਤਰ੍ਹਾਂ ਹੀ ਤਿਆਗੀ ਆਪਣਾ ਹਿਰਦੇ, ਮਨ ਤਪਸਿਆ ਨਾਲ ਸ਼ੁੱਧ ਕਰਦਾ ਹੈ, ਸਵਾਧਿਆ ਨਾਲ ਸ਼ੁਧ ਕਰਦਾ ਹੈ (ਗ੍ਰੰਥ ਪੜ੍ਹ ਕੇ) ਈਸ਼ਵਰ ਪ੍ਰਾਧੀਨ (ਆਪਣੇ ਆਪ ਨੂੰ ਸਮਰਪਣ ਕਰਕੇ) ਕਰਦਾ ਹੈ।

ਇਨ੍ਹਾਂ ਕਰਮਾਂ ਵਿਚ ਤੇ ਸੰਸਾਰਕ ਕਰਮਾਂ ਵਿਚ ਸਦਾ ਹੀ ਅੰਤਰ ਹੁੰਦਾ ਹੈ। ਇਨ੍ਹਾਂ ਕਰਮਾਂ ਦਾ ਕੋਈ ਬੰਧਨ ਨਹੀਂ ਹੁੰਦਾ ਇਹ ਤਾਂ ਆਤਮ ਮਾਰਗ ਦੇ ਪੱਥ ਪ੍ਰਦਰਸ਼ਕ ਹੁੰਦੇ ਹਨ।

## ਸਲੋਕ ਗਿਆਰ੍ਹਾਂ

ਬ੍ਰਹਮਗਿਆਨੀ ਅੰਗੀਰਸ ਪੁਰਾਤਨ ਸਮੇਂ ਇਹ ਸੱਚ ਦਸਿਆ ਸੀ, ਜਿਸ ਪ੍ਰਾਣੀ ਨੇ ਆਪਣੇ ਸੰਕਲਪ, ਪ੍ਰਣ ਪ੍ਰਤਿਗਿਆ ਪੂਰੀਆਂ ਕਰ ਲਈਆਂ ਹੋਣ ਉਹ ਇਸ ਉਪਨਿਸ਼ਦ ਨੂੰ ਪੜ੍ਹੇ। ਸਨਮਾਨ ਹੈ ਉਨ੍ਹਾਂ ਮਹਾਂਪੁਰਸ਼ਾਂ ਨੂੰ ਰਿਸ਼ੀਆਂ ਮੁਨੀਆਂ ਨੂੰ, ਸ਼ਰਧਾਂਜਲੀ ਹੈ ਉਨ੍ਹਾਂ ਦਾਰਸ਼ਨਕਾਂ ਨੂੰ ਵਿਵੇਕੀਆਂ ਨੂੰ ਜਿਨ੍ਹਾਂ ਨੇ ਇਹ ਰਚਨਾਵਾਂ ਕੀਤੀਆਂ।

ਰਿਸ਼ੀ ਅੰਗੀਰਸ ਨੇ ਇਹ ਸਤਿ ਦਸਿਆ ਪ੍ਰਗਟ ਕੀਤਾ ਤੇ ਕਿਹਾ ਇਹ ਗ੍ਰੰਥ ਉਹ ਪ੍ਰਾਣੀ ਬਿਲਕੁਲ ਨਾ ਪੜ੍ਹਨ ਜਿਨ੍ਹਾਂ ਨੇ ਪ੍ਰਣ ਨਹੀਂ ਕੀਤਾ, ਜਿਨ੍ਹਾਂ ਦਾ ਕੋਈ ਨਿਸ਼ਚਾ ਨਹੀਂ ਦ੍ਰਿੜ੍ਹ ਵਿਸ਼ਵਾਸ਼ ਨਹੀਂ ਕਿ ਉਹ ਆਤਮ ਮਾਰਗ ਤੇ ਚਲ ਸਕਣ, ਆਤਮ ਮਾਰਗ ਦੇ ਅਨੁਸਾਸ਼ਨ ਤੇ ਚਲ ਸਕਣ, ਜੋ ਵੀ ਗੁਰੂ ਨੇ ਦਿਤਾ ਹੋਵੇ। ਇਸ ਤੋਂ ਇਹ ਗੱਲ ਪ੍ਰਤੱਖ ਹੈ ਕਿ ਬ੍ਰਹਮਗਿਆਨ ਕਦੀ ਵੀ ਅਸ਼ੁੱਧ ਪ੍ਰਾਣੀ ਨੂੰ ਨਹੀਂ ਦੇਣਾ ਚਾਹੀਦਾ।

ਇਸ ਉਤਮ ਵਿਗਿਆਨ ਦੇ ਅਧਿਅਨ ਲਈ ਇਕ ਬਹੁਤ ਹੀ ਚੰਗੀ ਪ੍ਰਯੋਗਸ਼ਾਲਾ ਦੀ ਲੋੜ ਹੈ। ਜੇ ਉਹ ਪ੍ਰਯੋਗਸ਼ਾਲਾ ਵਿਚ ਪੂਰਾ ਚੰਗਾ ਸੋਹਣਾ ਢੁਕਵਾ ਸਾਮਾਨ ਹੀ ਨਹੀਂ ਭਾਵ ਜੇ ਸਰੀਰ ਦਾ ਪੂਰਾ ਕਰਮ, ਸ੍ਵਾਸ ਮਨ ਪੂਰੀ ਤਰ੍ਹਾਂ ਨਾਲ ਇਕਾਗਰ ਨਹੀਂ ਹਨ, ਸਮਵਰਗ ਨਹੀਂ ਹਨ ਤਾਂ ਮਨੁੱਖ ਦੇ ਸਾਰੇ ਯਤਨ ਨਿਹਫਲ ਹੋਣਗੇ, ਫੇਰ ਤਾਂ ਉਹ ਆਪਣਾ ਸਮਾਂ ਹੀ ਬਰਬਾਦ ਕਰੇਗਾ, ਆਪਣੀ ਸ਼ਕਤੀ ਵੀ ਬੇਅਰਥ ਹੀ ਲਗਾਏਗਾ।

ਰਿਸ਼ੀ ਮੁਨੀ ਤਾਂ ਪੂਰਨ ਮੁਕਤ ਹੋਏ ਹਨ, ਉਹ ਤਾਂ ਸ਼ੁਧ ਗਿਆਨ ਦੇ ਸਰੋਤ ਹਨ, ਉਨ੍ਹਾਂ ਰਾਹੀਂ ਹੀ ਸ਼ੁਧ ਗਿਆਨ ਦੀ ਗੰਗਾ ਵਹਿੰਦੀ ਹੈ। ਇਹੋ ਜਿਹੇ ਰਿਸ਼ੀ ਮੁਨੀ ਇਹ ਗਿਆਨ ਉਨ੍ਹਾਂ ਜਗਿਆਸੂਆਂ ਨੂੰ ਦਿੰਦੇ ਹਨ ਜਿਨ੍ਹਾਂ ਕੋਲ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਉਹ ਆਪਣੇ ਆਪ ਨੂੰ ਸ਼ੁਧ ਕਰਨਗੇ, ਸ਼ੁਧ ਕਰ ਰਹੇ ਹਨ ਜਾਂ ਉਹ ਵਡਭਾਗੇ ਜਿਹੜੇ ਸ਼ੁੱਧ ਹੋ ਚੁੱਕੇ ਹਨ, ਅੰਦਰੋਂ ਬਾਹਰੋਂ ਸ਼ੁੱਧ ਹੋ ਚੁੱਕੇ ਹਨ।

ਸਨਮਾਨ ਦਾ ਸ਼ਬਦ ਸ਼ਰਧਾਂਜਲੀ ਦਾ ਸ਼ਬਦ ਦੋ ਵਾਰੀ ਕਿਹਾ ਗਿਆ ਹੈ, ਲਿਖਿਆ ਗਿਆ ਹੈ, ਭਾਵ ਇਹ ਹੈ ਕਿ ਇਸ ਨਾਲ ਧੰਨਵਾਦ ਹੀ ਨਹੀਂ ਕ੍ਰਿਤਗੱਤਾ ਜਤਾਈ ਗਈ ਹੈ, ਕ੍ਰਿਤਗਤਾ ਦੀ ਭਾਵਨਾ, ਸ਼ਰਧਾ ਭਾਵਨਾ ਰਿਸ਼ੀਆਂ ਮੁਨੀਆਂ ਪ੍ਰਤੀ ਜਤਾਈ ਗਈ ਹੈ ਜਿਨ੍ਹਾਂ ਨੇ ਇਹ ਉਤਮ ਬ੍ਰਹਮ ਵਿਗਿਆਨ ਦਾ ਗਿਆਨ ਦਿਤਾ ਹੈ। ਧੰਨ ਹਨ ਧੰਨ ਹਨ ਉਹ ਰਿਸ਼ੀ ਮੁਨੀ।

# ਹਿਮਾਲੀਅਨ ਯੋਗੀ ਦਾ ਸੰਗ
# ((Walking With Himalayan Master))

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ 25

## ਅਨੰਤ ਯਾਤਰਾ

ਮੈਂ ਆਕਾਸ਼ ਵਲ ਦੇਖਦਾ ਹਾਂ, ਬੱਦਲਾਂ ਵਿਚ ਇਕ ਰਥ ਤੇ ਕ੍ਰਿਸ਼ਨ ਜੀ ਸਵਾਰ ਮੈਨੂੰ ਦਰਸ਼ਨ ਦਿੰਦੇ ਹਨ, ਉਹ ਬੱਦਲਾਂ ਦੇ ਉਪਰ ਹਨ ਤੇ ਉਨ੍ਹਾਂ ਨੇ ਇਕ ਹੱਥ ਨਾਲ ਘੋੜਿਆਂ ਦੀਆਂ ਲਗਾਮਾਂ ਪਕੜੀਆਂ ਹੋਈਆਂ ਹਨ, ਉਨ੍ਹਾਂ ਦਾ ਸਿਰ ਇਕ ਪਾਸੇ ਝੁਕਿਆ ਹੋਇਆ ਹੈ ਤੇ ਉਹ ਮੇਰੇ ਉਤੇ ਮੁਸਕਰਾ ਰਹੇ ਹਨ ਮੈਂ ਉਨ੍ਹਾਂ ਵਲ ਦੇਖ ਰਿਹਾ ਹਾਂ। ਮੈਂ ਅਰਜਨ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਅਰਜਨ ਨਹੀਂ ਨਜ਼ਰ ਆਉਂਦਾ।

ਇਹ ਮੇਰਾ ਸੁਪਨਾ ਸੀ। ਇਸ ਨਾਲ ਮੈਂ ਇਕ ਦਮ ਝੰਜੋੜਿਆ ਗਿਆ ਤੇ ਮੈਂ ਉਠ ਕੇ ਬੈਠ ਗਿਆ, ਮੈਂ ਦੇਖਿਆ ਮੇਰੀ ਮੈਡੀਟੇਸ਼ਨ ਦਾ ਸਮਾਂ ਹੋ ਰਿਹਾ ਸੀ। ਮੈਂ ਉਠ ਕੇ ਮੈਡੀਟੇਸ਼ਨ ਵਿਚ ਬੈਠ ਗਿਆ। ਜਿਵੇਂ ਹੀ ਮੈਂ ਮੈਡੀਟੇਸ਼ਨ ਵਿਚ ਬੈਠਾ ਸਾਰੇ ਦਾ ਸਾਰਾ ਸੁਪਨਾ ਫੇਰ ਮੇਰੇ ਅੱਗੋਂ ਹੋ ਕੇ ਲੰਘ ਗਿਆ, ਮੈਂ ਕ੍ਰਿਸ਼ਨ ਦੀ ਸੋਹਣੀ ਮੁਸਕਰਾਹਟ ਹੀ ਦੇਖਦਾ ਰਹਿ ਗਿਆ ਤੇ ਮਹਿਸੂਸ ਕੀਤਾ ਜਿਵੇਂ ਮੈਂ ਹੀ ਅਰਜਨ ਹੋਵਾਂ, ਮੈਂ ਹੀ ਤਰਕਸ ਹੋਵਾਂ ਤੇ ਮੈਂ ਹੀ ਉਨ੍ਹਾਂ ਦਾ ਮਹੱਤਵ ਅਕਾਂਖੀ ਹੋਵਾਂ।

ਭਗਵਤ ਗੀਤਾ ਮੈਨੂੰ ਸਦਾ ਹੀ ਬਹੁਤ ਰੌਚਕ ਲਗਦੀ ਰਹੀ, ਕ੍ਰਿਸ਼ਨ ਤੇ ਅਰਜਨ ਵਲ ਵਿਸ਼ੇਸ਼ ਤੌਰ ਤੇ ਮੇਰਾ ਧਿਆਨ ਸਦਾ ਹੀ ਬਣਿਆ ਰਿਹਾ, ਇਸ ਦਾ ਇਕ ਮਿਥਿਆਹਾਸਕ ਡਰਾਮਾ, ਕਿਰਦਾਰਾਂ ਦੀ ਮਹੱਤਵ ਅਕਾਂਖੀ, ਕਿਵੇਂ ਉਹ ਸਤ ਨੂੰ ਜਾਨਣਾ ਚਾਹੁੰਦੇ ਸੀ, ਮੈਨੂੰ ਬਹੁਤ ਹੀ ਰੌਚਕ ਲਗਦਾ। ਸਾਰੀ ਘਟਨਾ ਲੜਾਈ ਦੇ ਮੈਦਾਨ ਤੇ ਵਾਪਰਦੀ ਹੈ, ਕੁਰਕਸ਼ੇਤਰ, ਕੌਰਵ ਸਾਰਾ ਰਾਜ ਸੰਭਾਲਨਾ ਚਾਹੁੰਦੇ ਸੀ, ਵਾਸਤਵ ਵਿਚ ਆਤਮ ਨੂੰ ਕਾਬੂ ਕਰਨਾ ਚਾਹੁੰਦੇ ਸੀ। ਕੌਰਵਾਂ ਨੇ ਵੱਧ ਤੋਂ ਵੱਧ ਫੌਜ ਮੰਗੀ ਤੇ ਪਾਂਡਵਾਂ ਵਿਚੋਂ ਅਰਜਨ ਨੇ ਕੇਵਲ ਕ੍ਰਿਸ਼ਨ ਜੀ ਨੂੰ ਹੀ ਬੇਨਤੀ ਕੀਤੀ ਤੇ ਉਹ ਹੀ ਉਸ ਦੇ ਰਥਵਾਨ ਬਣਨ, ਉਹ ਜਾਣਦਾ ਸੀ, ਕ੍ਰਿਸ਼ਨ ਜੀ ਜਦੋਂ ਉਸ ਦੇ ਰਥਵਾਨ ਹੋਣਗੇ ਜਿੱਤ ਉਸ ਦੀ ਹੀ ਹੋਵੇਗੀ। ਅਰਜਨ ਆਪਣੀ ਲੜਾਈ ਆਪ ਹੀ ਲੜੇ, ਇਹ ਹੀ ਕ੍ਰਿਸ਼ਨ ਜੀ ਨੇ ਉਸ ਨੂੰ ਪ੍ਰਵਚਨ ਕੀਤੇ, ਪਰ ਇਕ ਗੱਲ ਰਹੀ ਕਿ ਕ੍ਰਿਸ਼ਨ ਜੀ ਉਸ ਦੇ ਰਥਵਾਨ ਬਣੇ ਰਹੇ, ਇਸ ਸਾਰੀ ਘਟਨਾ ਨੂੰ ਮੈਂ ਆਪਣੇ ਉਤੇ ਘਟਾਂਦਾ ਹੋਇਆ ਮੈਂ ਸੋਚ ਰਿਹਾ ਸੀ, ਮੇਰੇ ਜੀਵਨ ਦੀ ਲੜਾਈ ਕੌਣ ਲੜੇ? ਮੈਂ ਸੋਚਿਆ ਮੈਨੂੰ ਤਾਂ ਕੇਵਲ ਰਥਵਾਨ ਦੀ ਹੀ ਲੋੜ ਹੈ ਮੈਂ ਚੰਗੀ ਤਰ੍ਹਾਂ ਜਾਣਦਾ ਸੀ ਮੇਰਾ ਕ੍ਰਿਸ਼ਨ ਕੌਣ ਹੈ?

ਕਿੰਨੀ ਦੇਰ ਤੋਂ ਬਾਅਦ ਦੰਪਤੀ ਜੀਵਨ ਬਤੀਤ ਕਰਕੇ, ਅੰਤ ਵਿਚ ਮੈਂ ਸੋਚ ਰਿਹਾ ਸੀ ਕਿ ਮੈਨੂੰ ਸੰਨਿਆਸ ਲੈਣਾ ਹੀ ਪੈਣਾ ਹੈ, ਮੇਰਾ ਮਾਰਗ ਉਹ ਹੀ ਹੈ। ਪਹਿਲੇ ਮੈਂ ਅਰਜਨ ਦੀ ਤਰ੍ਹਾਂ ਡਰ ਰਿਹਾ ਸੀ ਕਿ ਜਿਸਨੂੰ ਮੈਂ ਐਨਾ ਪਿਆਰ ਕੀਤਾ ਹੈ, ਕੀ ਮੈਂ ਹੁਣ ਉਸ ਨੂੰ ਛੱਡ ਕੇ ਦੁੱਖ ਦਿਆਂਗਾ। ਪਰ ਹੁਣ ਮੈਂ ਮਹਿਸੂਸ ਕਰ ਰਿਹਾ ਸੀ ਕਿ ਮੇਰੇ ਗੁਰੂ ਦਾ ਗਿਆਨ ਕੀ ਹੈ? ਮੇਰੇ ਮਨ ਦੇ ਅੰਦਰ ਇਕ ਟੀਸ ਸੀ, ਸੁਤੰਤਰਤਾ ਦੀ ਟੀਸ ਸੀ, ਜਿਸ ਕਾਰਣ ਮੈਂ ਈਸਾਈ ਮਤ, ਬੋਧ ਮਤ, ਹਿੰਦੂ ਮਤ ਦੇ ਮੱਠਾਂ ਵਿਚ ਰਿਹਾ ਉਥੇ ਦਾ ਜੀਵਨ ਨੇੜੇ ਹੋ ਕੇ ਦੇਖਿਆ ਪਰ ਮੈਨੂੰ ਅੰਤ ਵਿਚ ਇਹ ਹੀ ਪਤਾ ਲੱਗਾ ਕਿ ਮੇਰਾ ਮਾਰਗ ਵਖਰਾ ਹੈ।

ਅਸੀਂ ਕਚਹਿਰੀ ਰਾਹੀਂ ਦੋਨਾਂ ਨੇ ਤਲਾਕ ਲੈ ਲਿਆ ਤੇ ਉਸ ਸ਼ਾਮ ਨੂੰ ਕੁਝ ਦੋਸਤਾਂ ਨਾਲ ਇਕ ਗਿਰਜੇ ਵਿਚ ਇਕੱਠੇ ਹੋਏ। ਉਥੇ ਮੈਂ ਸਾਰਾ ਕੁਝ ਛੱਡਣ ਦੀ ਰਸਮ ਅਦਾ ਕੀਤੀ, ਸਾਰਿਆਂ ਨਾਲ ਨਫਰਤ, ਜੋ ਜੋ ਮੈਂ ਅਣਭੋਲਪਣੇ ਵਿਚ ਕੀਤਾ, ਘਬਰਾਹਟ ਵਿਚ ਕੀਤਾ, ਡਰ ਵਿਚ ਕੀਤਾ ਸਭ ਦੀ ਮਾਫੀ ਮੰਗੀ ਤੇ ਛੱਡਿਆ। ਮੈਂ ਜੇ ਕਿਸੇ ਨੂੰ ਦੁਖ ਪਹੁੰਚਾਇਆ ਉਸ ਦੀ ਮਾਫੀ ਮੰਗੀ, ਮੈਂ ਦੰਪਤੀ ਜੀਵਨ ਛੱਡਿਆ ਤੇ ਬ੍ਰਹਮਚਾਰੀ ਰਹਿਣ ਦੀ ਕਸਮ ਖਾਧੀ, ਥਰੀਸਾ ਨੂੰ ਆਪਣੀ ਭੈਣ ਬਣਾਇਆ, ਇਕ ਕਸਮ ਖਾਧੀ ਕਿ ਮੈਂ ਇਕ ਉਤਮ ਇਨਸਾਨ ਤੇ ਗਿਆਨੀ ਬਣ ਕੇ ਰਹਾਂਗਾ। ਸਭ ਨਾਲ ਪਿਆਰ ਕਰਾਂਗਾ, ਮੋਹ ਕਿਸੇ ਨਾਲ ਨਹੀਂ ਰਖਾਂਗਾ, ਸਤਿ ਦੀ ਖੋਜ ਕਰਾਂਗਾ ਤੇ ਸਤਿ ਨੂੰ ਸਭ ਨਾਲ ਸਾਂਝਾ ਕਰਾਂਗਾ ਜੋ ਵੀ ਇਸ ਦਾ ਪਾਤਰ ਬਣਨਾ ਚਾਹੁੰਦੇ ਹੋਣ। ਸਵਾਮੀ ਜੀ ਨੇ ਸਾਨੂੰ ਵਧਾਈ ਭੇਜੀ ਜਿਸ ਉਤੇ ਲਿਖਿਆ ਸੀ, Theresa the pure and justin the Wanderer

ਅਸੀਂ ਸਵਾਮੀ ਜੀ ਦਾ ਕੰਮ ਚਲਦਾ ਰੱਖਿਆ, ਸਾਰਾ

ਕੰਮ ਅਸੀਂ ਮਿਨੇਸੋਟਾ ਤੋਂ ਕਰਦੇ ਸੀ, ਚਾਰਲਸ ਮੈਂ ਤੇ ਥਰੀਸਾ ਇਕੋ ਘਰ ਵਿਚ ਰਹਿੰਦੇ ਸੀ। ਅਸੀਂ ਯੋਗਾ ਸੈਂਟਰ ਨੂੰ ਵਧਾਇਆ ਜਿਹੜਾ ਸਵਾਮੀ ਜੀ ਨੇ 1972 ਵਿਚ ਸ਼ੁਰੂ ਕੀਤਾ ਸੀ। ਅਸੀਂ ਹੁਣ ਉਸ ਦਾ ਨਾਮ Alpha Institute of learning and Research ਰੱਖ ਦਿਤਾ ਸੀ।

ਸਾਡਾ ਕੰਮ ਰੋਜ਼ ਤੋਂ ਰੋਜ਼ ਵਧਦਾ ਹੀ ਗਿਆ, ਮੈਂ ਮੁੜ ਕੇ ਵਿਸ਼ਵ ਵਿਦਿਆਲਿਆ ਵਿਚ ਪੜ੍ਹਾਉਣ ਲਗ ਪਿਆ ਤੇ ਨਾਲ ਨਾਲ ਮੈਂ ਚਿਕਿਤਸਾ ਦਾ ਕੰਮ ਵੀ ਕਰਦਾ ਰਿਹਾ। ਤਿੰਨ ਸਾਲ ਤਕ ਮੈਂ ਕਾਨਫਰੰਸ ਕਰਦਾ ਰਿਹਾ, ਜਿਸ ਵਿਚ ਪੁਰਾਤਨ ਚਿਕਿਤਸਾ ਦੇ ਤਰੀਕੇ ਦੱਸੇ ਜਾਂਦੇ ਰਹੇ। ਮੇਰੀ ਸਰੀਰ, ਮਨ ਦੀ ਖੋਜ ਨੇ ਮੈਨੂੰ ਤੰਤਰਾ ਯੋਗਾ ਨਾਲ ਜੋੜ ਦਿਤਾ ਮੈਂ hypnotherapy ਪੜ੍ਹੀ, Neurolinguistic ਪੜ੍ਹੀ ਦੋਨਾਂ ਵਿਚ ਮੈਂ ਸਰਟੀਫਿਕੇਟ ਲਏ, ਇਹ ਦੋਨੋਂ ਸਰਟੀਫਿਕੇਟ ਚਾਰਲਸ ਕੋਲ ਵੀ ਸੀ। ਇਕ ਦਿਨ ਬਰਫੀਲੀ ਸਵੇਰ ਨੂੰ ਪਤਝੜ ਦੇ ਦਿਨਾਂ ਵਿਚ ਬਾਹਰ ਖੁਲ੍ਹੀ ਥਾਂ ਤੇ ਅੱਗ ਨੂੰ ਸਾਕਸ਼ੀ ਰੱਖ ਕੇ ਮੈਨੂੰ ਹਿਮਾਲੀਆ ਦੀ ਪਰੰਪਰਾ ਵਿਚ ਪੰਡਤ ਬਣਾਇਆ ਗਿਆ, ਜਿਹੜਾ ਨਾਮ ਮੈਨੂੰ ਸਵਾਮੀ ਜੀ ਨੇ ਦਿਤਾ ਸੀ ਉਹ ਹੀ ਨਾਲ ਭਾਵ ਪੰਡਤ ਜੈ ਦੇਵ ਨਾਮ ਨਾਲ ਮੇਰੀ ਪੰਡਤ ਬਣਨ ਦੀ ਮਰਿਆਦਾ ਕੀਤੀ ਗਈ, ਇਹ ਰਸਮ ਪੰਡਤ ਰਾਜਮੁਨੀ ਜੀ ਨੇ ਕੀਤੀ, ਮੈਨੂੰ ਆਪਣੇ ਉਹ ਦਿਨ ਯਾਦ ਆ ਗਏ ਜਦੋਂ ਅਸੀਂ ਗੋਮੁਖ ਵਿਚ ਸੀ।

ਥਰੀਸਾ ਛਪਾਈ ਦੇ ਕੰਮ ਤੇ ਲੱਗੀ ਰਹੀ ਜਿਵੇਂ ਉਸ ਨੂੰ ਸਵਾਮੀ ਜੀ ਨੇ ਕਿਹਾ। ਉਹ ਸਮੇਂ-ਸਮੇਂ ਸਵਾਮੀ ਜੀ ਤੋਂ ਸੇਧ ਲੈਂਦੀ ਰਹਿੰਦੀ। ਉਸ ਦੀ ਛਪਾਈ ਦੇ ਉਸ ਨੂੰ ਸਤ ਰਾਸ਼ਟਰੀ ਪੁਰਸਕਾਰ ਮਿਲੇ, ਹਰ ਸਾਲ ਉਹ ਨਵੀਂ ਪੁਸਤਕ ਲਿਆ ਕੇ ਸਵਾਮੀ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ, ਸਵਾਮੀ ਜੀ ਦੇ ਕਹਿਣ ਤੇ ਉਸ ਨੇ ਯੋਗਾ ਦੀਆਂ ਕਲਾਸਾਂ ਲੈਣੀਆਂ ਸ਼ੁਰੂ ਕਰ ਦਿਤੀਆਂ ਤੇ ਥਾਂ-ਥਾਂ ਤੇ ਕੈਂਪ ਲਾਉਣ ਲਗ ਪਈ।

ਚਾਰਲਸ ਨੇ ਆਪਣਾ ਕੰਮ ਯੋਗ ਚਿਕਿਤਸਾ ਤੋਂ ਸ਼ੁਰੂ ਕਰਕੇ ਉਸਨੂੰ ਵਧਾਇਆ, ਨਾਲ ਹੀ ਯੋਗਾ ਫਿਲੋਸਫੀ ਵੀ ਸ਼ੁਰੂ ਕੀਤੀ। ਮਨੋਵਿਗਿਆਨ ਸ਼ੁਰੂ ਕੀਤਾ ਇਸ ਨਾਲ ਉਸ ਨੂੰ ਵੱਡੀਆਂ-ਵੱਡੀਆਂ ਸੰਸਥਾਵਾਂ ਤੋਂ ਮਾਨਤਾ ਮਿਲੀ ਤੇ ਉਹ ਬਹੁਤ ਹੀ ਉੱਘਾ ਸਲਾਹਕਾਰ ਬਣ ਗਿਆ, ਉਹ ਸਵਾਮੀ ਜੀ ਦੀ ਸਿਖਿਆ ਤੇ ਕੰਮ ਕਰਦਾ ਸੀ।

ਉਨ੍ਹਾਂ ਦਿਨਾਂ ਵਿਚ ਸਵਾਮੀ ਜੀ ਆਪਣਾ ਬਹੁਤ ਸਮਾਂ ਪੁਸਤਕਾਂ ਲਿਖਣ ਵਿਚ ਹੀ ਲਗਾਉਂਦੇ ਸੀ, ਸਵਾਮੀ ਜੀ ਨੇ ਆਪਣੀਆਂ ਪੱਚੀ ਡੈਰੀਆਂ ਵਿਚ ਪੁਸਤਕਾਂ ਲਿਖੀਆਂ, ਉਨ੍ਹਾਂ ਨੇ ਕਵਿਤਾ ਲਿਖੀ, ਭਾਰਤੀ ਸੰਗੀਤ ਤੇ ਪੁਸਤਕ ਲਿਖੀ, ਆਤਮ ਮਾਰਗ ਤੇ ਲਿਖੀ, ਜਪੁਜੀ ਸਾਹਿਬ, ਸੁਖਮਨੀ ਸਾਹਿਬ ਦਾ ਉਲਥਾ ਕੀਤਾ, ਬਹੁਤ ਵੱਡੀ ਵਿਰਾਸਤ ਸਵਾਮੀ ਜੀ ਆਪਣੇ ਭਗਤਾਂ ਲਈ ਛੱਡ ਗਏ, ਬਾਕੀ ਜਿਹੜਾ ਸਮਾਂ ਬਚਦਾ ਸਵਾਮੀ ਜੀ ਦੇਹਰਾਦੂਨ ਬਣਾਉਣ ਵਾਲੇ ਹਸਪਤਾਲ ਦੀ ਪਲੈਨਿੰਗ ਤੇ ਲਗਾਉਂਦੇ।

ਹੁਣ ਸਵਾਮੀ ਜੀ ਅਮਰੀਕਾ ਬਹੁਤ ਥੋੜ੍ਹੀ ਦੇਰ ਲਈ ਆਉਂਦੇ ਤੇ ਬਹੁਤ ਹੀ ਘੱਟ ਆਉਂਦੇ। ਜਦੋਂ ਵੀ ਸਵਾਮੀ ਜੀ ਆਉਂਦੇ ਅਸੀਂ ਉਨ੍ਹਾਂ ਨਾਲ ਸਮਾਂ ਬਿਤਾਉਂਦੇ ਜਿਥੇ ਵੀ ਉਹ ਹੁੰਦੇ ਟੂਇੰਨ ਸਿਟੀ ਹੋਏ, ਸ਼ਿਕਾਗੋ ਹੋਏ, ਚਾਹੇ ਹੌਨਸਡੇਲ ਹੋਏ ਜਿਥੇ ਵੀ ਸਵਾਮੀ ਜੀ ਹੋਣ ਅਸੀਂ ਚਲੇ ਜਾਂਦੇ, ਜਦੋਂ ਵੀ ਅਸੀਂ ਜਾਂਦੇ ਸਵਾਮੀ ਜੀ ਸਾਨੂੰ ਦਸਦੇ ਅੱਗੋਂ ਕੀ ਕਰਨਾ ਹੈ, ਕਿਵੇਂ ਕਰਨਾ ਹੈ, ਸਾਨੂੰ ਪ੍ਰੈਕਟੀਕਲ ਸੁਝਾਅ ਦਿੰਦੇ, ਸਾਡੇ ਕੋਲੋਂ ਆਪਣੇ ਕੰਮ ਤੇ ਸੁਝਾਅ ਪੁੱਛਦੇ ਸਾਨੂੰ ਬਹੁਤ ਪਿਆਰ ਕਰਦੇ, ਅਸ਼ੀਰਵਾਦ ਦਿੰਦੇ ਤੇ ਕਹਿੰਦੇ ਮੈਡੀਟੇਸ਼ਨ ਕਰਦੇ ਰਹੋ। ਮੈਡੀਟੇਸ਼ਨ ਕਰੋ ਤਾਂ ਜੋ ਤੁਹਾਡੀਆਂ ਇਛਾਵਾਂ ਖਤਮ ਹੋ ਜਾਣ ਤੇ ਤੁਸੀਂ ਅਧਿਕਾਰੀ ਬਣ ਜਾਓ। ਇਕ ਵਾਰੀ ਅਸੀਂ ਕੋਈ ਸ਼ਿਕਾਇਤ ਕੀਤੀ। ਸਵਾਮੀ ਜੀ ਨੇ ਅਨਸੁਣੀ ਕਰਕੇ ਕਿਹਾ ਸੰਸਾਰ ਕੰਮ ਕਰਨ ਲਈ ਹੈ, ਕੰਮ ਕਰੋ, ਅਨੰਦ ਮਾਣੋ ਪਰ ਕਿਸੇ ਪਾਸੋਂ ਕੋਈ ਕਿਸੇ ਕਿਸਮ ਦੀ ਆਸ ਨਾ ਰੱਖੋ। ਫੇਰ ਦੁਬਾਰਾ ਜਦੋਂ ਅਸੀਂ ਮਿਲਣ ਗਏ ਸਵਾਮੀ ਜੀ ਕਹਿਣ ਲੱਗੇ, ਇਸ ਤਰ੍ਹਾਂ ਆਪਣਾ ਜੀਵਨ ਬਿਤਾਓ, ਇਸ ਤਰ੍ਹਾਂ ਰਹੋ ਕਿ ਸੰਤ ਤੁਹਾਨੂੰ ਦੇਖਣ, ਸੰਤਾਂ ਦੀ ਨਿਗ੍ਹਾ ਤੁਹਾਡੇ ਤੇ ਪੈਂਦੀ ਰਹੇ।

1993 ਵਿਚ ਸਵਾਮੀ ਜੀ ਅੰਤਮ ਵਾਰ ਅਮਰੀਕਾ ਆਏ, ਉਨ੍ਹਾਂ ਨੇ ਭਾਰਤ ਦੇ ਕੰਮ ਵਿਚੋਂ ਸਮਾਂ ਕੱਢਿਆ ਤੇ ਯੋਗਾ ਦੀ ਕਾਨਫਰੰਸ ਤੇ ਆਏ, ਨਾਲ ਹੀ ਉਹ ਦੇਹਰਾਦੂਨ ਬਣ ਰਹੇ ਹਸਪਤਾਲ ਲਈ ਪੈਸੇ ਵੀ ਇਕੱਠੇ ਕਰਨੇ ਚਾਹੁੰਦੇ ਸੀ। ਪਰ ਅਸੀਂ ਐਨਾ ਵਡਭਾਗੇ ਰਹੇ ਹਾਂ ਕਿ ਸਾਡੇ ਲਈ ਸਵਾਮੀ ਜੀ ਸਦਾ ਹੀ ਸਮਾਂ ਕੱਢ ਲੈਂਦੇ ਸੀ ਭਾਵੇਂ ਕਿੰਨਾ ਹੀ ਥੋੜ੍ਹਾ ਕਿਉਂ ਨਾ ਹੋਵੇ ਪਰ ਐਸ ਵਾਰੀ ਉਨ੍ਹਾਂ ਕੋਲ ਸਮਾਂ ਬਹੁਤ ਹੀ ਥੋੜ੍ਹਾ ਸੀ। ਸਵਾਮੀ ਕਹਿਣ ਲੱਗੇ, ਸਦਾ ਖੁਸ਼ ਰਹੋ ਤਾਂ ਜੋ ਤੁਹਾਡਾ ਮਨ ਐਧਰ ਉਧਰ ਨਾ ਭਟਕੇ, ਫੇਰ ਕਹਿਣ ਲੱਗੇ ਤੁਸੀਂ ਜੋ ਵੀ ਕਰ ਰਹੇ ਹੋ ਉਸ ਲਈ ਤੁਹਾਨੂੰ ਸੰਤਾਂ ਦਾ ਹੱਥ ਹੈ ਇਸ ਨੂੰ ਕਰਦੇ ਰਹੋ ਜੋ ਵੀ ਜਿਸ ਵੀ ਚੀਜ਼ ਦੀ ਤੁਹਾਨੂੰ ਲੋੜ ਹੋਏਗੀ ਤੁਹਾਨੂੰ ਮਿਲੇਗੀ।

ਸਵਾਮੀ ਜੀ ਨੇ ਆਪਣਾ ਸਾਰਾ ਕੁਝ ਹੌਨਸਡੇਲ ਦੀ

ਸੰਸਥਾ ਵਿਚੋਂ ਸਮੇਟ ਲਿਆ। ਪੰਡਤ ਰਾਜਮੁਨੀ ਨੂੰ ਉਸ ਦਾ ਅਧਿਆਤਮ ਮੁਖੀ ਬਣਾ ਦਿਤਾ। ਡਾ. ਆਰੀਆ ਨੇ ਵੀ ਆਪਣੇ ਜੀਵਨ ਦਾ ਸੁਪਨਾ ਪੂਰਾ ਕਰ ਲਿਆ, ਉਨ੍ਹਾਂ ਨੂੰ ਸੰਨਿਆਸ ਮਿਲ ਗਿਆ ਤੇ ਉਨ੍ਹਾਂ ਦਾ ਨਾਮ ਵੇਦ ਭਾਰਤੀ ਰੱਖਿਆ ਗਿਆ, ਉਨ੍ਹਾਂ ਨੂੰ ਰਿਸ਼ੀਕੇਸ਼ ਆਸ਼ਰਮ ਦੇ ਅਧਿਆਤਮਕ ਡਾਇਰੈਕਟਰ ਬਣਾ ਦਿਤਾ ਗਿਆ ਤੇ ਨਾਲ ਨਵੇਂ ਬਣੇ ਹਸਪਤਾਲ ਦਾ। ਇਸ ਤੋਂ ਬਾਅਦ ਸਵਾਮੀ ਜੀ ਹੌਨਸਡੇਲ ਦੀ ਸੰਸਥਾ ਤੋਂ ਸਦਾ ਲਈ ਚਲੇ ਗਏ ਉਹ ਮੁੜ ਕੇ ਨਹੀਂ ਆਏ। ਉਹ ਰੂਸ ਗਏ ਉਥੇ ਇਕ ਕਾਨਫਰੰਸ ਤੇ ਉਨ੍ਹਾਂ ਨੇ ਲੈਕਚਰ ਕੀਤਾ ਤੇ ਭਾਰਤ ਆ ਗਏ।

ਇਕ ਦਿਨ ਸਵੇਰੇ ਮੈਡੀਟੇਸ਼ਨ ਵਿਚ ਥਰੀਸਾ ਨੂੰ ਸਵਾਮੀ ਜੀ ਦਾ ਆਦੇਸ਼ ਹੋਇਆ ਕਿ ਅਸੀਂ ਛੇਤੀ ਤੋਂ ਛੇਤੀ ਭਾਰਤ ਆ ਜਾਈਏ। ਥਰੀਸਾ ਨੇ ਆਪਣਾ ਸਾਰਾ ਕੰਮ ਕਾਜ ਛੱਡਿਆ ਤੇ ਪੰਡਤ ਰਾਜਮੁਨੀ ਦੇ ਜਥੇ ਨਾਲ ਜਾਣ ਦੀ ਤਿਆਰੀ ਕਰ ਲਈ। ਮੇਰੇ ਤੇ ਚਾਰਲਸ ਦੇ ਕੰਮ ਸੀ ਅਸੀਂ ਅਜੇ ਪੰਜ ਹਫਤੇ ਤੋਂ ਪਹਿਲਾਂ ਨਹੀਂ ਸੀ ਆ ਸਕਦੇ, ਜਥੇ ਨਾਲ ਪਹਿਲਾ ਥਰੀਸਾ ਨੇ ਕਈ ਥਾਵਾਂ ਦੀ ਸੈਰ ਕੀਤੀ। ਸ਼ਿਮਲਾ ਧਰਮਸਾਲਾ ਬਨਾਰਸ ਦੇ ਆਸ ਪਾਸ ਦੇ ਮੰਦਰ ਸਭ ਕੁਝ ਕਰਕੇ ਉਹ ਆਸ਼ਰਮ ਪਹੁੰਚੀ। ਜਦੋਂ ਉਹ ਰਿਸ਼ੀਕੇਸ਼ ਪਹੁੰਚੇ ਸ਼ਾਮ ਦਾ ਸਮਾਂ ਸੀ। ਪਹੁੰਚਦਿਆਂ ਹੀ ਥਰੀਸਾ ਨੂੰ ਸਵਾਮੀ ਜੀ ਦਾ ਸੁਨੇਹਾ ਮਿਲਿਆ ਕਿ ਉਹ ਸਵਾਮੀ ਜੀ ਨੂੰ ਮਿਲੇ।

ਵੜਦਿਆਂ ਹੀ ਸਵਾਮੀ ਜੀ ਕਹਿਣ ਲੱਗੇ, ਉਹ ਮੇਰੇ ਦੋ ਜਮੂਰੇ ਕਿੱਥੇ ਹਨ? ਏਨਾ ਕਹਿ ਕੇ ਸਵਾਮੀ ਜੀ ਖਿੜ ਖਿੜਾ ਕੇ ਹੱਸ ਪਏ, ਸਵਾਮੀ ਆਪਣੇ ਛੋਟੀ ਜਿਹੀ ਥਾਂ ਤੇ ਬਣ ਰਹੇ ਹਸਪਤਾਲ ਵਿਚ ਬੈਠੇ ਸੀ ਤੇ ਫੇਰ ਕਹਿਣ ਲੱਗੇ ਮੈਂ ਤੁਹਾਨੂੰ ਸਾਰਿਆਂ ਨੂੰ ਬਹੁਤ ਹੀ ਯਾਦ ਕਰਦਾ ਹਾਂ। ਸੋ ਥਰੀਸਾ ਨੇ ਆਪਣਾ ਪਲਾਇਨ ਪੂਰਾ ਕੀਤਾ ਤੇ ਫੇਰ ਸਾਨੂੰ ਲੈਣ ਦਿੱਲੀ ਦੇ ਹਵਾਈ ਅੱਡੇ ਤੇ 1 ਨਵੰਬਰ ਨੂੰ ਪਹੁੰਚ ਗਈ। ਥੋੜ੍ਹਾ ਜਿਹਾ ਆਰਾਮ ਕਰਕੇ ਅਸੀਂ ਰਿਸ਼ੀਕੇਸ਼ ਲਈ ਚੱਲ ਪਏ।

ਅਸੀਂ ਰਾਮ ਨਗਰ ਦੇ ਆਸ਼ਰਮ ਪਹੁੰਚੇ, ਬਹੁਤ ਹੀ ਚੰਗਾ ਲਗ ਰਿਹਾ ਸੀ। ਚੌਕੀਦਾਰ ਨੇ ਗੇਟ ਖੋਲ੍ਹਿਆ, ਪ੍ਰੇਮ ਜੀ ਨੇ ਬੜੇ ਪਿਆਰ ਨਾਲ ਸਾਨੂੰ ਜੀ ਆਇਆਂ ਕਿਹਾ ਤੇ ਬੜੀ ਸੇਵਾ ਕੀਤੀ, ਆਓ ਭਗਤ ਕੀਤੀ, ਖਾਣ ਪੀਣ ਦਾ ਧਿਆਨ ਰੱਖਿਆ। ਸਾਨੂੰ ਇਹ ਹੀ ਲੱਗ ਰਿਹਾ ਸੀ। ਅਸੀਂ ਆਪਣੇ ਘਰ ਆਏ ਹਾਂ, ਆਸ਼ਰਮ ਵਿਚ ਬਹੁਤ ਹੀ ਥੋੜ੍ਹੇ ਜਿਹੇ ਲੋਕ ਸੀ, ਸਾਰਾ ਵਾਤਾਵਰਣ ਪੂਰਾ ਸ਼ਾਂਤੀ ਭਰਪੂਰ ਸੀ। ਸਾਰੇ ਕਿਤੇ ਫੁੱਲ ਲੱਗੇ ਪਏ ਸੀ। ਅਸੀਂ ਆਸ਼ਰਮ ਦੀ ਨਵੀਂ ਇਮਾਰਤ ਵਿਚ ਗਏ ਉਥੇ ਸਾਡੀ ਗੁਰੂ ਭੈਣ ਕਮਲ ਮਿਲੀ। ਉਸ ਦੇ ਆਸ ਪਾਸ ਪੰਜ ਕੁੱਤੇ ਸੁੱਤੇ ਪਏ ਸੀ ਜਿਹੜੇ ਦਿਨ ਨੂੰ ਸੌਂ ਕੇ ਰਾਤ ਨੂੰ ਪਹਿਰਾ ਦਿੰਦੇ ਹਨ। ਅਸੀਂ ਜੋ ਕੁਝ ਲਿਆ ਸੀ ਉਸ ਦੇ ਅੱਗੇ ਰੱਖਿਆ, ਚੌਕਲੇਟ, ਮੋਮਬੱਤੀਆਂ, ਮੱਖਣ, ਜੈਮ ਆਦਿ। ਵੇਦ ਭਾਰਤੀ ਜੀ ਨੇ ਸਾਨੂੰ ਚਾਹ ਤੇ ਬੁਲਾਇਆ। ਉਨ੍ਹਾਂ ਦਾ ਕੰਮ ਦੇਖਣ ਦਾ ਮੌਕਾ ਮਿਲਿਆ, ਉਹ ਇਕ ਪੁਰਾਤਨ ਮਸੌਦੇ ਨੂੰ ਵੀ ਠੀਕ ਕਰਕੇ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸੀ।

ਸ਼ਾਮ ਨੂੰ ਅਸੀਂ ਟੈਕਸੀ ਤੇ ਸੋਹਣੇ ਜੰਗਲ ਤੋਂ ਲੰਘਦੇ ਹੋਏ ਤੇ ਕੁਝ ਪਿੰਡਾਂ ਵਿਚੋਂ ਹੁੰਦੇ ਬਣਦੇ ਹਸਪਤਾਲ ਵਿਚ ਸਵਾਮੀ ਜੀ ਕੋਲ ਪਹੁੰਚੇ। ਸਵਾਮੀ ਜੀ ਛੋਟੇ ਜਿਹੇ ਘਰ ਵਿਚ ਰਹਿ ਰਹੇ ਸੀ। ਸਵਾਮੀ ਜੀ ਅਨਾਬੀ ਰੰਗ ਦੇ ਕਮੋਨੋ ਵਿਚ ਸਾਨੂੰ ਮਿਲੇ। ਸਾਨੂੰ ਉਨ੍ਹਾਂ ਨੇ ਘੁੱਟ ਕੇ ਜੱਫੀ ਪਾਈ ਤੇ ਕਹਿਣ ਲੱਗੇ, ਤੁਸੀਂ ਇਹ ਜਗ੍ਹਾ ਨਹੀਂ ਦੇਖੀ, ਆਓ ਮੈਂ ਤੁਹਾਨੂੰ ਸਾਰੀ ਜਗ੍ਹਾ ਦਿਖਾਵਾਂ, ਚਲੋ ਚੱਲੀਏ।

ਸਵਾਮੀ ਜੀ ਬਹੁਤ ਹੀ ਕਮਜ਼ੋਰ ਪੈ ਚੁੱਕੇ ਸੀ। ਉਨ੍ਹਾਂ ਦੇ ਬਾਲ ਸਾਰੇ ਚਿੱਟੇ ਹੋ ਚੁੱਕੇ ਸੀ ਉਨ੍ਹਾਂ ਦਾ ਸਰੀਰ ਬਹੁਤ ਹੀ ਛੇਤੀ ਢਲ ਗਿਆ ਸੀ ਮੈਂ ਨਹੀਂ ਸੀ ਸੋਚਿਆ ਕਿ ਐਨੀ ਛੇਤੀ ਸਵਾਮੀ ਜੀ ਢਲ ਜਾਣਗੇ। ਮੈਨੂੰ ਪਤਾ ਸੀ ਕਿ ਸਵਾਮੀ ਜੀ ਬਿਮਾਰ ਹਨ ਪਰ ਸਾਡੇ ਤੋਂ ਇਹ ਗੱਲ ਉਹ ਹਮੇਸ਼ਾ ਲੁਕੋ ਕੇ ਰਖਦੇ ਸੀ ਤਾਂ ਜੋ ਅਸੀਂ ਚਿੰਤਾ ਨਾ ਕਰੀਏ। ਸਵਾਮੀ ਜੀ ਸਾਨੂੰ ਮੈਡੀਕਲ ਕਾਲਜ ਦਿਖਾ ਰਹੇ ਸੀ, ਹਸਪਤਾਲ ਦਿਖਾ ਰਹੇ ਸੀ, ਸਟਾਫ ਦੇ ਰਹਿਣ ਦੇ ਘਰ ਦਿਖਾ ਰਹੇ ਸੀ। ਉਹ ਚਾਨਣੀ ਰਾਤ ਸੀ ਸਵਾਮੀ ਜੀ ਸਾਨੂੰ ਸਾਰੇ ਥਾਂ ਤੇ ਲੈ ਕੇ ਗਏ, ਉਨ੍ਹਾਂ ਨੇ ਆਪਣੀ ਬੈਟਰੀ ਵੀ ਨਾਲ ਰੱਖੀ ਹੋਈ ਸੀ।

ਸਵਾਮੀ ਜੀ ਸਾਰਾ ਪਾਣੀ ਦਾ ਬੰਦੋਬਸਤ ਦੱਸ ਰਹੇ ਸੀ। ਸਾਡੇ ਤੋਂ ਹੁੰਗਾਰਾ ਲੈ ਰਹੇ ਸੀ ਕਿ ਸਭ ਕੁਝ ਕਿੰਨੀ ਛੇਤੀ ਹੋ ਗਿਆ ਸੀ। ਜਿਥੋਂ ਤਕ ਮੈਨੂੰ ਯਾਦ ਹੈ ਸਵਾਮੀ ਜੀ ਬਹੁਤ ਹੀ ਤੇਜ਼ ਤੁਰਿਆ ਕਰਦੇ ਸੀ ਪਰ ਹੁਣ ਉਹ ਬਹੁਤ ਹੀ ਹੌਲੀ ਹੌਲੀ ਚੱਲ ਰਹੇ ਸੀ ਪਰ ਉਹ ਇਸ ਸਮੇਂ ਪੂਰੀ ਤਰ੍ਹਾਂ ਨਾਲ ਸ਼ਕਤੀ ਭਰਪੂਰ ਸੀ ਬਿਲਕੁਲ ਇਕ ਬੱਚੇ ਦੀ ਤਰ੍ਹਾਂ ਜਿਹੜਾ ਆਪਣੇ ਨਵੇਂ ਖਿਡੌਣੇ ਦਿਖਾ ਰਿਹਾ ਹੋਵੇ ਤੇ ਉਨ੍ਹਾਂ ਦੀ ਤਾਰੀਫ ਸੁਣ ਰਿਹਾ ਹੋਵੇ। ਜਦੋਂ ਅਸੀਂ ਬਿਲਡਿੰਗ ਵਿਚ ਵੜ ਰਹੇ ਸੀ ਮੈਨੂੰ ਹੋਰ ਹੀ ਤਰ੍ਹਾਂ ਦੀ

ਸ਼ਕਤੀ ਮਹਿਸੂਸ ਹੋਈ, ਮੇਰੇ ਕੋਲੋਂ ਰੋਕਿਆ ਨਾ ਗਿਆ ਮੈਂ ਸਵਾਮੀ ਜੀ ਨਾਲ ਗੱਲ ਕੀਤੀ। ਸਵਾਮੀ ਜੀ ਖੁਸ਼ ਹੋ ਕੇ ਕਹਿਣ ਲੱਗੇ ਹਾਂ ਤੂੰ ਠੀਕ ਕਹਿ ਰਿਹਾ ਹੈਂ, ਓਥੇ ਕੁਝ ਖਾਸ ਚੀਜ਼ ਹੈ।

ਬੱਸ ਏਨਾ ਹੀ ਕਹਿ ਕੇ ਸਵਾਮੀ ਜੀ ਚੁੱਪ ਹੋ ਗਏ ਅੱਗੇ ਕੁਝ ਨਹੀਂ ਕਿਹਾ, ਇਸ ਤੋਂ ਭਾਵ ਸੀ ਕਿ ਸਵਾਮੀ ਜੀ ਬਾਅਦ ਵਿਚ ਹੀ ਸਾਨੂੰ ਦੱਸਣਗੇ ਮੈਂ ਸਭ ਕੁਝ ਦੇਖ ਕੇ ਬਹੁਤ ਹੀ ਖੁਸ਼ ਹੋ ਰਿਹਾ ਸੀ। ਸੋ ਮੈਂ ਸੋਚਿਆ ਮੈਂ ਬਾਅਦ ਵਿਚ ਹੀ ਪੁਛਾਂਗਾ, ਜਦੋਂ ਸਵਾਮੀ ਜੀ ਨੇ ਸਭ ਕੁਝ ਸਾਨੂੰ ਦਿਖਾ ਲਿਆ, ਅਸੀਂ ਮੁੜ ਰਹੇ ਸੀ ਤੇ ਕਮਰੇ ਵਿਚ ਵੜਨ ਹੀ ਲੱਗੇ ਸੀ, ਲੋਕੀ ਆ ਗਏ, ਬਰਸਰ ਆ ਗਿਆ, ਇਮਾਰਤ ਬਨਾਉਣ ਵਾਲਾ ਆ ਗਿਆ, ਸਾਡੀ ਭੇਟਾ ਸਵਾਮੀ ਜੀ ਨੇ ਉਸ ਨੂੰ ਫੜਾ ਦਿਤੀ ਤੇ ਉਹ ਰਜਿਸਟਰ ਵਿਚ ਚੜ੍ਹ ਗਈ। ਸਵਾਮੀ ਜੀ ਹੱਸ ਕੇ ਕਹਿਣ ਲੱਗੇ, ਪੈਸਾ ਆਇਆ ਤੇ ਗਿਆ, ਆਇਆ ਤੇ ਗਿਆ, ਮੁੱਠੀ ਖੋਲ੍ਹੀ ਤੇ ਬੰਦ ਕੀਤੀ, ਖੋਲ੍ਹੀ ਤੇ ਬੰਦ ਕੀਤੀ। ਥੋੜ੍ਹੀ ਦੇਰ ਬਾਅਦ ਅਸੀਂ ਦੇਖਿਆ ਸਵਾਮੀ ਜੀ ਦੀ ਮੈਡੀਟੇਸ਼ਨ ਦਾ ਸਮਾਂ ਹੋ ਚੁੱਕਾ ਸੀ ਅਸੀਂ ਆਗਿਆ ਲੈਣ ਲਈ ਖੜ੍ਹੇ ਹੋ ਗਏ, ਜਦੋਂ ਅਸੀਂ ਸਵਾਮੀ ਜੀ ਨੂੰ ਮੱਥਾ ਟੇਕ ਰਹੇ ਸੀ, ਸਵਾਮੀ ਜੀ ਨੇ ਹੁਕਮ ਕੀਤਾ ਕਿ ਅਸੀਂ ਦੂਸਰੇ ਦਿਨ ਦੁਪਹਿਰ ਦੇ ਖਾਣੇ ਲਈ ਪਹੁੰਚ ਜਾਈਏ, ਅਸੀਂ ਬਾਹਰ ਆਏ ਟੈਕਸੀ ਵਿਚ ਬੈਠ ਗਏ ਪਰ ਸਾਨੂੰ ਸਵਾਮੀ ਜੀ ਵਿਚ ਕੁਛ ਮਹਿਸੂਸ ਹੋ ਰਿਹਾ ਸੀ ਪਰ ਉਹ ਸਾਨੂੰ ਦੱਸ ਨਹੀਂ ਸੀ ਰਹੇ।

ਦੂਸਰੇ ਦਿਨ ਸਵੇਰੇ ਜਦੋਂ ਮੈਂ ਉਠਿਆ, ਮੈਂ ਦੇਖਿਆ ਆਸ਼ਰਮ ਦੇ ਆਸ ਪਾਸ ਰੌਲਾ ਕਿੰਨਾ ਹੋ ਚੁੱਕਾ ਸੀ। ਚਾਰ ਦੀਵਾਰੀ ਤੋਂ ਬਿਨਾਂ ਤਾਂ ਕੋਈ ਸ਼ਾਂਤੀ ਨਹੀਂ ਸੀ ਹੋ ਸਕਦੀ। ਆਸ਼ਰਮ ਦੇ ਕਮਰੇ ਬੜੇ ਸੋਹਣੇ ਬਣ ਗਏ ਸੀ, ਦੋ ਮੰਜ਼ਲਾਂ ਬਣ ਗਈਆਂ ਤੇ ਕੁਝ ਕਮਰੇ ਜਾ ਕੇ ਬਿਲਕੁਲ ਗੰਗਾ ਦੇ ਕੰਢੇ ਤੇ ਮਿਲ ਜਾਂਦੇ ਸੀ। ਸਕੂਲਾਂ ਦੇ ਬੱਚੇ, ਗਊਆਂ, ਭੇਡਾਂ, ਬੱਕਰੀਆਂ, ਯਾਤਰੂ ਸਾਰੇ ਹੀ ਉਥੋਂ ਲੰਘਦੇ ਹਨ ਤੇ ਆਸ਼ਰਮ ਨੂੰ ਦੇਖਦੇ ਹਨ। ਕੋਈ ਮੱਥਾ ਟੇਕਦੇ ਕੋਈ ਹੱਥ ਹਿਲਾਉਂਦੇ, ਕੋਈ ਦੇਖ ਕੇ ਹੀ ਲੰਘ ਜਾਂਦੇ, ਬਹੁਤ ਸਾਰੇ ਸਾਧੂ ਤਾਂ ਉਤਰ ਵਾਲੇ ਪਾਸੇ ਚਲੇ ਗਏ ਸੀ, ਜਿਥੇ ਵਧੇਰੇ ਸ਼ਾਂਤੀ ਸੀ।

**ਚਲਦਾ.............**


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................................................

ਪਤਾ/Address ..........................................................................

..........................................................................

..........................................................................

................................Pin Code......................................

Phone........................ E-mail :....................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ.........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Via. Chd., Distt. S.A.S. Nagar (Mohali)

Pin - 140901 Phone : 0160-2255002,0160-2255009, Email : atammarg1@yahoo.co.in, www.ratwarasahib.org

ਦਸਖਤ...............................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 2, 9, 16, 23, 30 ਜੁਲਾਈ।

**ਸੰਗਰਾਂਦ** – 16 ਜੁਲਾਈ, ਦਿਨ ਐਤਵਾਰ।

**ਪੂਰਨਮਾਸ਼ੀ** – 11 ਜੁਲਾਈ, ਦਿਨ ਮੰਗਲਵਾਰ ।
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 29 ਜੁਲਾਈ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib, P.O. Mullanpur Garibdass, Teh. Kharar, Via : Chandigarh., Distt. S.A.S. Nagar (Mohali) (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/– |
| 2. | ਕਿਵ ਕੂੜੈ ਤੁਟੈ ਪਾਲਿ | 40/– | 35/– |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/– | 235/– |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/– | 35/– |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/– | 65/– |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/– | 100/– |
| 7. | ਹੋਵੈ ਅਨੰਦੁ ਘਣਾ | 25/– | 30/– |
| 8. | ਚਉਥੈ ਪਹਰਿ ਸਬਾਹ ਕੈ | 55/– | 60/– |
| 9. | ਸੁਰਤਿਆਂ ਉਪਜੈ ਚਾਉ | 40/– | 40/– |
| 10. | ਬਾਬਾਣੀਆਂ ਕਹਾਣੀਆਂ | 50/– | 50/– |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 12. | ਅੰਮ੍ਰਿਤ ਫੁਹਾਰ | 10/– | 10/– |
| 13. | ਅਗੰਮ ਅਗੋਚਰ ਦਾ ਮਾਰਗ | 60/– | 70/– |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/– | 15/– |
| 15. | ਅਮਰ ਜੋਤਾਂ | 15/– | 15/– |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/– | 5/– |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/– | |
| 18. | ਅਮਰ ਗਾਥਾ | 100/– | 100/– |
| 19. | ਧਰਮ ਯੁਧ ਕੇ ਚਾਇ | 50/– | |
| 20. | ਪਵਿਤਰ ਪੈਂਡਾ | 25/– | |
| 21. | ਭਗਤ ਪ੍ਰਹਿਲਾਦ | 10/– | 10/– |
| 22. | ਵੈਸਾਖੀ | 10/– | |
| 23. | ਰਾਜ ਯੋਗ | 40/– | |
| 24. | ਸਾਜਨ ਚਲੇ ਪਿਆਰਿਆ | 10/– | 10/– |
| 25. | ਅਬਿਨਾਸੀ ਜੋਤ ਭਾਗ-1 | 90/– | |
| 26. | ਅਬਿਨਾਸੀ ਜੋਤ ਭਾਗ-2 | 90/– | |
| 27. | ਰੂਹਾਨੀ ਗੁਲਦਸਤਾ –1 | 60/– | |
| 28. | ਰੂਹਾਨੀ ਗੁਲਦਸਤਾ – 2 | 60/– | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/– | |
| 31. | ਗੁਰੂ ਅਮਰਦਾਸ ਪਰਸੀਐ | 50/– | |
| 32. | ਭਗਵਤ ਗੀਤਾ.............। | 100/– | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI 61816/95

Postal Regd. No. CHD/0081/2006
PP/CHD-3/0003

# International Divine Institute of Business Management & Information Technology



**(Affiliated to Punjab Technical University Jalandhar)**

Founded By Sant Waryam Singh ji
Ratwara Sahib

## Courses Offered

* 3 Years regular BCA degree.
* 2 years Master degree in M.Sc. (IT)
* 2 Years Master degree in M.Sc. (S)

**24 Hours Enquiry 9417214382**

## Salient Features

Infrastructure : College situated in vast area of Serene land, multistoried builiding.

Faculty : Industrially experienced, well qualified and dedicated faculty. Seminars delivered by industry renowned personalities on latest topics/developments

Facilities : Highly sophisticated fully air-conditioned computer lab, projector room, well equipped Library and Class Rooms, 24 Hours reading facility.

* Scholarship: Scholarship will be provided to meritorious students/students with outstanding performance at College/University level.

Placement : Separate Placement Cell.

**Loan Facility Available**

Transportation : Bus facility for day Scholars.

Hostel : Separate hostel facility both for boys and girls with mess and canteen.

* Condition Applied.

**Admission latest by 31st of July 2006**

*for free consultancy visit personally at Collage between 10.00 AM to 3.00 PM*

Ratwara Sahib. P.o. Mullanpur Garibdas, District : SAS Nagar (Mohali), Punjab Ph./fax : 0160-2255005,6,7

email : info@atammargonline.org web site : www.atammargonline.org

**6 KMS FROM CHANDIGARH ON CHANDIGARH MULLANPUR ROAD**